
SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ
ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938

ਹਫਤਾਵਾਰੀ

# ਦੇਸ਼ ਦੁਆਬਾ

VOL - 8 ISSUE - 31
November 13, 2019

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ

## ਸੁਲਤਾਨਪੁਰ ਲੋਧੀ 'ਚ ਸਾਰੇ ਭਾਰਤ ਨੇ ਮਨਾਇਆ ਗੁਰੂ ਨਾਨਕ ਜੀ ਦਾ 550ਵਾਂ ਪ੍ਰਕਾਸ਼ ਪੁਰਬ








**ਸੁਲਤਾਨਪੁਰ ਲੋਧੀ (ਬਿਊਰੋ)–** ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੇ ਸਮਾਗਮ ਸੁਲਤਾਨਪੁਰ ਲੋਧੀ 'ਚ ਸ਼ਰਧਾ ਪੂਰਬਕ ਮਨਾਏ ਗਏ। ਇਸ ਮੌਕੇ ਲੱਖਾਂ ਦੀ ਗਿਣਤੀ 'ਚ ਸੰਗਤ ਨੇ ਗੁਰਦੁਆਰਾ ਬੇਰ ਸਾਹਿਬ 'ਚ ਹਾਜ਼ਰੀ ਭਰੀ। ਸੁਲਤਾਨਪੁਰ ਲੋਧੀ ਦੀਆਂ ਸੜਕਾਂ ਤੋਂ ਅੱਜ ਵੀ ਲੰਘਣਾ ਮੁਸ਼ਕਲ ਹੋਇਆ ਪਿਆ ਸੀ। ਖਾਸ ਕਰਕੇ ਗੁਰਦੁਆਰਾ ਬੇਰ ਸਾਹਿਬ ਦੇ ਆਲੇ ਦੁਆਲੇ ਦੀਆਂ ਸੜਕਾਂ 'ਤੇ ਤਾਂ ਪੈਰ ਪੁੱਟਣਾ ਵੀ ਮੁਸ਼ਕਲ ਸੀ। ਸ਼੍ਰੋਮਣੀ ਕਮੇਟੀ ਤੇ ਪੰਜਾਬ ਸਰਕਾਰ ਦੇ ਪੰਡਾਲਾਂ ਵਿਚ ਲੋਕਾਂ ਨੂੰ ਲਿਆਉਣ ਲਈ ਰਾਜਨੀਤਕ ਰੈਲੀਆਂ ਵਾਂਗ ਪ੍ਰਬੰਧ ਕੀਤੇ ਗਏ ਸਨ। ਸੂਬਾ ਸਰਕਾਰ ਨੇ ਪੰਡਾਲ ਵਿਚ ਜਿਥੇ ਸਰਕਾਰੀ ਮੁਲਾਜ਼ਮਾਂ ਤੇ ਮਨਰੇਗਾ ਵਰਕਰਾਂ ਨੂੰ ਹਾਜ਼ਰ ਹੋਣ ਦੀਆਂ ਹਦਾਇਤਾਂ ਕੀਤੀਆਂ ਸਨ, ਉਥੇ ਸ਼੍ਰੋਮਣੀ ਕਮੇਟੀ ਨੇ ਵੀ ਆਪਣੇ ਮੁਲਾਜ਼ਮਾਂ, ਸਕੂਲਾਂ ਕਾਲਜਾਂ ਦੇ ਸਟਾਫ ਅਤੇ ਵਿਦਿਆਰਥੀਆਂ ਨੂੰ ਸਮਾਗਮ ਵਿਚ ਹੋਣ ਰਹਿਣ ਲਈ ਸਖ਼ਤ ਹਦਾਇਤਾਂ ਕੀਤੀਆਂ ਹੋਈਆਂ ਸਨ।

ਦਿਲਚਸਪ ਗੱਲ ਇਹ ਸੀ ਕਿ ਇਨ੍ਹਾਂ ਪੰਡਾਲਾਂ ਦੇ ਨੇੜਿਓਂ ਦੀਆਂ ਲੰਘਦੀਆਂ ਸੜਕਾਂ 'ਤੇ ਤਾਂ ਭੀੜ ਏਨੀ ਜ਼ਿਆਦਾ ਸੀ ਕਿ ਉਥੋਂ ਲੰਘਣਾ ਮੁਸ਼ਕਿਲ ਹੋਇਆ ਪਿਆ ਸੀ ਪਰ ਲੋਕ ਪੰਡਾਲਾਂ ਅੰਦਰ ਜਾ ਕੇ ਰਾਜਸੀ ਆਗੂਆਂ ਦੇ ਭਾਸ਼ਣ ਸੁਣਨ ਵਿਚ

**(ਬਾਕੀ ਸਫਾ 5 'ਤੇ)**

## ਪਾਕਿਸਤਾਨ 'ਚ ਸ਼ਰਧਾ ਨਾਲ ਮਨਾਇਆ ਪ੍ਰਕਾਸ਼ ਪੁਰਬ

**ਨਨਕਾਣਾ ਸਾਹਿਬ (ਬਿਊਰੋ)–** ਪਾਕਿਸਤਾਨ ਦੇ ਸਿੱਖ ਭਾਈਚਾਰੇ ਨੇ ਗੁਰੂ ਨਾਨਕ ਦੇਵ ਦਾ 550ਵਾਂ ਪ੍ਰਕਾਸ਼ ਪੁਰਬ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ। ਇਸ ਸਬੰਧੀ ਮੁੱਖ ਸਮਾਗਮ ਪਾਕਿਸਤਾਨੀ ਪੰਜਾਬ ਦੇ ਨਨਕਾਣਾ ਸਾਹਿਬ ਸਥਿਤ ਗੁਰਦੁਆਰਾ ਜਨਮ ਅਸਥਾਨ ਵਿਖੇ ਕੀਤਾ ਗਿਆ। ਗ੍ਰਹਿ ਮੰਤਰੀ ਐਜਾਜ਼ ਸ਼ਾਹ ਸਮੇਂ ਵੱਡੀ ਗਿਣਤੀ 'ਚ ਸਿੱਖ ਸ਼ਰਧਾਲੂਆਂ ਨੇ ਇੱਥੇ ਮੱਥਾ ਟੇਕਿਆ। ਇਸ ਮੌਕੇ ਸੰਬੋਧਨ ਕਰਦਿਆਂ ਐਜਾਜ਼ ਸ਼ਾਹ ਨੇ ਕਿਹਾ ਕਿ ਭਾਰਤ ਤੇ ਪਾਕਿਸਤਾਨ ਵਿਚਾਲੇ ਖੋਲ੍ਹਿਆ ਗਿਆ 4.5 ਕਿਲੋਮੀਟਰ ਲੰਮਾ ਕਰਤਾਰਪੁਰ ਲਾਂਘਾ ਦੋਵਾਂ ਮੁਲਕਾਂ 'ਚ ਸਥਿਤ ਡੇਰਾ ਬਾਬਾ ਨਾਨਕ ਸਾਹਿਬ ਤੇ ਗੁਰਦੁਆਰਾ ਦਰਬਾਰ ਸਾਹਿਬ ਨੂੰ ਆਪਸ ਵਿੱਚ ਜੋੜੇਗਾ।



ਉਨ੍ਹਾਂ ਕਿਹਾ ਕਿ ਇਹ ਲਾਂਘਾ ਪ੍ਰਧਾਨ ਮੰਤਰੀ ਇਮਰਾਨ ਖਾਨ ਵੱਲੋਂ ਖੇਤਰ ਵਿੱਚ ਅਮਨ ਤੇ ਦੋਸਤੀ ਦੇ ਰਾਹ ਲਈ ਤੋਹਫ਼ਾ ਹੈ। ਗੁਰਦੁਆਰਾ ਦਰਬਾਰ ਸਾਹਿਬ ਉਹ ਥਾਂ ਹੈ ਜਿੱਥੇ ਗੁਰੂ ਨਾਨਕ ਦੇਵ ਨੇ ਆਪਣੀ ਜ਼ਿੰਦਗੀ ਦੇ ਆਖਰੀ 18 ਵਰ੍ਹੇ ਬਿਤਾਏ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਸਿੱਖ ਭਾਈਚਾਰੇ ਸਮੇਤ ਹੋਰਨਾਂ ਘੱਟ ਗਿਣਤੀਆਂ ਨਾਲ ਸਬੰਧਤ ਧਾਰਮਿਕ ਥਾਵਾਂ ਵੱਲ ਧਿਆਨ ਦੇਵੇਗੀ। ਇਸੇ ਦੌਰਾਨ ਲਹਿੰਦੇ ਪੰਜਾਬ ਦੇ ਮੁੱਖ ਮੰਤਰੀ ਉਸਮਾਨ ਬੁਜ਼ਦਾਰ ਨੇ ਕਿਹਾ ਕਿ ਕਰਤਾਰਪੁਰ ਲਾਂਘਾ ਖੁੱਲ੍ਹਣ ਨਾਲ ਸਿੱਖ ਭਾਈਚਾਰੇ ਵਿੱਚ ਖੁਸ਼ੀ ਦੀ ਲਹਿਰ ਹੈ। ਉਨ੍ਹਾਂ ਕਿਹਾ ਕਿ ਗੁਰੂ ਨਾਨਕ ਦੇਵ ਧਾਰਮਿਕ ਸਹਿਣਸ਼ੀਲਤਾ ਤੇ ਅੰਤਰ-ਧਰਮ ਏਕੇ ਦੀ ਸਭ ਤੋਂ ਵੱਡੀ ਮਿਸਾਲ ਹਨ।

## 550ਵੇਂ ਪ੍ਰਕਾਸ਼ ਪੁਰਬ ਮੌਕੇ ਸਿੱਖਾਂ ਦੀ ਚਿਰੋਕਣੀ ਅਰਦਾਸ ਹੋਈ ਪੂਰੀ

**ਡੇਰਾ ਬਾਬਾ ਨਾਨਕ (ਬਿਊਰੋ)–** ਆਜ਼ਾਦੀ ਦੇ ਕਰੀਬ 72 ਵਰ੍ਹਿਆਂ ਬਾਅਦ ਗੁਰਦੁਆਰਾ ਕਰਤਾਰਪੁਰ ਸਾਹਿਬ (ਪਾਕਿਸਤਾਨ) ਦੇ ਦਰਸ਼ਨ-ਦੀਦਾਰ ਦੀ ਸਿੱਖਾਂ ਦੀ ਮੰਗ ਪੂਰੀ ਹੋ ਗਈ ਹੈ। ਸੰਗਤ ਲਈ ਬਿਨਾ ਵੀਜ਼ਾ ਲਾਂਘੇ ਦੀ ਸ਼ੁਰੂਆਤ ਹੋ ਗਈ ਹੈ। ਭਾਰਤ ਵਾਲੇ ਪਾਸੇ ਇਸ ਲਾਂਘੇ ਦਾ ਉਦਘਾਟਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕੀਤਾ ਜਦੋਂਕਿ ਪਾਕਿਸਤਾਨ 'ਚ ਲਾਂਘੇ ਦਾ ਉਦਘਾਟਨ ਵਜ਼ੀਰੇ ਆਜ਼ਮ ਇਮਰਾਨ ਖਾਨ ਵੱਲੋਂ ਕੀਤਾ ਗਿਆ। ਲਾਂਘਾ ਖੁੱਲ੍ਹਣ ਮਗਰੋਂ ਸਿੱਖ ਸ਼ਰਧਾਲੂਆਂ ਦੇ ਪਹਿਲੇ ਵਫ਼ਦ ਨੇ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਖੁੱਲ੍ਹੇ ਦਰਸ਼ਨ ਦੀਦਾਰੇ ਕੀਤੇ। ਸਿੱਖ ਸ਼ਰਧਾਲੂਆਂ ਦਾ ਇਹ ਵਫ਼ਦ ਮੱਥਾ ਟੇਕਣ ਮਗਰੋਂ ਸ਼ਾਮ ਨੂੰ ਡੇਰਾ ਬਾਬਾ ਨਾਨਕ ਪਰਤ ਆਇਆ।



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਲਾਂਘੇ ਦੇ ਉਦਘਾਟਨ ਤੋਂ ਪਹਿਲਾਂ ਡੇਰਾ ਬਾਬਾ ਨਾਨਕ ਨੇੜੇ ਸ਼੍ਰੋਮਣੀ ਕਮੇਟੀ ਵੱਲੋਂ ਕਰਵਾਏ ਗਏ ਸਮਾਗਮ ਨੂੰ ਸੰਬੋਧਨ ਕਰਦਿਆਂ ਵਾਰ-ਵਾਰ ਗੁਰੂ ਨਾਨਕ ਦੇਵ ਦੇ ਫ਼ਲਸਫ਼ੇ ਅਤੇ ਸਿੱਖਿਆਵਾਂ ਦਾ ਵਰਨਣ ਕੀਤਾ।

ਉਨ੍ਹਾਂ ਆਪਣੇ ਪਾਕਿਸਤਾਨੀ ਹਮਰੁਤਬਾ ਇਮਰਾਨ ਖ਼ਾਨ ਦਾ ਗੁਰਦੁਆਰਾ ਕਰਤਾਰਪੁਰ ਲਾਂਘਾ ਖੋਲ੍ਹਣ ਲਈ ਧੰਨਵਾਦ ਕੀਤਾ। ਦੂਜੇ ਪਾਸੇ ਪਾਕਿਸਤਾਨੀ ਵਜ਼ੀਰੇ ਆਜ਼ਮ ਇਮਰਾਨ ਖ਼ਾਨ ਨੇ ਗੁਰਦੁਆਰਾ ਕਰਤਾਰਪੁਰ ਦੇ ਵਿਹੜੇ ਵਿਚ ਬਣਾਈ ਗਈ ਇਕ ਵੱਡੀ ਸ੍ਰੀ ਸਾਹਿਬ ਅਤੇ ਪੱਥਰ ਤੋਂ ਪਰਦਾ ਹਟਾ ਕੇ ਉਦਘਾਟਨ ਦੀ ਰਸਮ ਨੂੰ ਪੂਰਾ ਕੀਤਾ। ਆਪਣੇ ਸੰਬੋਧਨ 'ਚ ਉਨ੍ਹਾਂ ਆਖਿਆ ਕਿ ਕਰਤਾਰਪੁਰ ਲਾਂਘਾ ਸ਼ੁਰੂ ਹੋਣ ਨਾਲ ਸਿੱਖ ਆਪਣੇ 'ਮਦੀਨੇ' ਦੇ ਖੁੱਲ੍ਹੇ ਦਰਸ਼ਨ ਕਰ ਸਕਣਗੇ। ਉਨ੍ਹਾਂ ਕਿਹਾ ਕਿ ਇਥੇ ਹਾਜ਼ਰ ਸਿੱਖਾਂ ਦੇ ਚਿਹਰੇ ਤੋਂ ਝਲਕਦੀ ਖੁਸ਼ੀ ਨੂੰ ਵੇਖ ਕੇ ਉਨ੍ਹਾਂ ਦਾ ਮਨ ਵੀ ਵਧੇਰੇ ਖੁਸ਼ ਹੈ। ਵਜ਼ੀਰੇ ਆਜ਼ਮ ਨੇ ਆਖਿਆ ਕਿ ਗੁਰਦੁਆਰਾ ਕਰਤਾਰਪੁਰ ਦੀ ਸਿੱਖ ਕੌਮ ਵਾਸਤੇ ਅਹਿਮੀਅਤ ਦਾ ਪਤਾ ਉਨ੍ਹਾਂ ਨੂੰ ਇਕ ਵਰ੍ਹੇ ਪਹਿਲਾਂ ਲੱਗਾ ਸੀ ਅਤੇ ਉਨ੍ਹਾਂ ਇਸ ਲਾਂਘੇ ਨੂੰ ਖੋਲ੍ਹਣ ਦਾ ਨਿਰਣਾ ਲਿਆ ਸੀ। ਉਨ੍ਹਾਂ ਕਿਹਾ ਕਿ ਕਰੀਬ ਇਕ ਸਾਲ ਦੇ ਵਕਫ਼ੇ ਵਿਚ ਪਾਕਿਸਤਾਨੀਆਂ ਨੇ ਇਥੇ ਵੱਡੇ ਵਿਕਾਸ ਦੀ ਤਸਵੀਰ ਪੇਸ਼ ਕੀਤੀ ਹੈ।

**(ਬਾਕੀ ਸਫਾ 5 'ਤੇ)**


MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms, Citizenship, Spouse/Family Petitions, Study Visas
All Kinds of Immigration Forms/Petitions/Visa
ਵੀਜ਼ਾ
WE OPEN 7-DAYS A WEEK
Note: I am not an Immigration Attorney.
msandhu2014@gmail.com
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
6930 65TH STREET # 115 SACRAMENTO CA 95823

Sandeep Jony Bagga


RAMESH SUMAN
Broker Realtor
RCS-D ™
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY

Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)

Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

# Raja

SWEETS & CATERING

AUTHORIZED CATERER FOR MAJOR 5-STAR HOTELS



ITEMS SERVING

All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

CATERING SERVICE

Wedding Ceremonies | Receptions
Birthday Parties | Corporate Events
Religious Gatherings
Picnics/Bar-B-Que

ADDITIONAL SERVICE

Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619

Email: msbains@rajasweets.com
www.rajasweets.com
Find us on facebook rajasweetsandcatering
Follow us on Twitter rajasweets



# INDIA MARKET

INDIA MARKET

SWEETS & SPICES

CHAAT PAPDI, SAMOSA, CHAAT, PANI PURI
DAHI VADA, BHEL PURI CHAAT

ਤੁਹਾਡਾ ਆਪਣਾ ਮਨਭਾਉਂਦਾ ਸਟੋਰ

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ

WE HAVE LARGEST COLLECTION FOR INDIAN FIJIAN & PAKISTANI GROCERY

MUSIC, FABRIC ARTIFICIAL JEWELRY, SWEETS, FRESH VEGETABLES & MORE..




ਕਸ਼ਮੀਰ ਸਿੰਘ ਹੀਰਾ    ਬਰਿੰਦਰ ਬੰਗੜ

## Super Eyebrow Threading Now Open

Eyebrow Threading & Henna Tattoo

7 times, Get 8th one free!



Inside India Market

SACRAMENTO
5203 EKLHORN BLVD
SACRAMENTO CA 95842
916- 338-5511

WALK INS WELCOME

ROSEVILLE
1265 PLEASANT GROVE BLVD.
# 100 ROSEVILLE, CA 95747
916- 786-7666

Cell : 916-798-8142

Email: IndiaMarketRoseville@gmail.com




# Kash FABRICS

ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ

## ਸਾਡੀ ਸਪੈਸ਼ਲਟੀ

ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।



ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।



KASH FABRICS

ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138



# INDIA BAZAAR




INDIAN, PAKISTANI & FIJJIAN GROCERIES

WE ARE OPEN
7 DAYS A WEEK
9:00am to 8:30pm

RENT DVDS & BUY CLOTHES
ENJOY YOUR DAY WITH HOPES

WE ACCEPT FOOD STAMPS

CALL TO HAPPY
Cell: (209)-487-2127
Ph: (209) 478-0285
Fax: (209) 477-3206

ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।

EVERY SATURDAY & SUNDAY SPECIAL DISCOUNT ON GROCERIES

1304-E HAMMER LANE, SUITE 12, STOCKTON CA, 95210
EMAIL: indiabazaar08@yahoo.com

# ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਪਾਕਿ ਨੇ ਨਰਮ ਕੀਤੀਆਂ ਸ਼ਰਤਾਂ

ਇਸਲਾਮਾਬਾਦ: ਕਰਤਾਰਪੁਰ ਕੰਪਲੈਕਸ ਅਤੇ ਗੁਰਦੁਆਰਾ ਦਰਬਾਰ ਸਾਹਿਬ ਦੀਆਂ ਖ਼ੂਬਸੂਰਤ ਤਸਵੀਰਾਂ ਸਾਂਝੀਆਂ ਕਰਦਿਆਂ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਕਿਹਾ ਹੈ ਕਿ ਗੁਰੂ ਨਾਨਕ ਦੇਵ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਮਨਾਉਣ ਲਈ ਆਉਣ ਵਾਲੀ ਸੰਗਤ ਦੇ ਸਵਾਗਤ ਲਈ ਕਰਤਾਰਪੁਰ ਸਾਹਿਬ ਨੇ ਪਲਕਾਂ ਵਿਛਾ ਦਿੱਤੀਆਂ ਹਨ। ਪਾਕਿਸਤਾਨੀ ਪ੍ਰਧਾਨ ਮੰਤਰੀ ਨੇ ਟਵੀਟ ਕਰਕੇ ਕਿਹਾ,"ਕਰਤਾਰਪੁਰ ਸਾਹਿਬ ਸਿੱਖ ਸ਼ਰਧਾਲੂਆਂ ਦੇ ਸਵਾਗਤ ਲਈ ਤਿਆਰ ਹੈ।" ਇਕ ਹੋਰ ਟਵੀਟ 'ਚ ਉਨ੍ਹਾਂ ਲਾਂਘੇ ਦੀ ਉਸਾਰੀ ਦਾ ਕੰਮ ਸਮੇਂ ਸਿਰ ਮੁਕੰਮਲ ਕਰਨ ਲਈ ਆਪਣੀ ਸਰਕਾਰ ਨੂੰ ਵਧਾਈ ਦਿੱਤੀ ਹੈ।




### ਪ੍ਰਕਾਸ਼ ਪੁਰਬ: ਇਮਰਾਨ ਵੱਲੋਂ ਸਿੱਖਾਂ ਨੂੰ ਤੋਹਫਾ

ਪਾਕਿਸਤਾਨ ਨੇ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਦੇ ਜਨਮ ਅਸਥਾਨ ਨਨਕਾਣਾ ਸਾਹਿਬ ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਸਥਾਪਤ ਕਰਨ ਦੇ ਅਮਲ ਦੀ ਰਸਮੀ ਸ਼ੁਰੂਆਤ ਕਰ ਦਿੱਤੀ ਹੈ। ਦਸ ਏਕੜ ਤੋਂ ਵੱਧ ਰਕਬੇ 'ਚ ਬਣਨ ਵਾਲੀ ਬਾਬਾ ਗੁਰੂ ਨਾਨਕ ਦੇਵ ਕੌਮਾਂਤਰੀ ਯੂਨੀਵਰਸਿਟੀ ਦਾ ਨੀਂਹ ਪੱਥਰ ਵਜ਼ੀਰੇ ਆਜ਼ਮ ਇਮਰਾਨ ਖਾਨ ਨੇ ਰੱਖਿਆ। ਬਾਬੇ ਨਾਨਕ ਦੇ ਨਾਂ ਉਤੇ ਯੂਨੀਵਰਸਿਟੀ ਉਸਾਰਨ ਸਬੰਧੀ ਤਜਵੀਜ਼ ਡੇਢ ਦਹਾਕਾ ਪਹਿਲਾਂ ਸਾਹਮਣੇ ਆਈ ਸੀ। ਪੰਜਾਬ ਦੇ ਮੁੱਖ ਮੰਤਰੀ ਉਸਮਾਨ ਬੁਜ਼ਦਾਰ ਨੇ ਇਸ ਸਾਲ ਜੁਲਾਈ ਵਿਚ ਯੂਨੀਵਰਸਿਟੀ ਦੀ ਨੀਂਹ ਰੱਖੀ ਸੀ।

ਇਸ ਮੌਕੇ ਖਾਨ ਨੇ ਕਿਹਾ ਕਿ ਸਿੱਖ ਭਾਈਚਾਰੇ ਲਈ ਕਰਤਾਰਪੁਰ ਜਿਥੇ ਮਦੀਨਾ ਹੈ, ਉਥੇ ਨਨਕਾਣਾ ਸਾਹਿਬ ਭਾਈਚਾਰੇ ਦਾ ਮੱਕਾ ਹੈ। ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਦਾ ਨੀਂਹ ਪੱਥਰ ਗੁਰੂ ਨਾਨਕ ਦੇਵ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਨਿਮਾਣੀ ਜਿਹੀ ਸ਼ਰਧਾਂਜਲੀ ਹੈ। ਯੂਨੀਵਰਸਿਟੀ ਵਿਚ ਪੰਜਾਬੀ ਤੇ ਖਾਲਸਾ ਭਾਸ਼ਾਵਾਂ ਪੜ੍ਹਾਈਆਂ ਜਾਣਗੀਆਂ। ਇਸ ਤੋਂ ਪਹਿਲਾਂ ਸੂਬਾ ਸਰਕਾਰ ਨੇ ਗੁਰੂ ਨਾਨਕ ਦੇ ਜਨਮ ਅਸਥਾਨ ਵਿਖੇ ਯੂਨੀਵਰਸਿਟੀ ਦੀ ਸਥਾਪਨਾ ਲਈ 70 ਏਕੜ ਜ਼ਮੀਨ ਅਲਾਟ ਕੀਤੀ ਸੀ। ਪਾਕਿਸਤਾਨ ਦੇ ਘੱਟ ਗਿਣਤੀ ਸਿੱਖ ਭਾਈਚਾਰੇ ਵਲੋਂ ਲੰਮੇ ਸਮੇਂ ਤੋਂ ਆਪਣੇ ਧਰਮ ਦੇ ਬਾਨੀ ਦੇ ਨਾਂ ਉਤੇ ਯੂਨੀਵਰਸਿਟੀ ਸਥਾਪਤ ਕੀਤੇ ਜਾਣ ਦੀ ਮੰਗ ਕੀਤੀ ਜਾ ਰਹੀ ਸੀ। ਸਾਲ 2003 ਵਿਚ ਪਰਵੇਜ਼ ਇਲਾਹੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਪਹਿਲੀ ਵਾਰ ਬਾਬੇ ਨਾਨਕ ਦੇ ਨਾਂ 'ਤੇ ਯੂਨੀਵਰਸਿਟੀ ਸਥਾਪਤ ਕਰਨ ਦੀ ਤਜਵੀਜ਼ ਰੱਖੀ ਸੀ। ਦੋ ਸਾਲ ਪਹਿਲਾਂ ਇਵੈਕੂਈ ਟਰੱਸਟ ਪ੍ਰਾਪਰਟੀ ਬੋਰਡ (ਈਟੀਪੀਬੀ) ਨੇ ਇਸ ਪ੍ਰਾਜੈਕਟ ਨੂੰ ਅੰਤਿਮ ਪ੍ਰਵਾਨਗੀ ਦਿੱਤੀ ਸੀ।

### ਪਾਕਿਸਤਾਨ ਨੂੰ ਹੋਵੇਗੀ 555 ਕਰੋੜ ਰੁਪਏ ਦੀ ਕਮਾਈ

ਪਾਕਿਸਤਾਨ ਨੂੰ ਭਾਰਤੀ ਸ਼ਰਧਾਲੂਆਂ ਤੋਂ ਸੇਵਾ ਫੀਸ ਦੇ ਰੂਪ ਵਿਚ ਵਸੂਲੇ ਜਾਣ ਵਾਲੇ 20 ਅਮਰੀਕੀ ਡਾਲਰ (ਪ੍ਰਤੀ ਸ਼ਰਧਾਲੂ) ਨਾਲ ਸਾਲਾਨਾ 555 ਕਰੋੜ ਰੁਪਏ ਦੀ ਕਮਾਈ ਹੋਵੇਗੀ। ਵੱਡੇ ਵਿੱਤੀ ਸੰਕਟ ਨਾਲ ਜੂਝ ਰਹੇ ਪਾਕਿਸਤਾਨ ਲਈ ਇਹ ਰਾਸ਼ੀ ਵਿਦੇਸ਼ ਕਰੰਸੀ ਪੈਦਾ ਕਰਨ ਦਾ ਵੱਡਾ ਵਸੀਲਾ ਹੋਵੇਗੀ। ਕਰਤਾਰਪੁਰ ਲਾਂਘੇ ਰਾਹੀਂ ਰੋਜ਼ਾਨਾ 5000 ਸ਼ਰਧਾਲੂ ਪਾਕਿਸਤਾਨ ਜਾਣਗੇ। ਇਸ ਲਿਹਾਜ਼ ਨਾਲ ਪਾਕਿਸਤਾਨ ਨੂੰ ਰੋਜ਼ਾਨਾ ਇਕ ਲੱਖ ਅਮਰੀਕੀ ਡਾਲਰ ਭਾਵ ਲਗਭਗ ਭਾਰਤੀ ਕਰੰਸੀ ਮੁਤਾਬਕ 71 ਲੱਖ ਰੁਪਏ ਦੀ ਕਮਾਈ ਹੋਵੇਗੀ।

### ਯਾਤਰਾ ਸਬੰਧੀ ਮੁੱਖ ਸ਼ਰਤਾਂ

* ਸ਼ਰਧਾਲੂ ਆਪਣੇ ਨਾਲ ਵੱਧ ਤੋਂ ਵੱਧ 11 ਹਜ਼ਾਰ ਦੀ ਨਗਦੀ ਤੇ ਸੱਤ ਕਿਲੋ ਵਜ਼ਨੀ ਬੈਗ ਹੀ ਲਿਜਾ ਸਕਣਗੇ
* 13 ਸਾਲ ਤੋਂ ਘੱਟ ਉਮਰ ਦੇ ਬੱਚੇ ਤੇ 75 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਬਜ਼ੁਰਗ ਗਰੁੱਪਾਂ 'ਚ ਹੀ ਯਾਤਰਾ ਕਰ ਸਕਣਗੇ
* ਯਾਤਰਾ ਮੌਕੇ ਵਾਤਾਵਰਨ ਪੱਖੀ ਸਮੱਗਰੀ ਜਿਵੇਂ ਕੱਪੜੇ ਦੇ ਬੈਗ ਨੂੰ ਤਰਜੀਹ ਦੇਣ ਦੀ ਹਦਾਇਤ
* ਤੇਜ਼ ਆਵਾਜ਼ 'ਚ ਸੰਗੀਤ ਚਲਾਉਣ ਤੇ ਹੋਰਨਾਂ ਦੀਆਂ ਫੋਟੋਆਂ ਖਿੱਚਣ ਦੀ ਨਹੀਂ ਹੋਵੇਗੀ ਇਜਾਜ਼ਤ
* ਯਾਤਰੂਆਂ ਨੂੰ ਇਕੱਲੇ ਜਾਂ ਗਰੁੱਪਾਂ ਅਤੇ ਤੁਰ ਕੇ ਜਾਣ ਦੀ ਖੁੱਲ੍ਹ ਹੋਵੇਗੀ
* ਯਾਤਰੂਆਂ ਲਈ 'ਲੰਗਰ' ਤੇ 'ਪ੍ਰਸਾਦ' ਦਾ ਪ੍ਰਬੰਧ ਪਾਕਿਸਤਾਨ ਕਰੇਗਾ
* ਲਾਂਘਾ ਰੋਜ਼ ਪਹੁ-ਫੁਟਾਲੇ ਤੋਂ ਦਿਨ ਛਿਪਣ ਤੱਕ ਖੁੱਲ੍ਹਾ ਰਹੇਗਾ
* ਰੋਜ਼ਾਨਾ 5000 ਭਾਰਤੀ ਸ਼ਰਧਾਲੂਆਂ ਨੂੰ ਦਰਸ਼ਨਾਂ ਦੀ ਹੋਵੇਗੀ ਇਜਾਜ਼ਤ
* ਪਾਕਿਸਤਾਨ ਦੇ ਕਿਸੇ ਹੋਰ ਗੁਰਦੁਆਰੇ 'ਚ ਜਾਣ ਦੀ ਹੋਵੇਗੀ ਮਨਾਹੀ
* ਪਛਾਣ ਲਈ ਪਾਸਪੋਰਟ ਲਾਜ਼ਮੀ ਹੋਵੇਗਾ, ਹਾਲਾਂਕਿ ਇਸ 'ਤੇ ਕੋਈ (ਵੀਜ਼ੇ ਦੀ) ਮੋਹਰ ਨਹੀਂ ਲੱਗੇਗੀ
* ਤਜਵੀਜ਼ਤ ਯਾਤਰਾ ਤੋਂ ਦਸ ਦਿਨ ਪਹਿਲਾਂ ਭਾਰਤ ਸਬੰਧਤ ਸ਼ਰਧਾਲੂਆਂ ਬਾਰੇ ਜਾਣਕਾਰੀ ਸਾਂਝੀ ਕਰੇਗਾ
* ਸ਼ਰਧਾਲੂਆਂ ਨੂੰ 4 ਦਿਨ ਪਹਿਲਾਂ ਹੀ ਯਾਤਰਾ ਸਬੰਧੀ ਜਾਣਕਾਰੀ ਮੁਹੱਈਆ ਕਰਵਾਈ ਜਾਵੇਗੀ।

# ਕਰਤਾਰਪੁਰ ਲਾਂਘੇ ਦੇ ਨੀਂਹ-ਪੱਥਰ ਉੱਤੇ ਪੰਜਾਬੀ ਭਾਸ਼ਾ ਦੀ ਅਣਹੋਂਦ

**ਡਾ. ਗੁਰੂਮੇਲ ਸਿੱਧੂ**

ਇਹ ਕਿੰਨੀ ਮੰਦਭਾਗੀ, ਅਫਸੋਸਜਨਕ ਅਤੇ ਸੰਸਨੀਖੇਜ ਗੱਲ ਹੈ ਕਿ ਕਰਤਾਰਪੁਰ ਦੇ ਲਾਂਘੇ ਦੇ ਨੀਂਹ-ਪੱਥਰ ਉਤੇ ਹਿੰਦੀ ਅਤੇ ਅੰਗਰੇਜ਼ੀ ਦੀ ਇਵਾਰਤ ਹੈ, ਪੰਜਾਬੀ ਭਾਸ਼ਾ ਨੂੰ ਗ਼ਣਗੌਲਿਆਂ ਕਰ ਦਿੱਤਾ ਹੈ। ਇਹ ਸੱਭ ਕੁਝ ਅਕਾਲ ਤਖਤ, ਅਕਾਲੀ ਦਾਲ ਅਤੇ ਪੰਜਾਬ ਗੌਰਮਿੰਟ ਦੇ ਨੱਕ ਹੇਠ ਹੋਇਆ ਹੈ। ਜਿਸ ਗੁਰੂ ਨੇ 'ਪੱਟੀ ਲਿਖੀ' ਬਾਣੀ ਵਿਚ ਪੰਜਾਬੀ ਦੇ ਪੈਂਤੀ ਅੱਖੇਰਾਂ ਦਾ ਇਸਤੇਮਾਲ ਕੀਤਾ, ਜਿਸ ਦੇ ਮੂਲਮੰਤਰ ਤੋਂ ਗੁਰੂ ਗ੍ਰੰਥ ਸਾਹਿਬ ਦਾ ਆਰੰਭ ਹੋਇਆ ਤੇ ਜਿਸ ਦੀ ਫ਼ਿਲੋਸਫ਼ੀ ਨੇ ਸਿੱਖ ਧਰਮ ਦੀ ਨੀਂਹ ਰੱਖੀ, ਉਸ ਗੁਰੂ ਦੇ ਘਰ ਨੂੰ ਜਾਂਦੇ ਲਾਂਘੇ ਦੇ ਉਦਘਾਟਨ ਦੇ ਨੀਂਹ-ਪੱਥਰ ਉੱਤੇ ਪੰਜਾਬੀ ਦਾ ਨਾਂ-ਥਾਂ ਹੀ ਨਾ ਹੋਵੇ! ਕੀ ਅਕਾਲ ਤਖਤ ਦੇ ਜਥੇਦਾਰ, ਅਕਾਲੀ ਦਲ ਦੇ ਪ੍ਰਧਾਨ ਅਤੇ ਪੰਜਾਬ ਗੌਰਮਿੰਟ ਦੇ ਮੁੱਖ ਮੰਤਰੀ ਅਤੇ ਮਨਿਸਟਰਾਂ ਦੇ ਧਿਆਨ ਵਿਚ ਨਾ ਆਇਆ ਕਿ ਓਨ੍ਹਾਂ ਦੇ ਸਾਹਮਣੇ ਐਡੀ ਵੱਡੀ ਖੁਨਾਮੀ ਹੋ ਰਹੀ ਹੈ? ਸਿੱਖ ਜਗਤ ਲਈ ਇਹ ਅਤਿਅੰਤ ਹੇਠੀ ਵਾਲੀ ਗੱਲ ਹੈ। ਸਿੱਖ ਜਗਤ ਨੂੰ ਇਸ ਅਣਗਹਿਲੀ ਅਤੇ ਭੁੱਲ ਦਾ ਹਿਸਾਬ-ਕਿਤਾਬ ਮੰਗਣਾ ਚਾਹੀਦਾ ਹੈ। ਵਦੇਸ਼ੀ ਗੁਰਦੁਆਰਿਆਂ ਦੇ ਪ੍ਰਧਾਨਾਂ ਨੂੰ ਇਸ ਦਾ ਨੋਟਿਸ ਲੈ ਕੇ ਗੁਨਾਹਗਾਰਾ ਅਦਾਰਿਆ ਤੋਂ ਪੁਛ-ਪੜਤਾਲ ਕਰਨੀ ਚਾਹੀਦੀ ਹੈ। ਖਾਸ ਕਰਕੇ ਪੰਜਾਬੀ ਦੇ ਲੇਖਕਾਂ ਅਤੇ ਸੰਸਥਾਵਾਂ ਨੂੰ ਇਸ ਘੋਰ ਅਵੱਗਿਆ ਦੇ ਵਿਰੁੱਧ ਆਵਾਜ਼ ਬੁਲੰਦ ਕਰਨੀ ਚਾਹੀ ਦੀ ਹੈ।

# 'ਜਗਤ ਗੁਰੂ ਨਾਨਕ ਦੇਵ ਓਪਨ ਯੂਨੀਵਰਸਿਟੀ' ਬਣਾਉਣ ਦਾ ਫੈਸਲਾ

ਬਟਾਲਾ - ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਬਟਾਲਾ 'ਚ ਹੋਈ ਮੰਤਰੀ ਮੰਡਲ ਦੀ ਮੀਟਿੰਗ ਦੌਰਾਨ ਕੁਝ ਅਹਿਮ ਫੈਸਲੇ ਲਏ ਗਏ। ਵਜ਼ਾਰਤ ਨੇ ਸੂਬੇ ਦੇ ਚਾਰ ਹੋਰ ਵਿਭਾਗਾਂ ਸਮਾਜਿਕ ਸੁਰੱਖਿਆ ਤੇ ਬਾਲ ਵਿਕਾਸ ਅਤੇ ਮਹਿਲਾ ਭਲਾਈ, ਟਰਾਂਸਪੋਰਟ, ਉਦਯੋਗ ਤੇ ਵਪਾਰ ਅਤੇ ਸਹਿਕਾਰਤਾ ਵਿਭਾਗ ਲਈ ਟਿਕਾਊ ਵਿਕਾਸ ਟੀਚੇ ਨਿਰਧਾਰਤ ਕਰਨ ਲਈ ਚਾਰ ਸਾਲਾ ਰਣਨੀਤਕ ਕਾਰਜ ਯੋਜਨਾ ਨੂੰ ਸਿਧਾਂਤਕ ਪ੍ਰਵਾਨਗੀ ਦੇ ਦਿੱਤੀ ਹੈ। ਇਸੇ ਤਰ੍ਹਾਂ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਯਾਦਗਾਰੀ ਰੂਪ ਵਿਚ ਮਨਾਉਣ ਲਈ ਹੋ ਰਹੇ ਉਪਰਾਲਿਆਂ ਤਹਿਤ ਪਟਿਆਲਾ ਵਿਚ 'ਜਗਤ ਗੁਰੂ ਨਾਨਕ ਦੇਵ ਪੰਜਾਬ ਰਾਜ ਓਪਨ ਯੂਨੀਵਰਸਿਟੀ' ਦੀ ਸਥਾਪਨਾ ਨੂੰ ਵੀ ਪ੍ਰਵਾਨ ਕਰ ਲਿਆ।


# ਸ਼ਹੀਦੀ ਪੁਰਬ ਮਜਬੀ ਸਿੰਘ ਰੰਘਰੇਟੇ ਗੁਰੂ ਕੇ ਬੇਟੇ ਦਾ

**ਸ਼ਹੀਦੀ ਪੁਰਬ ਮਜਬੀ ਸਿੰਘ ਰੰਘਰੇਟੇ ਗੁਰੂ ਕੇ ਬੇਟੇ ਦਾ**
**ਅਮਰ ਸ਼ਹੀਦ ਧੰਨ ਧੰਨ ਭਾਈ ਜੀਵਨ ਸਿੰਘ ਜੀ (ਭਾਈ ਜੈਤਾ ਜੀ)**
**ਦਾ ਸ਼ਹੀਦ ਪੁਰਬ 8 ਦਸੰਬਰ 2019 ਦਿਨ ਐਤਵਾਰ ਨੂੰ**
**ਭਗਵਾਨ ਵਾਲਮੀਕ ਟੈਂਪਲ**
**84/86 ਪਰਸੀ ਐਵੀਨਿਊ**

ਯੂਬਾ ਸਿਟੀ, ਕੈਲੇਫੋਰਨੀਆ ਵਿਖੇ ਹੋਣਾ ਨਿਯੁਕਤ ਕੀਤਾ ਗਿਆ ਹੈ। 10 ਨਵੰਬਰ 2019 ਦਿਨ ਐਤਵਾਰ ਨੂੰ ਮਹਾਂਰਿਸ਼ੀ ਵਾਲਮੀਕ ਸਭਾ ਦੀ ਮੀਟਿੰਗ ਹੋਈ, ਜਿਸ ਵਿਚ ਸਰਬ ਸੰਮਤੀ ਨਾਲ ਇਹ ਫੈਸਲਾ ਲਿਆ ਗਿਆ ਕਿ ਬਾਬਾ ਜੀਵਨ ਸਿੰਘ ਜੀ ਦਾ ਸ਼ਹੀਦੀ ਪੁਰਬ 8 ਦਸੰਬਰ 2019 ਨੂੰ ਸਭ ਸੰਗਤ ਦੇ ਸਹਿਯੋਗ ਨਾਲ ਮਨਾਇਆ ਜਾਵੇਗਾ। ਆਪ ਸਭ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਆਪ ਸਭ ਇਹ ਮੌਕੇ ਤੇ ਪਹੁੰਚ ਕੇ ਰੌਣਕ ਨੂੰ ਵਧਾਓ ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

**ਹੋਰ ਜਾਣਕਾਰੀ ਲਈ ਸੰਪਰਕ ਕਰੋ:**
**ਸ੍ਰੀ ਪ੍ਰੇਮ ਸੌਂਧੀ (ਪ੍ਰਧਾਨ)**
530-813-3877



# ਵਲੇਹੋ 'ਚ ਮੇਲਾ ਗਦਰੀ ਬਾਬਿਆਂ ਦਾ 17 ਨਵੰਬਰ 2019 ਨੂੰ

ਗਦਰ ਹੈਰੀਟੇਜ਼ ਫਾਊਂਡੇਸ਼ਨ ਵੱਲੋਂ ਇੰਡੀਅਨ ਐਜੂਕੇਸ਼ਨ ਅਤੇ ਕਲਚਰਲ ਆਰਗੇਨਾਈਜੇਸ਼ਨ ਆਫ ਯੂਬਾ ਸਿਟੀ, ਇੰਡੀਅਨ ਅਮੈਰਿਕਨ ਕਲਚਰਲ ਐਂਡ ਸਪੋਰਟਸ ਆਫ ਦੀ ਬੇਅ-ਏਰੀਆ ਐਂਡ ਦਾ ਸਪੋਰਟਸ ਕਲੱਬ ਆਫ ਸੋਲਾਨੋ ਕਾਉਂਟੀ ਦੇ ਸਹਿਯੋਗ ਨਾਲ ਵਲੇਹੋ 'ਚ ਮੇਲਾ ਗਦਰੀ ਬਾਬਿਆਂ ਦਾ 17 ਨਵੰਬਰ 2019, ਦਿਨ ਐਤਵਾਰ ਨੂੰ ਮਨਾਇਆ ਜਾ ਰਿਹਾ ਹੈ।
ਜਿਸ ਦੇ ਮੁੱਖ ਮਹਿਮਾਨ ਅਤੇ ਬੁਲਾਰੇ ਪ੍ਰੋ. ਜਗਮੋਹਨ ਸਿੰਘ ਹੋਣਗੇ।
(ਸ਼ਹੀਦੇ ਆਜ਼ਮ ਸ. ਭਗਤ ਸਿੰਘ ਦੇ ਭਤੀਜੇ)

ਪ੍ਰੋਗਰਾਮ ਦਾ ਸੰਚਾਲਨ ਬੀਬੀ ਆਸ਼ਾ ਸ਼ਰਮਾ ਜੀ ਕਰਨਗੇ।
ਇਸ ਮੌਕੇ ਉਘੇ ਕਲਾਕਾਰ ਕੈਨੇਡਾ ਤੋਂ ਹਰਦੀਪ ਗਿੱਲ ਅਤੇ ਕੈਲੇਫੋਰਨੀਆ ਤੋਂ ਜੀਤਾ ਜੱਟ ਅਤੇ ਹੋਰ ਕਲਾਕਾਰਾਂ ਤੋਂ ਇਲਾਵਾ ਭੰਗੜਾ, ਗਿੱਧਾ, ਆਰਟ ਆਦਿ ਆਈਟਮਾਂ ਪੇਸ਼ ਕੀਤੀਆਂ ਜਾਣਗੀਆਂ।

**ਹੋਰ ਜਾਣਕਾਰੀ ਲਈ ਸੰਪਰਕ ਕਰੋ:**
ਅਮਰੀਕ ਖੰਡਾਲੀਆ (925-787-3890), ਮੱਖਣ ਬਾਸੀ (530-415-1680), ਤ੍ਰਿਲੋਕ ਜੌਹਲ (209-595-8767) ਅਤੇ ਭਿੰਦਰ ਸੰਧੂ (707-334-7820)



# ਧੀਆਂ ਦੀ ਲੋਹੜੀ-ਬੇਬੀ ਡੇ ਆ ਗਿਆ

**19ਵਾਂ ਬੇਬੀ ਡੇ, 19 ਜਨਵਰੀ, 19+1=20 ਨੂੰ ਮਨਾਉਣ ਦੀਆਂ ਤਿਆਰੀਆਂ ਸ਼ੁਰੂ**
**ਵੱਲੋਂ:-ਇੰਟਰਨੈਸ਼ਨਲ ਸਿੱਖ ਸਾਹਿਤ ਸਭਾ**
**ਦਿਨ ਐਤਵਾਰ 19 ਜਨਵਰੀ 2020, ਸ਼ਾਮ 5 ਵਜੇ ਤੋਂ 9 ਵਜੇ ਤੱਕ**
**Flamingo Banquet Hall. 910 Lincoln Road East. Vallejo. CA 94591**

ਬੇਬੀ ਡੇ ਮਨਾਉਣ ਲਈ ਨਵਜੰਮੇ ਬੱਚੇ ਬੱਚੀਆਂ ਦੇ ਨਾਮ 22 ਦਸੰਬਰ 2019 ਤੱਕ ਦਿੱਤੇ ਜਾ ਸਕਦੇ ਹਨ। 19 ਜਨਵਰੀ 2020 ਨੂੰ ਜੇ ਕਿਸੇ ਦਾ ਵੀ ਜਨਮ ਦਿਨ ਹੋਵੇ ਤਾਂ ਉਹ ਵੀ ਆਪਣੇ ਨਾਮ ਦੇ ਸਕਦੇ ਹਨ। 2019 'ਚ ਜੇ ਕਿਸੇ ਦਾ ਵਿਆਹ ਹੋਇਆ ਤਾਂ ਉਹ ਵੀ ਆਪਣੇ ਨਾਮ ਦੇ ਸਕਦੇ ਹਨ। ਪ੍ਰੋਗਰਾਮ 'ਚ ਸ਼ਰਾਬ ਦੀ ਮਨਾਹੀ ਹੈ, ਸੱਦਾ ਪੱਤਰ ਤੋਂ ਬਿਨਾਂ ਸ਼ਮੂਲੀਅਤ ਨਹੀਂ ਹੈ।

ਹਿੰਦੋਸਤਾਨੀ ਸਭਿਅਤਾ ਦਾ ਅਨ੍ਹਿਖੜਵਾਂ ਅੰਗ ਅਖੌਤੀ ਲੋਹੜੀ ਅਤੇ ਸਮਾਜਿਕ ਕੁਰੀਤੀ ਭਰੂਣ ਹੱਤਿਆ ਦੇ ਖਿਲਾਫ, ਦੁਨੀਆਂ ਪੱਧਰ 'ਤੇ ਅਮਰੀਕਨ ਸਿੱਖ ਇਤਿਹਾਸ 'ਚ ਪਹਿਲ ਦੇ ਅਧਾਰ 'ਤੇ "ਦਲ ਖਾਲਸਾ ਅਲਾਇੰਸ" ਵੱਲੋਂ ਸ਼ੁਰੂ ਕੀਤੀ 'ਵਿਚਾਰਾਂ ਦੀ ਜੰਗ' 'ਤੇ 'ਕਲਮ ਦੀ ਜੰਗ' ਨੇ ਸਮਾਜ ਸੁਧਾਰ ਲਹਿਰ ਰਾਹੀਂ ਧੀਆਂ ਦੀ ਲੋਹੜੀ ਉਰਫ 'ਬੇਬੀ ਡੇ' ਨੇ 2002 ਤੋਂ 2020 ਤੱਕ 19 ਸਾਲਾਂ ਦਾ ਸਫਰ ਤਹਿ ਕਰਕੇ ਅੰਤਰਰਾਸ਼ਟਰੀ ਪੱਧਰ 'ਤੇ ਧੀ ਤੇ ਪੁੱਤਰ ਦੀ ਬਰਾਬਰਤਾ ਦੇ ਹੱਕ ਪੱਖ 'ਚ ਆਪਣਾ ਸੰਦੇਸ਼ ਪਹੁੰਚਾ ਕੇ ਲੋਕ ਲਹਿਰ ਸਥਾਪਿਤ ਕਰਨ ਦਾ ਸਫ਼ਲਤਾ ਪੂਰਵਕ ਮੁਕਾਮ ਹਾਸਿਲ ਕਰ ਲਿਆ ਹੈ, ਐਸਾ ਮੁਕਾਮ ਬਹੁਤ ਘੱਟ ਲਹਿਰਾਂ ਨੂੰ ਨਸੀਬ ਹੁੰਦਾ ਹੈ। ਦਲ ਖਾਲਸਾ ਅਲਾਇੰਸ ਵੱਲੋਂ ਸ਼ੁਰੂ ਕੀਤੀ ਇਸ ਸਮਾਜ ਸੁਧਾਰ ਲਹਿਰ ਦੀ ਸਫਲਤਾ ਦਾ ਰਾਜ ਤੁਹਾਡਾ ਨਿਸ਼ਕਾਮ ਸਹਿਯੋਗ ਹੈ। ਇਸ ਲਹਿਰ ਦਾ ਵਿਰੋਧ ਕਰਨ ਵਾਲਿਆਂ ਦੀਆਂ ਕੋਸ਼ਿਸ਼ਾਂ ਨੂੰ ਤੁਹਾਡੇ ਸੁੱਚਜੇ ਸਹਿਯੋਗ ਨੇ ਚਕਨਾ ਚੂਰ ਕਰ ਕੇ ਰੱਖ ਦਿੱਤਾ ਹੈ।

ਫ਼ਾਦਰ ਡੇ-ਮਦਰ ਡੇ ਮਨਾਉਣ ਵਾਲਿਓ ਕਦੇ 'ਬੇਬੀ ਡੇ' ਬਾਰੇ ਵੀ ਜ਼ਰੂਰ ਸੋਚਿਓ-ਸਮਝਿਓ-ਵਿਚਾਰਿਓ ? ਕਿਉਂਕਿ ਜੇ 'ਬੇਬੀ' ਹੈ ਤਾਂ ਹੀ ਫ਼ਾਦਰ ਹੈ-ਤਾਂ ਹੀ ਮਦਰ ਹੈ। ਇਸ ਲਈ ਜੇ ਮਦਰ ਡੇ-ਫ਼ਾਦਰ ਡੇ ਹੈ ਤਾਂ ਫਿਰ 'ਬੇਬੀ ਡੇ' ਕਿਉਂ ਨਹੀਂ ? ਪੁਰਾਤਨ ਲੋਹੜੀ ਸਿਰਫ ਪੁੱਤਰ ਲਈ ਹੈ-ਬੇਬੀ ਡੇ ਧੀ 'ਤੇ ਪੁੱਤਰ ਦੋਹਾਂ ਲਈ ਹੈ। ਤੁਹਾਡੇ ਸਹਿਯੋਗ ਨਾਲ ਅਸੀਂ 2002 ਤੋਂ 'ਬੇਬੀ ਡੇ' ਮਨਾਉਣਾ ਸ਼ੁਰੂ ਕਰਕੇ ਅੱਜ ਤੱਕ ਜਾਰੀ ਰੱਖਿਆ ਹੋਇਆ ਹੈ, ਤਾਂ ਕਿ ਧੀ ਅਤੇ ਪੁੱਤਰ 'ਚ ਵਖਰੇਵੇਂ ਨੂੰ ਦੂਰ ਕੀਤਾ ਜਾ ਸਕੇ। ਪੁਰਾਤਨ ਸਮੇਂ ਤੋਂ ਚਲੀ ਆ ਰਹੀ ਲੋਹੜੀ ਵਾਲੇ ਦਿਨ ਨਾਲ ਭਾਈਚਾਰਕ ਭਾਵਨਾਵਾਂ ਬਹੁੱਤ ਡੂੰਗੀਆਂ ਜੁੜੀਆਂ ਹੋਈਆਂ ਹਨ, ਇਸ ਲਈ ਅਸੀਂ ਭਾਈਚਾਰਕ ਭਾਵਨਾਵਾਂ ਦੀ ਕਦਰ ਕਰਦਿਆਂ ਲੋਹੜੀ ਵਾਲੇ ਦਿਨ ਨੂੰ ਹੀ, ਧੀ ਅਤੇ ਪੁੱਤਰ ਦੀ ਸਮਾਨਤਾ ਲਈ 'ਬੇਬੀ ਡੇ' ਦਾ ਨਾਮ ਦਿੱਤਾ ਹੈ। ਆਪਾਂ ਸਭ ਨੇ "ਇੰਟਰਨੈਸ਼ਨਲ ਸਿੱਖ ਸਾਹਿਤ ਸਭਾ" ਨਾਲ ਰਲ ਮਿਲ ਕੇ 19 ਜਨਵਰੀ 2020 ਦਿਨ ਐਤਵਾਰ ਨੂੰ ਉਪਰ ਲਿੱਖੇ ਪੱਤੇ ਤੇ ਪਹੁੰਚ ਕੇ ਪਰਿਵਾਰਕ ਸੱਥ ਦੇ ਰੂਪ 'ਚ ਸੰਗੀਤ ਮਈ ਸ਼ਾਮ 'ਬੇਬੀ ਡੇ' ਦੇ ਨਾਮ ਕਰਨੀ ਹੈ।

ਨਵਜੰਮੇ ਬੱਚੇ ਬੱਚੀਆਂ ਅਤੇ ਉਹਨਾਂ ਦੇ ਮਾਪਿਆਂ ਨੂੰ ਸਨਮਾਨਿਤ ਕੀਤਾ ਜਾਵੇਗਾ। ਅਗਰ ਉਸੇ ਦਿਨ ਕਿਸੇ ਦਾ ਵੀ ਜਨਮ ਦਿਨ ਹੋਵੇਗਾ ਤਾਂ ਉਸ ਨੂੰ ਵੀ ਸਨਮਾਨਿਤ ਕੀਤਾ ਜਾਵੇਗਾ। ਸਾਲ 2019 'ਚ ਜੇ ਕਿਸੇ ਦਾ ਵਿਆਹ ਹੋਇਆ ਹੈ ਤਾਂ ਉਸ ਵਿਆਹੀ ਜੋੜੀ ਨੂੰ ਵੀ ਸਨਮਾਨਿਤ ਕੀਤਾ ਜਾਵੇਗਾ। ਗਰਮਾ ਗਰਮ ਪਕੌੜੇ ਚਾਹ ਮਠਿਆਈ ਅਤੇ ਸੁਆਦਲੇ ਖਾਣੇ ਦਾ ਪ੍ਰਬੰਧ ਹੋਵੇਗਾ। ਮੁੱਖ ਮਹਿਮਾਨ ਰੀਵਨ ਕੱਟਣ ਦੀ ਰਸਮ ਨਿਭਾਉਣਗੇ। ਸਮਾਜਿਕ ਕੁਰੀਤੀਆਂ ਨੂੰ ਸਾੜਨ ਲਈ ਅੱਗ ਬਾਲੀ ਜਾਵੇਗੀ। ਗੁਰੂ ਨਾਨਕ ਸਾਹਿਬ ਜੀ ਦੇ 550ਵੇਂ ਪ੍ਰਕਾਸ਼ ਦਿਵਸ ਨੂੰ ਸਮਰਪਿਤ ਸਿਖੀ ਦਾ ਚਿੰਨ ਜਾਰੀ ਕਰਕੇ ਵੰਡਿਆ ਜਾਵੇਗਾ। ਬੱਚੀਆਂ ਆਪਣੀ ਆਇਟਮ ਪੇਸ਼ ਕਰਨਗੀਆਂ। ਆਂਡਾ ਰਹਿਤ ਵੱਡੇ ਅਕਾਰ ਦਾ ਫਰਿਸ਼ ਫਰੂਟ ਕੇਕ ਕਟਿਆ ਜਾਵੇਗਾ। ਬੱਚੇ ਬੱਚੀਆਂ ਲਈ ਪਟਾਕੇ ਚਲਾਉਣ ਦਾ ਪ੍ਰਬੰਧ ਕੀਤਾ ਜਾਵੇਗਾ। ਬੱਚੀਆਂ ਦਾ ਗੁੱਤ ਮੁਕਾਬਲਾ ਹੋਵੇਗਾ। ਮੂੰਗਫਲੀ, ਗੁੜ ਦੀਆਂ ਰਿਊੜੀਆਂ, ਮੋਤੀ ਚੂਰ ਦੇ ਲਡੂ ਵੰਡੇ ਜਾਣਗੇ। 50 ਤੋਂ ਵੱਧ ਰੈਫਲ ਕਢੇ ਜਾਣਗੇ। ਗੀਤ ਸੰਗੀਤ ਹੋਵੇਗਾ। ਸਲਾਈਡ ਸ਼ੋ ਹੋਵੇਗਾ। ਸਾਰੇ ਪ੍ਰੋਗਰਾਮ ਦੀ ਫਿਲਮ ਬਣਾਈ ਜਾਵੇਗੀ। ਪ੍ਰੋਗਰਾਮ ਲਾਈਵ ਦਿਖਾਇਆ ਜਾਵੇਗਾ। ਇਕ ਅਵਾਰਡ ਨਾਲ ਖਾਸ ਸਖਸ਼ੀਅਤ ਨੂੰ ਸਨਮਾਨਿਆ ਜਾਵੇਗਾ। ਦੂਰੋਂ ਆਉਣ ਵਾਲੇ ਲਈ ਰਾਤ ਰਹਿਣ ਵਾਸਤੇ ਮੋਟਲ ਦੇ ਕਮਰੇ ਦਾ ਪ੍ਰਬੰਧ ਹੋਵੇਗਾ ਪਰ ਇਸ ਵਾਸਤੇ ਆਉਣ ਤੋਂ ਪਹਿਲਾਂ ਸੰਪਰਕ ਕਰਨਾ ਹੋਵੇਗਾ। ਸਕਿਊਰਟੀ ਦਾ ਅਤੇ ਠੰਡ ਤੋਂ ਬਚਣ ਲਈ ਹੀਟ ਦਾ ਪ੍ਰਬੰਧ ਹੋਵੇਗਾ, ਆਦਿ।

**ਵਧੇਰੇ ਜਾਣਕਾਰੀ ਲਈ, ਕੁਲਦੀਪ ਸਿੰਘ ਢੀਂਡਸਾ, ਪਰਮਜੀਤ ਸਿੰਘ ਸੇਖੋਂ (ਦਾਖਾ) 510-774-5909**

# ਬੋਰਡ ਆਫ ਐਜੂਕੇਸ਼ਨ ਕਨੈਨੀਕਟ ਦੀ ਚੋਣ ਜਿੱਤੇ ਸਵਰਨਜੀਤ ਸਿੰਘ ਖਾਲਸਾ

**ਨਿਊਯਾਰਕ (ਹੁਸਨ ਲੜੋਆ ਬੰਗਾ)-** ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਅਮਰੀਕਾ ਯੂਨਿਟ ਦੇ ਪ੍ਰਧਾਨ ਸਵਰਨਜੀਤ ਸਿੰਘ ਖਾਲਸਾ ਮੈਂਬਰ ਪਲੈਨਿੰਗ ਬੋਰਡ ਨਾਰਵਿਚ ਕਨੈਕਟੀਕਟ, ਮੈਂਬਰ ਡੀਪਾਰਟਮੈਂਟ ਆਫ ਜਸਟਿਸ ਬੀਤੇ ਦਿਨ ਬੋਰਡ ਆਫਐਜੂਕੇਸ਼ਨ ਕਨੈਨੀਕਟ ਅਮਰੀਕਾ ਦੇ ਮੈਂਬਰ ਬੈਲਟ ਪੇਪਰ ਨਾਲ ਚੁਣੇ ਗਏ।ਉਕ ਡੈਮੋਕਰੇਟਿਕ ਪਾਰਟੀ ਦੇ ਉਮੀਦਵਾਰ ਸਨ ਜਿਹਨਾਂ ਰਿਪਬਲਿਕਨ ਉਮੀਦਵਾਰ ਨੂੰ ਹਰਾਇਆ। ਐਫ ਬੀ ਆਈ ਵੱਲੋਂ ਜਿੰਮ ਕੌਮੀ ਡਾਇਰੈਕਟਰ ਐਫ ਬੀ ਆਈ ਅਮਰੀਕਾ ਦੀ ਰਾਜਧਾਨੀ ਡੀਸੀ ਵਾਸ਼ਿੰਗਟਨ ਵਿਚਲੇ ਐਫ ਬੀ ਆਈ ਦੇ ਹੈਡਕੁਆਰਟਰ ਵਿੱਚ ਸਵਰਨਜੀਤ ਸਿੰਘ ਖਾਲਸਾ ਨੂੰ ਐਵਾਰਡ 'ਕਮਨੁਇਟੀ ਆਫ ਲੀਡਰਸ਼ਿਪ' ਵਜੋ ਸਨਮਾਨਿਤ ਕਰ ਚੁਕੇ ਹਨ।ਇਹ ਐਵਾਰਡ ਸਵਰਨਜੀਤ ਸਿੰਘ ਖਾਲਸਾ ਨੂੰ ਨਸਲਵਾਦ ਵਿਰੋਧੀ ਤੇ ਹਿਊਮਨ ਰਾਈਟਸ ਦੇ ਹੱਕ ਵਿੱਚ ਮੁਹਿੰਮ ਉੱਚ ਪੱਧਰ 'ਤੇ ਉਠਾਉਣ ਕਰਕੇ ਦਿੱਤਾ ਗਿਆ। ਐਫ ਬੀ ਆਈ ਵੱਲੋਂ ਅਮਰੀਕਾ ਵਿੱਚ 50 ਸ਼ਖ਼ਸੀਅਤਾਂ ਸਿਲੈਕਟ ਕੀਤੀਆਂ ਗਈਆਂ, ਜਿਸ ਵਿੱਚੋਂ ਸਵਰਨਜੀਤ ਸਿੰਘ ਖਾਲਸਾ ਤੋਂ ਸਿਵਾਏ ਸਾਰੇ ਗ਼ੈਰ-ਭਾਰਤੀ ਸਨ।



ਸਵਰਨਜੀਤ ਸਿੰਘ ਖਾਲਸਾ ਨੇ ਇਸ ਮੌਕੇ ਦੱਸਿਆ ਕਿ ਅਮਰੀਕਾ ਸਰਕਾਰ ਸਿੱਖ ਕੌਮ 'ਤੇ ਹੋ ਰਹੇ ਨਸਲੀ ਹਮਲਿਆਂ ਨੂੰ ਰੋਕਣ ਬਾਰੇ ਯੋਗ ਤੇ ਉਸਾਰੂ ਭੂਮਿਕਾ ਨਿਭਾ ਰਹੀ ਹੈ ਤੇ ਹੁਣ ਅਜਿਹੇ ਹਮਲਿਆਂ ਬਾਰੇ ਹੇਟ ਕਰਾਈਮ ਵਜੋਂ ਕੇਸ ਦਰਜ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਕੈਨੇਡਾ ਸਰਕਾਰ ਵਾਂਗ ਭਾਰਤ ਨੂੰ ਵੀ ਦਿੱਲੀ ਸਿੱਖ ਕਤਲੇਆਮ ਬਾਰੇ ਨਸਲਕੁਸ਼ੀ ਵਜੋਂ ਸੰਸਦ ਵਿੱਚ ਮਾਨਤਾ ਦੇਣੀ ਚਾਹੀਦੀ ਹੈ। ਖਾਲਸਾ ਨੇ ਦੱਸਿਆ ਕਿ ਹੁਣ ਤੱਕ ਐਫ.ਬੀ.ਆਈ ਦੀ ਮਦਦ ਨਾਲ ਕੈਨੇਟਿਕਟ ਦੇ 2,000 ਤੋਂ ਵੱਧ ਪੁਲਿਸ ਵਾਲਿਆਂ ਨੂੰ ਸਿੱਖਾਂ ਦੇ ਧਾਰਮਿਕ ਚਿੰਨ੍ਹਾਂ ਬਾਰੇ ਜਾਣੂ ਕਰਵਾਇਆ ਜਾ ਚੁੱਕਿਆ ਹੈ ਤੇ ਇਸ ਕੰਮ ਨੂੰ ਅੱਗੇ ਵਧਾਇਆ ਜਾਏਗਾ। ਅਮਰੀਕਾ ਵਿਚ ਸਿੱਖਾਂ ਉਤੇ ਨਸਲੀ ਹਮਲਿਆਂ ਦੀ ਜਾਂਚ ਵੀ ਹੁਣ ਐਫ.ਬੀ.ਆਈ ਹੀ ਕਰਦੀ ਹੈ।ਇਹ ਵੀ ਦੱਸਣਾ ਲਾਜ਼ਮੀ ਹੈ ਕਿ ਕੈਨੇਟਿਕਟ ਦੀ ਸਟੇਟ ਕੈਪੀਟਲ ਬਿਲਡਿੰਗ ਵਿਚ ਵੀ ਸਿੱਖਾਂ ਨੂੰ ਕਿਰਪਾਨ ਲੈ ਕੇ ਜਾਣ ਦੀ ਖੁੱਲ੍ਹ ਖਾਲਸਾ ਦੇ ਯਤਨਾਂ ਕਰਨ ਹਾਸਿਲ ਹੋਈ। ਕਰਤਾਰਪੁਰ ਖੁਲਾ ਲਾਂਘਾ ਬਾਰੇ ਉਹਨਾਂ ਕਿਹਾ ਕਿ ਗੁਰੂ ਨਾਨਕ ਦਾ ਇਹ ਮਾਰਗ ਵਿਸ਼ਵ ਸ਼ਾਂਤੀ ਦਾ ਮਾਰਗ ਬਣੇਗਾ।

# ਜੀ.ਐਚ.ਜੀ. ਅਕੈਡਮੀ ਵੱਲੋਂ 16 ਨਵੰਬਰ ਦੇ ਕੀਰਤਨ ਅਤੇ ਭਾਸ਼ਨ ਮੁਕਾਬਲੇ ਦੀਆਂ ਤਿਆਰੀਆਂ ਮੁਕੰਮਲ

**ਫਰਿਜ਼ਨੋ (ਕੁਲਵੰਤ ਧਾਲੀਆਂ/ ਨੀਟਾ ਮਾਛੀਕੇ):** ਜੀ. ਐਚ. ਜੀ. ਡਾਂਸ ਅਤੇ ਸੰਗੀਤ ਅਕੈਡਮੀ ਜਿੱਥੇ ਬੱਚਿਆ ਨੂੰ ਆਪਣੇ ਵਿਰਸੇ ਨਾਲ ਜੋੜਨ ਲਈ ਸਲਾਨਾ ਗਿੱਧੇ ਅਤੇ ਭੰਗੜੇ ਦੇ ਸਿਖਲਾਈ ਕੈਂਪ ਲਾਉਦੀ ਹੈ। ਉਸੇ ਉਪਰਾਲੇ ਨੂੰ ਅੱਗੇ ਤੋਰਦੇ ਹੋਏ ਬੱਚਿਆ ਨੂੰ ਧਰਮ ਦੀ ਸਿੱਖਿਆ ਅਤੇ ਉਤਸ਼ਾਹਤ ਕਰਨ ਲਈ ਅਕੈਡਮੀ ਵੱਲੋਂ ਇਸ ਸਾਲ ਧੰਨ-ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਗੁਰਪੁਰਬ ਨੂੰ ਸਮਰਪਿਤ ਬੱਚਿਆ ਦੇ ਕੀਰਤਨ ਅਤੇ ਭਾਸ਼ਨ ਮੁਕਾਬਲੇ ਕਰਵਾਏ ਜਾ ਰਹੇ ਹਨ। ਜਿਸ ਵਿੱਚ ਵਿਸ਼ੇਸ਼ ਤੌਰ 'ਤੇ ਡਾ. ਹਰਸ਼ਿੰਦਰ ਕੌਰ ਪਹੁੰਚਣਗੇ। ਜੋ ਬੱਚਿਆ ਨਾਲ ਗੁਰਸਿੱਖੀ ਦੇ ਫਲਸਫੇ ਸੰਬੰਧੀ ਵਿਚਾਰਾ ਕਰਨਗੇ। ਸੰਸਥਾ ਦੇ ਬੁਲਾਰੇ ਅਨੁਸਾਰ ਇਹ ਪ੍ਰੋਗਰਾਮ 16 ਨਵੰਬਰ 2019 ਦਿਨ ਸ਼ਨੀਵਾਰ ਨੂੰ ਹੋਵੇਗਾ। ਕੀਰਤਨ ਮੁਕਾਬਲੇ 6 ਸਾਲ ਦੀ ਉਮਰ ਤੋਂ 18 ਸਾਲ ਦੀ ਉਮਰ ਦੇ ਦਰਮਿਆਨ ਬੱਚਿਆ ਦੇ ਹੋਣਗੇ। ਜਿੰਨ੍ਹਾਂ ਨੂੰ ਕ੍ਰਮਵਾਰ 500, 300 ਅਤੇ 250 ਡਾਲਰ ਦੇ ਇਨਾਮ ਦਿੱਤੇ ਜਾਣਗੇ। ਸਪੀਚ ਮੁਕਾਬਲੇ ਬੱਚਿਆ ਦੇ ਦੋ ਵੱਖ-ਵੱਖ ਉਮਰ ਗਰੁੱਪ ਹੋਣਗੇ। ਜਿਸ ਵਿੱਚ ਪਹਿਲਾ 10 ਸਾਲ ਤੋਂ 14 ਸਾਲ ਅਤੇ ਦੂਸਰਾ ਗਰੁੱਪ 14 ਸਾਲ ਤੋਂ 18 ਸਾਲ ਦਾ ਹੋਵੇਗਾ। ਜਿੰਨ੍ਹਾਂ ਨੂੰ ਪਹਿਲੇ ਸਥਾਨ ਵਾਲੇ ਨੂੰ ਤਿੰਨ ਸੌ ਡਾਲਰ, ਦੂਜੇ ਸਥਾਨ ਵਾਲੇ ਨੂੰ ਦੋ ਸੌ ਡਾਲਰ ਅਤੇ ਤੀਜੇ ਸਥਾਨ ਵਾਲੇ ਨੂੰ ਇਕ ਸੌ ਡਾਲਰ ਦਿੱਤਾ ਜਾਵੇਗਾ। ਜਿਸ ਦੀਆਂ ਸਭ ਤਿਆਰੀਆ ਮੁਕੰਮਲ ਹੋ ਚੁਕੀਆਂ ਹਨ। ਪ੍ਰਬੰਧਕਾਂ ਵੱਲੋਂ ਸਮੁੱਚੇ ਭਾਈਚਾਰੇ ਨੂੰ ਅਪੀਲ ਕੀਤੀ ਗਈ ਹੈ ਕਿ ਆਪਣੇ ਬੱਚਿਆ ਨੂੰ ਇਸ ਪ੍ਰੋਗਰਾਮ ਵਿੱਚ ਹਿੱਸਾ ਲੈਣ ਲਈ ਜ਼ਰੂਰ ਉਤਸਾਹਤ ਕਰਨ ਅਤੇ ਆਪ ਪਰਿਵਾਰਾਂ ਸਮੇਤ ਸਾਮਲ ਹੋਣ। ਇਹ ਸਮੁੱਚਾ ਪ੍ਰੋਗਰਾਮ 'ਸਿੱਖ ਇੰਨਸਟੀਚਿਊਟ' (ਗੁਰਦੁਆਰਾ ਸਿੰਘ ਸਭਾ) 4827 North Parkway Drive, Fresno, CA 93722 ਵਿਖੇ ਹੋਵੇਗਾ। ਪ੍ਰੋਗਰਾਮ ਵਿੱਚ ਹਿੱਸਾ ਲੈਣ ਅਤੇ ਆਪਣੇ ਰਜਿਸਟ੍ਰੇਸ਼ਨ ਸੰਬੰਧੀ ਉਦੇਦੀਪ ਸਿੰਘ ਸਿੱਧੂ ਨਾਲ ਫੋਨ ਨੰਬਰ (559) 355-4065 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਇਸ ਪ੍ਰੋਗਰਾਮ ਵਿੱਚ ਹਿੱਸਾ ਲੈਣ ਵਾਲੇ ਬੱਚਿਆ ਨੂੰ ਸਨਮਾਨਿਤ ਕਰਦੇ ਹੋਏ ਯਾਦਗਾਰੀ ਮੈਡਲ ਅਤੇ ਗੁਟਕਾ ਸਾਹਿਬ ਭੇਟ ਵਜੋਂ ਦਿੱਤਾ ਜਾਵੇਗਾ। ਸਮੁੱਚੇ ਪ੍ਰੋਗਰਾਮ ਦੌਰਾਨ ਗੁਰੂ ਦਾ ਲੰਗਰ ਅਤੁੱਟ ਵਰਤੇਗਾ।

# ਟੀ.ਵੀ ਸਕੂਲ ਫਾਉਡੇਸ਼ਨ ਵੱਲੋ ਗੁਰੂ ਨਾਨਕ ਦੇਵ ਜੀ ਦੇ 550 ਵੇ ਪ੍ਰਕਾਸ਼ ਪੁਰਬ ਮੌਕੇ ਸਿੱਖਿਆ ਕੇਂਦਰ ਖੋਲ੍ਹਣ ਦਾ ਪ੍ਰੋਗਰਾਮ ਉਲੀਕਿਆ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਵਿਦਿਅਕ ਸਮਾਜ ਸੇਵੀ ਸੰਸਥਾ , ਟੀ .ਵੀ ਸਕੂਲ ਫਾਉਂਡੇਸ਼ਨ ਵੱਲੋ ਗੁਰੂ ਨਾਨਕ ਦੇਵ ਜੀ ਦੇ 550 ਵੇ ਪ੍ਰਕਾਸ਼ ਪੁਰਬ ਮੌਕੇ ਪਿੰਡ ਅਤੇ ਵੱਖ ਵੱਖ ਵਾਰਡਾਂ ਵਿਚ ਗੁਰੂ ਨਾਨਕ ਦੇਵ ਸਿੱਖਿਆ ਕੇਂਦਰ ਖੋਲ੍ਹਣ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ।

ਇਸ ਸੰਬੰਧੀ ਕੀਤੀ ਪੱਤਰਕਾਰ ਮਿਲਣੀ ਮੌਕੇ ਪੰਜਾਬੀ ਦੇ ਸ਼ਾਇਰ ਡਾ.ਸੁਰਜੀਤ ਪਾਤਰ ,ਪੰਜਾਬੀ ਸਾਹਿਤ ਅਕੈਡਮੀ ਦੇ ਸਾਬਕਾ ਪ੍ਰਧਾਨ ਪ੍ਰੋ. ਗੁਰਭਜਨ ਗਿੱਲਅਤੇ ਵਕੀਲ ਹਰੀਸ਼ ਢਾਂਡਾ ਨੇ ਸ਼ਿਰਕਤ ਕੀਤੀ ।ਟੀ ਵੀ ਸਕੂਲ ਦੇ ਪ੍ਰਬੰਧਕੀ ਡਾਇਰੈਕਟਰ ਪ੍ਰੋ.ਸੰਤੋਖ ਸਿੰਘ ਔਜਲਾ ਨੇ ਦੱਸਿਆ ਕਿ ਸਾਡੀ ਫਾਉਡੇਸ਼ਨ ਨਵੀ ਸੂਚਨਾ ਟੈਕਨਾਲੋਜੀ ਦੀ ਮਦਦ ਨਾਲ , ਟੀ .ਵੀ ਚੈਨਲ " ਟੀ .ਵੀ ਸਚੋਲ ਫਾਸਟਵੇ ਚੈਨਲ ਨੁਮੇਰ -279,"ਟੀ.




ਵੀ ਸਕੂਲ 'ਤੇ ਮੋਬਾਈਲ ਐਪ ਅਤੇ ਪੈਨ ਡ੍ਰਾਈਵ ਰਾਹੀਂ ਪੰਜਾਬ ਦੇ ਨੌਵੀਂ, ਦਸਵੀ ਦੇ ਵਿਦਿਆਰਥੀਆਂ ਨੂੰ ਗਣਿਤ, ਅੰਗਰੇਜ਼ੀ, ਸਾਈਂਸ ਅਤੇ 11 ਵੀ 12 ਵੀ ਦੇ ਵਿਦਿਆਰਥੀਆਂ ਨੂੰ ਫਿਜ਼ਿਕਸ, ਕੈਮਿਸਟ੍ਰੀ, ਮੈਥ, ਅਕਾਊਂਟੈਂਸੀ ਦੇ ਵਿਸ਼ਿਆਂ ਚ ਉਚ ਦਰਜੇ ਦੀ ਪੜਾਈ ਪ੍ਰਦਾਨ ਕਰ ਰਹੀ ਹੈ। ਸੰਸਥਾ ਵੱਲੋ ਸ਼ੁਰੂ ਕਿੱਤੇ ਦੋ ਨਵੇਂ ਪਲਾਨਾ ਚ ਕੋਈ ਵੀ ਪਿੰਡ ਜਾ ਵਾਰਡ 1000 ਰੁਪਏ (ਸਲਾਣਾ 12000 ਰੁਪਏ) ਦੇ ਕੇ ਵਿਦਿਆਰਥੀਆਂ ਨੂੰ ਮੋਬਾਈਲ ਐਪ ਰਾਹੀਂ ਪੜਾਈ ਕਰਵਾ ਸਕਦਾ ਹੈ। ਦੂਜੇ ਪਲਾਨ ਚ ਗੁਰੂ ਨਾਨਕ ਦੇਵ ਜੀ ਦੇ 550 ਵੀ ਸ਼ਤਾਬਦੀ ਨੂੰ ਸਮਰਪਿਤ ਹਰ ਪਿੰਡ ਜਾ ਵਾਰਡ ਵਿਚ ਗੁਰੂ ਨਾਨਕ ਸਿਖਿਆ ਕੇਂਦਰ ਸਥਾਪਿਤ ਕੀਤੇ ਜਾਣਗੇ ।ਕਿਸੇ ਵੀ ਪਿੰਡ ਜਾ ਵਾਰਡ ਦੇ ਸਰਪੰਚ ਜਾ ਕੌਂਸਲਰ ਜਾ ਕੋਈ ਸਮਾਜ ਸੇਵੀ ਸੰਸਥਾ ਕਿਸੇ ਸਾਂਝੇ ਥਾਂ ਟੀ.ਵੀ ਸਕਰੀਨ ਲਾ ਕੇ ਪੜਾਈ ਦਾ ਪ੍ਰਬੰਧ ਕਰ ਸਕਦੀ ਹੈ । ਡਾ.ਪਾਤਰ ਨੇ ਕਿਹਾ ਕਿ ਸਿੱਖਿਆ ਕਿਸੇ ਵੀ ਵਿਅਕਤੀ ਦੇ ਸਰਵਪੱਖੀ ਵਿਕਾਸ ਵਿਚ ਅਹਿਮ ਕੜੀ ਡਾ ਕੰਮ ਕਰਦੀ ਹੈ ।ਇਸ ਵਕਤ ਇਹ ਸੰਸਥਾ ਪੰਜਾਬ ਸਮੇਤ ਉੱਤਰੀ ਭਾਰਤ ਦੇ 7 ਰਾਜਾਂ ਵਿਚ 5 ਲੱਖ ਤੋਂ ਵਾਦ ਵਿਦਿਆਰਥੀਆਂ ਨੂੰ ਉਹਨਾਂ ਦੇ ਘਰ ਵਿਚ ਹੀ ਮੁਫ਼ਤ ਵਿਦਿਆ ਪ੍ਰਦਾਨ ਕਰ ਰਹੀ ਹੈ ।ਪ੍ਰੋ.ਔਜਲਾ ਅਨੁਸਾਰ ਸੰਸਥਾ ਡਾ ਮੁਖ ਮਕਸਦ ਪੰਜਾਬ ਦੇ ਹਰ ਬੱਚੇ ਨੂੰ ਵਿਸ਼ਵ ਪੱਧਰ ਈ ਸਿੱਖਿਆ ਘਰ ਘਰ ਪ੍ਰਦਾਨ ਕਰਨਾ ਹੈ ।

A & S
Auto Repair & Services
Specializing in Brakes & Axles
10% of any repair of $ $75.00 or More
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics
9:00 AM to 6:00 PM Mon-Sat
Ph: 916-238-4431
649 W. Elkhorn Blvd. Suite B2
Rio Linda, CA 95673
Amarjit Sandhu





AAA
AUTO AND BODY WORKS
ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।
We Do Complete Engine Transmission, Body and Paint Work We Sell Used Cars at a Good Price
Free Estimates
Free Towing
510- 733- 2222
1421 Industrial PKWY West#F Hayward, CA 94544
Prop: Jasbir Singh Takhar
510-755-2132
Harmandeep Singh





# ਸਹਾਇਤਾ ਵੱਲੋਂ ਫਰਿਜਨੋ ਵਿਖੇ ਫੰਡ ਰੇਜਰ 16 ਨਵੰਬਰ ਨੂੰ




**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ-** ਮਨੁੱਖਤਾ ਦੀ ਸੇਵਾ ਨੂੰ ਸਮਰਪਿਤ "ਸਹਾਇਤਾ" ਸੰਸਥਾ ਵੱਲੋਂ ਦੀਨ ਦੁਖੀਆਂ ਦੀ ਮੱਦਦ ਲਈ ਪੰਜਾਬ ਭਰ ਵਿੱਚ ਉਪਰਾਲੇ ਵਿੱਢੇ ਗਏ ਹਨ। ਆਪਣੇਂ ਨਿਸ਼ਾਨੇ ਦੀ ਪੂਰਤੀ ਲਈ ਇਸ ਸੰਸਥਾ ਦੇ ਕਾਰਕੁਨ ਦਾਨੀਂ ਸੱਜਣਾ ਤੱਕ ਪਹੁੰਚ ਬਣਾਉਣ ਲਈ ਪੂਰੇ ਕੈਲੇਫੋਰਨੀਆਂ ਵਿੱਚ ਫੰਡ ਰੇਜ ਕਰ ਰਹੇ ਹਨ। ਇਸੇ ਕੜੀ ਤਹਿਤ ਸਹਾਇਤਾ ਪੀਸੀਏ ਦੇ ਉੱਦਮ ਸਦਕਾ ਸੈਂਟਰਲਵੈਲੀ ਦੇ ਸੋਹਣੇ ਸ਼ਹਿਰ ਫਰਿਜ਼ਨੋ ਦੇ ਇੰਡੀਆ ਕਬਾਬ ਪੈਲਿਸ ਰੈਸਟੋਰਿੰਟ ਵਿੱਚ 'ਸਹਾਇਤਾ ਨਾਈਟ' ਨਾਮੀ ਪ੍ਰੋਗ੍ਰਾਮ ਤਹਿਤ 16 ਨਵੰਬਰ ਦਿਨ ਸ਼ਨੀਵਾਰ ਸ਼ਾਮੀਂ 6 ਤੋ 9 ਵਜੇ ਦਰਮਿਆਨ ਫੰਡ ਕਰਨ ਜਾ ਰਹੀ ਹੈ। ਇਸ ਫੰਡ ਰੇਜ ਲਈ ਸਾਰਿਆਂ ਨੂੰ ਖੁੱਲ੍ਹਾ ਸੱਦਾ ਹੈ। ਚੰਗਾ ਕੰਮ ਕਰਨ ਵਿੱਚ ਦੇਰ ਨਹੀਂ ਕਰਨੀ ਚਾਹੀਦੀ, ਸੋ ਤੁਸੀਂ ਵੀ ਇਸ ਸੰਸਥਾ ਦਾ ਹਿੱਸਾ ਬਣ ਸਕਦੇ ਹੋ, ਆਓ ਤੇ ਜਾਣੋ ਕਿ ਇਹ ਸੰਸਥਾ ਕਿਸ ਤਰਾਂ ਲੋੜਵੰਦਾਂ ਦੀ ਸੇਵਾ ਕਰਦੀ ਹੈ। ਸਹਾਇਤਾ ਨਾਈਟ ਦਾ ਪੂਰਾ ਪ੍ਰੋਗਰਾਮ ਸੁਣੋ ਤੇ ਉਹਨਾਂ ਦੀਆਂ ਪ੍ਰਾਪਤੀਆਂ ਬਾਰੇ ਜਾਣੋ, ਅਗਰ ਤੁਹਾਨੂੰ ਲੱਗੇ ਕਿ ਵਾਕਿਆ ਸਹਾਇਤਾ ਦੀਨ ਦੁਖੀ ਦੀ ਬਾਂਹ ਫੜ ਰਹੀ ਹੈ, 'ਤਾਂ ਤੁਸੀਂ ਵੀ ਦਾਨ ਦੇ ਰੂਪ ਵਿੱਚ ਦਸਵੰਧ ਕੱਢ ਸਕਦੇ ਹੋ। ਵਧੇਰੇ ਜਾਣਕਾਰੀ ਲਈ Info@sahita.org ਤੇ ਜਾ ਸਕਦੇ ਹੋ।

# ਸੁਲਤਾਨਪੁਰ ਲੋਧੀ 'ਚ ਸਾਰੇ ਭਾਰਤ ਨੇ ਮਨਾਇਆ ਬਾਬੇ ਨਾਨਕ ਦਾ 550ਵਾਂ ਪ੍ਰਕਾਸ਼ ਪੁਰਬ

(ਸਫਾ 1 ਦੀ ਬਾਕੀ)

ਕੋਈ ਵੀ ਦਿਲਚਸਪੀ ਨਹੀਂ ਸੀ ਲੈ ਰਹੇ। ਸੰਗਤ ਦੇ ਇਸ ਬਦਲੇ ਹੋਏ ਮੂਡ ਦੇ ਮੱਦੇਨਜ਼ਰ ਹੀ ਦੋਹਾਂ ਧਿਰਾਂ ਨੇ ਬੱਝਵੀਂ ਸੰਗਤ ਦਾ ਇੰਤਜ਼ਾਮ ਕੀਤਾ ਹੋਇਆ ਸੀ। ਪੰਜਾਬ ਸਰਕਾਰ ਦੇ ਪੰਡਾਲ ਵਿਚ ਬੈਠਣ ਦੀ ਸਮਰੱਥਾ 45 ਹਜ਼ਾਰ ਦੇ ਕਰੀਬ ਸੀ ਪਰ ਇਸ ਪੰਡਾਲ ਦੇ ਦੋ ਹਿੱਸੇ ਬੰਦ ਕੀਤੇ ਹੋਏ ਸਨ ਤਾਂ ਜੋ ਛੋਟਾ ਪੰਡਾਲ ਭਰਿਆ-ਭਰਿਆ ਲੱਗੇ। ਸਟੇਜ ਉੱਤੇ ਜਿਥੇ ਪੰਜਾਬ ਦੇ ਸਾਰੇ ਆਗੂ ਹੁੰਮ ਹੁਮਾ ਕੇ ਪੁੱਜੇ ਹੋਏ ਸਨ, ਉਥੇ ਵੱਡੀ ਗਿਣਤੀ ਵਿਚ ਧਾਰਮਿਕ ਆਗੂ ਵੀ ਪੰਜਾਬ ਸਰਕਾਰ ਦੀ ਸਟੇਜ 'ਤੇ ਪਹੁੰਚੇ ਹੋਏ ਸਨ।

ਇਨ੍ਹਾਂ ਮੰਚਾਂ ਤੋਂ ਗਿਣੇ-ਚੁਣਵੇਂ ਬੁਲਾਰਿਆਂ ਨੇ ਹੀ ਸੰਬੋਧਨ ਕੀਤਾ। ਪੰਜਾਬ ਸਰਕਾਰ ਦੀ ਸਟੇਜ 'ਤੇ ਜਦੋਂ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਪਹੁੰਚ ਗਏ ਤਾਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਜਿਥੇ ਸੰਗਤ ਨੂੰ ਵਧਾਈ ਦਿੱਤੀ ਉਥੇ ਆਪਣੀ ਗੱਲ ਮੁਕਾਉਣ ਤੋਂ ਬਾਅਦ ਸਿੱਧਾ ਹੀ ਰਾਸ਼ਟਰਪਤੀ ਨੂੰ ਸੰਬੋਧਨ ਕਰਨ ਲਈ ਸੱਦਾ ਦੇ ਦਿੱਤਾ ਸੀ। ਇਸੇ ਤਰ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਆਪਣੇ ਵਿਚਾਰ ਰੱਖੇ ਤੇ ਉਨ੍ਹਾਂ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਿਖਿਆਵਾਂ 'ਤੇ ਚੱਲਣ ਦੀ ਅਪੀਲ ਕੀਤੀ। ਉਨ੍ਹਾਂ ਨੇ ਕਰਤਾਰਪੁਰ ਲਾਂਘੇ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਦਾ ਧੰਨਵਾਦ ਕੀਤਾ।ਸ਼੍ਰੋਮਣੀ ਕਮੇਟੀ ਦੇ ਮੰਚ ਤੋਂ ਜਿਵੇਂ ਹੀ ਰਾਸ਼ਟਰਪਤੀ ਦਾ ਭਾਸ਼ਨ ਸਮਾਪਤ ਹੋਇਆ ਤਾਂ ਲੋਕ ਉਠਣੇ ਸ਼ੁਰੂ ਹੋ ਗਏ ਤੇ ਜਦੋਂ ਵੱਖ-ਵੱਖ ਸ਼ਖ਼ਸੀਅਤਾਂ ਦਾ ਸਨਮਾਨ ਕੀਤਾ ਜਾ ਰਿਹਾ ਸੀ ਤਾਂ ਅੱਧਿਓਂ ਵੱਧ ਪੰਡਾਲ ਖਾਲੀ ਹੋ ਚੁੱਕਾ ਸੀ। ਇਸੇ ਤਰ੍ਹਾਂ ਪੰਜਾਬ ਸਰਕਾਰ ਦੇ ਪੰਡਾਲ ਵਿਚੋਂ ਵੀ ਲੋਕ ਉਦੋਂ ਖਿਸਕਣੇ ਸ਼ੁਰੂ ਹੋ ਗਏ ਸਨ ਜਦੋਂ ਮੰਚ ਤੋਂ ਰਾਸ਼ਟਰਪਤੀ ਨੂੰ ਸਨਮਾਨਤ ਕੀਤਾ ਜਾ ਰਿਹਾ ਸੀ। ਦੋਹਾਂ ਹੀ ਮੰਚਾਂ ਤੋਂ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਨੂੰ ਸਨਮਾਨਤ ਕੀਤਾ ਗਿਆ। ਉਨ੍ਹਾਂ ਦੀ ਧਰਮਪਤਨੀ ਸੁਮਿੱਤਰਾ ਕੋਵਿੰਦ ਅਤੇ ਪੰਜਾਬ ਦੇ ਰਾਜਪਾਲ ਬੀਪੀ ਸਿੰਘ ਬਦਨੌਰ ਨੂੰ ਵੀ ਸਨਮਾਨਤ ਕੀਤਾ ਗਿਆ। ਸ਼੍ਰੋਮਣੀ ਕਮੇਟੀ ਦੀ ਸਟੇਜ ਚਲਾਉਣ ਦੀ ਜ਼ਿੰਮੇਵਾਰੀ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਨਿਭਾਈ।



ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# 550ਵੇਂ ਪ੍ਰਕਾਸ਼ ਪੁਰਬ ਮੌਕੇ ਸਿੱਖਾਂ ਦੀ ਚਿਰੋਕਣੀ ਅਰਦਾਸ ਹੋਈ ਪੂਰੀ

(ਸਫਾ 1 ਦੀ ਬਾਕੀ)

**ਮੋਦੀ ਨੇ 562 ਸ਼ਰਧਾਲੂਆਂ ਦੇ ਪਲੇਠੇ ਜਥੇ ਨੂੰ ਕਰਤਾਰਪੁਰ ਰਵਾਨਾ ਕੀਤਾ**

ਡੇਰਾ ਬਾਬਾ ਨਾਨਕ ਵਿਖੇ ਚੈੱਕ ਪੋਸਟ ਤੇ ਲਾਂਘੇ ਦਾ ਉਦਘਾਟਨ ਕਰਨ ਮਗਰੋਂ ਪ੍ਰਧਾਨ ਮੰਤਰੀ ਨੇ ਨਿਸ਼ਾਨ ਸਾਹਿਬ ਫਹਿਰਾ ਕੇ 562 ਸਿੱਖ ਸ਼ਰਧਾਲੂਆਂ ਦੇ ਪਹਿਲੇ ਜਥੇ ਨੂੰ ਬਿਨਾਂ ਵੀਜ਼ਾ ਗੁਰਦੁਆਰਾ ਕਰਤਾਰਪੁਰ ਦੇ ਦਰਸ਼ਨਾਂ ਲਈ ਰਵਾਨਾ ਕੀਤਾ। ਸਿੱਖ ਸ਼ਰਧਾਲੂਆਂ ਦੇ ਇਸ ਉੱਚ ਪੱਧਰੀ ਵਫ਼ਦ ਵਿਚ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ, ਉਨ੍ਹਾਂ ਦੀ ਪਤਨੀ ਗੁਰਸ਼ਰਨ ਕੌਰ, ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ, ਹਰਸਿਮਰਤ ਕੌਰ ਬਾਦਲ, ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਸਾਬਕਾ ਮੰਤਰੀ ਨਵਜੋਤ ਸਿੰਘ ਸਿੱਧੂ, ਕੈਬਨਿਟ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ, ਭਾਜਪਾ ਦੇ ਸੰਸਦ ਮੈਂਬਰ ਸਨੀ ਦਿਓਲ ਅਤੇ ਸੋਮ ਪ੍ਰਕਾਸ਼, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ, ਬਾਬਾ ਸਰਬਜੋਤ ਸਿੰਘ ਬੇਦੀ ਸਮੇਤ ਵੱਡੀ ਗਿਣਤੀ ਵਿਚ ਹੋਰ ਪਤਵੰਤੇ ਸ਼ਾਮਲ ਸਨ।

**ਵੱਡੀ ਗਿਣਤੀ 'ਚ ਸੰਗਤ ਦਰਬਾਰ ਸਾਹਿਬ ਨਤਮਸਤਕ**

ਅੰਮ੍ਰਿਤਸਰ- ਗੁਰੂ ਨਾਨਕ ਦੇਵ ਦਾ 550ਵਾਂ ਪ੍ਰਕਾਸ਼ ਪੁਰਬ ਇੱਥੇ ਦਰਬਾਰ ਸਾਹਿਬ ਵਿਚ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਲੱਖਾਂ ਦੀ ਗਿਣਤੀ ਵਿਚ ਸ਼ਰਧਾਲੂਆਂ ਨੇ ਗੁਰੂ ਘਰ ਨਤਮਸਤਕ ਹੋ ਕੇ ਗੁਰਪੁਰਬ ਮਨਾਇਆ। ਪ੍ਰਕਾਸ਼ ਪੁਰਬ ਦੇ ਸਬੰਧ ਵਿਚ ਅੱਜ ਸਵੇਰੇ ਦਰਬਾਰ ਸਾਹਿਬ, ਅਕਾਲ ਤਖ਼ਤ ਅਤੇ ਗੁਰਦੁਆਰਾ ਬਾਬਾ ਅਟਲ ਰਾਏ ਵਿਚ ਜਲੌਅ ਸਜਾਏ ਗਏ। ਇਸ ਵਿਚ ਪੁਰਾਤਨ ਤੇ ਬੇਸ਼ਕੀਮਤੀ ਵਸਤਾਂ, ਜੋ ਵੱਖ ਵੱਖ ਸਮਿਆਂ 'ਤੇ ਗੁਰੂ ਘਰ ਨੂੰ ਭੇਟ ਕੀਤੀਆਂ ਗਈਆਂ ਸਨ, ਸੰਗਤ ਦੇ ਦਰਸ਼ਨਾਂ ਲਈ ਰੱਖੀਆਂ ਗਈਆਂ ਸਨ। ਸੰਗਤ ਨੇ ਸਰੋਵਰ ਵਿਚ ਇਸ਼ਨਾਨ ਕੀਤਾ ਅਤੇ ਗੁਰਬਾਣੀ ਕੀਰਤਨ ਦਾ ਅਨੰਦ ਮਾਣਿਆ ਗਿਆ। ਇਸ ਦੌਰਾਨ ਗੁਰੂ ਰਾਮਦਾਸ ਲੰਗਰ ਘਰ ਵਿਚ ਪ੍ਰਬੰਧਕਾਂ ਵਲੋਂ ਅੱਜ 550ਵੇਂ ਪ੍ਰਕਾਸ਼ ਪੁਰਬ ਕਰ ਕੇ ਵਿਸ਼ੇਸ਼ ਪਕਵਾਨ ਤਿਆਰ ਕੀਤੇ ਗਏ ਸਨ। ਇਨ੍ਹਾਂ ਵਿਚ ਮਿੱਠੇ ਪਕਵਾਨ ਵੀ ਸ਼ਾਮਲ ਸਨ। ਦਰਬਾਰ ਸਾਹਿਬ ਸਮੂਹ ਵਿਚਲੀਆਂ ਸਾਰੀਆਂ ਇਮਾਰਤਾਂ 'ਤੇ ਦੀਪਮਾਲਾ ਕੀਤੀ ਗਈ ਸੀ ਅਤੇ ਰਾਤ ਨੂੰ ਆਤਿਸ਼ਬਾਜ਼ੀ ਵੀ ਚਲਾਈ ਗਈ। ਦਰਬਾਰ ਸਾਹਿਬ ਦੇ ਮੈਨੇਜਰ ਜਸਵਿੰਦਰ ਸਿੰਘ ਦੀਨਪੁਰ ਨੇ ਆਖਿਆ ਕਿ ਇਸ ਵਾਰ 550ਵੇਂ ਪ੍ਰਕਾਸ਼ ਪੁਰਬ ਕਾਰਨ ਵੱਡੀ ਗਿਣਤੀ ਵਿਚ ਸੰਗਤ ਨੇ ਗੁਰੂ ਘਰ ਮੱਥਾ ਟੇਕਿਆ ਹੈ। ਭਾਵੇਂ ਸੁਲਤਾਨਪੁਰ ਲੋਧੀ ਵਿਚ ਮੁੱਖ ਸਮਾਗਮ ਸੀ, ਪਰ ਉੱਥੇ ਨਤਮਸਤਕ ਹੋਣ ਆਈ ਸੰਗਤ ਨੇ ਦਰਬਾਰ ਸਾਹਿਬ ਵਿਚ ਵੀ ਮੱਥਾ ਟੇਕਿਆ ਹੈ, ਜਿਸ ਕਾਰਨ ਇਸ ਵਾਰ ਪਿਛਲੇ ਵਰ੍ਹਿਆਂ ਨਾਲੋਂ ਸੰਗਤ ਵਧੇਰੇ ਗਿਣਤੀ ਵਿਚ ਪੁੱਜੀ ਸੀ। ਬੀਤੀ ਰਾਤ ਤੋਂ ਹੀ ਸੰਗਤ ਪੁੱਜਣੀ ਸ਼ੁਰੂ ਹੋ ਗਈ ਸੀ, ਜੋ ਅੱਜ ਸ਼ਾਮ ਤਕ ਜਾਰੀ ਰਹੀ। ਅੱਜ ਸੰਗਤ ਨੇ ਰਾਤ ਵੀ ਪਰਿਕਰਮਾ ਵਿਚ ਬਿਤਾਈ ਅਤੇ ਤੜਕੇ ਸਵੇਰੇ ਇਸ਼ਨਾਨ ਕਰ ਕੇ ਗੁਰੂ ਘਰ ਵਿਚ ਮੱਥਾ ਟੇਕਿਆ। ਪ੍ਰਕਾਸ਼ ਪੁਰਬ ਕਰ ਕੇ ਦਰਬਾਰ ਸਾਹਿਬ ਦੇ ਆਲੇ-ਦੁਆਲੇ ਤੋਂ ਇਲਾਵਾ ਸ਼ਹਿਰ ਵਿਚ ਵੀ ਵੱਖ-ਵੱਖ ਥਾਵਾਂ 'ਤੇ ਸੰਗਤ ਵਲੋਂ ਵੱਖ-ਵੱਖ ਤਰ੍ਹਾਂ ਦੇ ਲੰਗਰ ਲਾਏ ਗਏ ਸਨ।




ਦੇਸ਼ ਦੁਆਬਾ

# ਗੁਰੂ ਨਾਨਕ ਬਾਣੀ ਵਿਚ ਸਮਾਜਿਕ ਨਿਆਂ ਤੇ ਬਰਾਬਰੀ ਦੀ ਸੂਝ



**ਰੌਣਕੀ ਰਾਮ (ਡਾ.)**
ਪ੍ਰੋਫੈਸਰ, ਰਾਜਨੀਤੀ ਸ਼ਾਸਤਰ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।
91-97791-42308

ਗੁਰੂ ਨਾਨਕ ਦੀਆਂ ਸਿੱਖਿਆਵਾਂ ਸਮਝਣ ਲਈ ਸਾਨੂੰ ਪ੍ਰਾਚੀਨ ਤੇ ਮੱਧਕਾਲੀ ਭਾਰਤ ਦੇ ਸਮਾਜਿਕ, ਆਰਥਿਕ, ਧਾਰਮਿਕ ਤੇ ਰਾਜਨੀਤਕ ਸੰਦਰਭਾਂ ਨੂੰ ਆਲੋਚਨਾਤਮਕ ਨਜ਼ਰੀਏ ਤੋਂ ਘੋਖਣਾ ਚਾਹੀਦਾ ਹੈ। ਬਾਬਾ ਨਾਨਕ ਦੇ ਜੀਵਨ ਕਾਲ (1469-1539) ਤੋਂ ਤਕਰੀਬਨ 600 ਸਾਲ ਪਹਿਲਾਂ ਲਗਾਤਾਰ ਬਾਹਰੀ ਹਮਲਿਆਂ ਦਾ ਸਾਹਮਣਾ ਕਰਦਿਆਂ-ਕਰਦਿਆਂ ਭਾਰਤ ਗ਼ੁਲਾਮੀ ਦੀਆਂ ਜ਼ੰਜੀਰਾਂ ਵਿਚ ਜਕੜਿਆ ਜਾਣ ਲੱਗਾ। ਮੁਹੰਮਦ ਬਿਨ ਕਾਸਿਮ ਦੇ ਹਮਲੇ ਦੌਰਾਨ ਬ੍ਰਾਹਮਣ ਵੰਸ਼ ਦੇ ਰਾਜਾ ਦਾਹਰ ਦੀ ਮੌਤ ਤੋਂ ਬਾਅਦ ਮੁਸਲਿਮ ਹਕੂਮਤ ਦਾ ਦੌਰ ਸ਼ੁਰੂ ਹੁੰਦਾ ਹੈ। ਇਹ ਕਾਲ ਕਾਫ਼ੀ ਲੰਮਾ ਸਮਾਂ ਚੱਲਦਾ ਹੈ। ਇਸੇ ਦੌਰਾਨ ਬਾਬਾ ਨਾਨਕ ਸੱਚ, ਬਰਾਬਰੀ ਤੇ ਨਿਆਂ 'ਤੇ ਆਧਾਰਿਤ ਨਵੇਂ ਧਰਮ ਦਾ ਮੁੱਢ ਬੰਨ੍ਹਦੇ ਹਨ, ਜੋ ਦਸਵੇਂ ਪਾਤਸ਼ਾਹ ਨੇ ਸ੍ਰੀ ਆਦਿ ਗ੍ਰੰਥ ਨੂੰ ਗੁਰਗੱਦੀ ਦੇ ਕੇ ਸੰਪੂਰਨ ਕੀਤਾ।

ਰਾਜਾ ਦਾਹਰ ਤੋਂ 600 ਸਾਲ ਭਾਰਤ ਦੁਨੀਆਂ ਦੇ ਅਮੀਰ ਦੇਸ਼ਾਂ ਦੀ ਮੋਹਰਲੀ ਕਤਾਰ ਵਿਚ ਖਲੋਤਾ ਦਿਖਾਈ ਦਿੰਦਾ ਹੈ। ਭਾਰਤ ਨੇ ਤਜਾਰਤ ਰਾਹੀਂ ਇਹ ਮੁਕਾਮ ਹਾਸਲ ਕੀਤਾ ਸੀ। ਗਰਮ ਮਸਾਲਿਆਂ ਨੂੰ ਰੋਮ ਤਕ ਪਹੁੰਚਾਉਣ ਤੇ ਉਸਦੇ ਬਦਲੇ ਸੋਨਾ ਪ੍ਰਾਪਤ ਕਰਨਾ ਇਸ ਵਪਾਰ ਦਾ ਮੁੱਖ ਰੂਪ ਸੀ। ਇਹ ਤਜਾਰਤ ਸਮੁੰਦਰੀ ਤੇ ਖ਼ੁਸ਼ਕ ਰਸਤੇ ਰਾਹੀਂ ਹੁੰਦੀ ਸੀ। ਇਹ ਗੱਲ ਲੁਕੀ ਹੋਈ ਨਹੀਂ ਕਿ ਭਾਰਤ ਪਾਸ ਕੋਲਾਰ ਵਾਲੀ ਸੋਨੇ ਦੀ ਕੇਵਲ ਇਕੋ ਖਾਣ ਸੀ, ਪਰ ਭਾਰਤ ਵਿਚ ਬਹੁਤ ਮਾਤਰਾ ਵਿਚ ਸੋਨੇ ਦੇ ਵਿਸ਼ਾਲ ਭੰਡਾਰਾਂ ਦਾ ਜਮ੍ਹਾਂ ਹੋਣਾ ਇਸ ਗੱਲ ਦੀ ਹਾਮੀ ਭਰਦਾ ਹੈ ਕਿ ਇਹ ਸਭ ਕੁਝ ਬਾਹਰੀ ਵਪਾਰ ਜ਼ਰੀਏ ਸੰਭਵ ਹੋ ਸਕਿਆ।

ਮੁਹੰਮਦ ਬਿਨ ਕਾਸਿਮ ਤੋਂ ਬਾਅਦ ਜਿਸ ਤਰ੍ਹਾਂ ਦੇ ਸਮਾਜਿਕ ਤੇ ਧਾਰਮਿਕ ਹਾਲਾਤ ਪੈਦਾ ਹੋਏ, ਉਨ੍ਹਾਂ ਦੇ ਚੱਲਦੇ-ਚੱਲਦੇ ਜੋ ਆਰਥਿਕ ਤੇ ਰਾਜਨੀਤਕ ਬਣਤਰ ਬਣੀ, ਉਸ ਨਾਲ ਸਮਾਜ ਵਿਚ ਬਹੁਤ ਹਲਚਲ ਪੈਦਾ ਹੋਣੀ ਸ਼ੁਰੂ ਹੋਈ। ਇਸੇ ਹਲਚਲ ਦੌਰਾਨ ਕੁਝ ਸਮਾਂ ਪਾ ਕੇ ਜੇ ਇਕ ਬੰਨੇ ਮੁਸਲਿਮ ਰਾਜ ਦੀ ਪਕੜ ਮਜ਼ਬੂਤ ਹੋਈ ਤਾਂ ਦੂਸਰੇ ਪਾਸੇ ਸਮਾਜਿਕ ਤੌਰ 'ਤੇ ਅੰਧਵਿਸ਼ਵਾਸ ਤੇ ਪਖੰਡਵਾਦ ਦੀਆਂ ਜੜ੍ਹਾਂ ਡੂੰਘੀਆਂ ਹੁੰਦੀਆਂ ਗਈਆਂ। ਜਿੱਥੇ ਜਾਤਪਾਤ ਕਰਕੇ ਵਖਰੇਵਾਂ ਹੋਰ ਵੀ ਵਿਕਰਾਲ ਰੂਪ ਧਾਰਨ ਕਰਨ ਲੱਗਿਆ, ਉੱਥੇ ਪਾਖੰਡਵਾਦ ਨੇ ਨਵੇਂ-ਨਵੇਂ ਰੂਪ ਧਾਰਨ ਕਰਕੇ ਲੋਕਾਈ ਨੂੰ ਉਸਦੇ ਸਹੀ ਰਾਹ ਤੋਂ ਭਟਕਣ ਵੱਲ ਧੱਕਿਆ। ਪਾਰੇ ਨੂੰ ਭਸਮ ਕਰਕੇ ਤੇ ਉਸਦੇ ਸੇਵਨ ਰਾਹੀਂ ਅਮਰ ਹੋਣ ਦਾ ਸਿੱਧਾਂ ਦਾ ਢੌਂਗ ਰਚਣਾ ਤੇ ਵੱਖ-ਵੱਖ ਧਾਤਾਂ ਦੇ ਮਿਸ਼ਰਣ ਨੂੰ ਪਿਘਲਾ ਕੇ ਉਸ ਵਿਚ ਜੜੀਆਂ ਬੂਟੀਆਂ ਮਿਲਾ ਕੇ ਸੋਨਾ ਬਣਾਉਣਾ ਇਸ ਪਾਖੰਡਵਾਦ ਦੇ ਬਦਲਵੇਂ ਰੂਪ ਸਨ। ਇਸ ਪਾਖੰਡਵਾਦ ਦਾ ਇਕ ਹੋਰ ਰੂਪ ਜੋ ਇਸ ਸਮੇਂ ਦੌਰਾਨ ਨਜ਼ਰ ਆਉਂਦਾ ਹੈ, ਉਹ ਘਰ ਪਰਿਵਾਰ ਤਿਆਗ ਕੇ ਜੰਗਲਾਂ ਤੇ ਪਹਾੜਾਂ ਦੀ ਕੰਦਰਾਂ ਵਿਚ ਲੁਕ ਕੇ ਸਿੱਧੀਆਂ ਪ੍ਰਾਪਤ ਕਰਨਾ ਤੇ ਉਨ੍ਹਾਂ ਜ਼ਰੀਏ ਤੁੱਛ ਦੁਨਿਆਵੀ ਉਪਲੱਬਧੀਆਂ ਪ੍ਰਾਪਤ ਕਰਨ ਦੀ ਡੀਂਗ ਮਾਰਨਾ ਹੈ। ਇਹ ਸਾਰਾ ਸਮਾਂ ਤਕਰੀਬਨ ਡੇਢ ਹਜ਼ਾਰ ਸਾਲ ਬਣਦਾ ਹੈ। ਜਿਸ ਸਮੇਂ ਬਾਬਾ ਨਾਨਕ ਇਸ ਜਗਤ ਵਿਚ ਪ੍ਰਗਟ ਹੁੰਦੇ ਹਨ, ਉਸ ਬਾਰੇ ਭਾਈ ਗੁਰਦਾਸ ਜੀ ਲਿਖਦੇ ਹਨ:

ਸਤਿਗੁਰ ਨਾਨਕੁ ਪ੍ਰਗਟਿਆ
ਮਿਟੀ ਧੁੰਧੁ ਜਗਿ ਚਾਨਣ ਹੋਆ॥

ਬਾਬਾ ਨਾਨਕ ਜੀ ਨੇ ਆਪਣੀ ਬਾਣੀ ਤੇ ਆਪਣੀ ਜੀਵਨ ਸ਼ੈਲੀ ਰਾਹੀਂ ਲੋਕਾਈ ਨੂੰ ਵਹਿਮਾਂ-ਭਰਮਾਂ ਤੋਂ ਨਿਜਾਤ ਦਿਵਾ ਕੇ ਇਕੋ ਏਕਮ ਪਰਮਾਤਮਾ ਦੀ ਪ੍ਰਾਪਤੀ ਦੇ ਸੱਚੇ ਸਾਧਨ ਤੇ ਮਾਰਗ ਦੇ ਪ੍ਰਚਾਰ ਹਿੱਤ ਆਪਣਾ ਸੰਪੂਰਨ ਜੀਵਨ ਸਮਰਪਿਤ ਕੀਤਾ। ਉਨ੍ਹਾਂ ਦਾ ਉਪਦੇਸ਼ ਅੱਜ ਦੀਆਂ ਕੌਮੀ ਹੱਦਾਂ ਵਿਚ ਸੀਮਤ ਨਹੀਂ ਸੀ। ਉਨ੍ਹਾਂ ਨੇ ਦੂਰ-ਦੁਰਾਡੇ ਦੇਸ਼ ਵਿਦੇਸ਼ ਵਿਚ ਆਪਣੇ ਗਿਆਨ ਰਾਹੀਂ ਸਮਾਜ ਨੂੰ ਨਿਆਂ ਤੇ ਬਰਾਬਰੀ ਦੇ ਰਾਹ ਪਾਇਆ। ਉਨ੍ਹਾਂ ਦੀਆਂ ਦੇਸ਼-ਵਿਦੇਸ਼ ਵਿਚ ਕੀਤੀਆਂ ਯਾਤਰਾਵਾਂ ਨੂੰ ਉਦਾਸੀਆਂ ਦਾ ਨਾਂ ਦਿੱਤਾ ਜਾਂਦਾ ਹੈ, ਜਿਸ ਦੌਰਾਨ ਉਨ੍ਹਾਂ ਨੇ ਅਨੇਕ ਵਿਦਵਾਨਾਂ, ਵੱਖ-ਵੱਖ ਧਰਮਾਂ ਦੇ ਦਾਨਿਸ਼ਵਰਾਂ ਨਾਲ ਵਿਚਾਰ-ਵਟਾਂਦਰਾ ਕਰਦਿਆਂ ਸੱਚੇ ਮਾਰਗ 'ਤੇ ਪਹਿਰਾ ਦਿੱਤਾ। ਦੇਸ਼-ਵਿਦੇਸ਼ ਦੇ ਤਜਰਬੇ ਤੇ ਉਥੋਂ ਦੇ ਵਿਦਵਾਨਾਂ ਤੇ ਨਾਮਵਰ ਹਸਤੀਆਂ ਨਾਲ ਗੱਲਬਾਤ ਦੌਰਾਨ ਜੋ ਵਾਰਤਾਲਾਪ ਰਚੇ, ਉਸ 'ਤੇ ਆਧਾਰਿਤ ਵਿਸ਼ਾਲ ਅਧਿਆਤਮਕ ਗਿਆਨ ਦਾ ਅਲੌਕਿਕ ਭੰਡਾਰ ਲੋਕਾਈ ਦੇ ਭਲੇ ਲਈ ਸਾਡੇ ਤਕ ਪਹੁੰਚਿਆ। ਇਹ ਵਿਸ਼ਾਲ ਅਧਿਆਤਮਕ ਗਿਆਨ ਵਿਚ ਮੁੱਖ ਰਚਨਾਵਾਂ ਜਪੁ, ਸਿਧ ਗੋਸਟਿ, ਦੱਖਣੀ ਓਅੰਕਾਰ, ਬਾਰਹਮਾਹਾ, ਪਟੀ, ਮਾਝ ਕੀ ਵਾਰ, ਆਸਾ ਕੀ ਵਾਰ ਤੇ ਮਲਾਰ ਕੀ ਵਾਰ ਆਦਿ ਹਨ। ਬਾਬੇ ਨਾਨਕ ਦੀ ਸੰਪੂਰਨ ਬਾਣੀ ਤੋਂ ਸਾਨੂੰ ਆਪਣੇ ਜੀਵਨ ਵਿਚ ਕਿਵੇਂ ਸਚਿਆਰਾ ਹੋਇਆ ਜਾਵੇ, ਉਸਦੀ ਸੂਝ ਤੇ ਸੇਧ ਮਿਲਦੀ ਹੈ। ਇਸ ਸੂਝ ਤੇ ਸੇਧ ਨੂੰ ਦੋ ਮੁੱਖ ਬਿੰਦੂਆਂ ਰਾਹੀਂ ਸਮਝਣ ਦੀ ਕੋਸ਼ਿਸ਼ ਕਰਾਂਗੇ, ਜਿਸਨੂੰ ਸਿੱਖ ਧਰਮ ਦੇ ਪ੍ਰਮੁੱਖ ਥੰਮ੍ਹ ਵੀ ਕਿਹਾ ਜਾ ਸਕਦਾ ਹੈ। ਇਹ ਦੋ ਥੰਮ੍ਹ ਹਨ- ਜਾਤਪਾਤ ਦਾ ਮੁਕੰਮਲ ਖੰਡਨ ਅਤੇ ਔਰਤ ਦੀ ਮਰਦ ਨਾਲ ਬਰਾਬਰੀ ਦੀ ਹੈਸੀਅਤ ਤੇ ਸਮਾਨਤਾ।



ਭਾਵੇਂ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਜਾਤਪਾਤ ਦੇ ਮਾਰੂ ਪ੍ਰਭਾਵਾਂ ਬਾਰੇ ਤੇ ਇਸ ਤੋਂ ਨਿਜਾਤ ਹਾਸਲ ਕਰਨ ਲਈ ਤਥਾਗਤ ਬੁੱਧ ਤੇ ਉੱਤਰੀ ਭਾਰਤ ਦੀ ਭਗਤੀ ਲਹਿਰ ਦੌਰਾਨ ਕਾਫ਼ੀ ਕਦਮ ਪੁੱਟੇ ਗਏ ਸਨ, ਪਰ ਜਾਤਪਾਤ ਆਪਣੀ ਹੋਂਦ ਤੋਂ ਮੁਨਕਰ ਹੋਣ ਦਾ ਨਾਂ ਨਹੀਂ ਲੈ ਰਹੀ ਸੀ। ਗੁਰੂ ਜੀ ਨੇ ਜਾਤਪਾਤ ਵਾਲੀ ਮਨੁੱਖੀ ਵੰਡ ਨੂੰ ਸਮਾਜਿਕ ਤੇ ਅਧਿਆਤਮਕ ਰਾਹਾਂ ਵਿਚ ਰੋਕ ਦਾ ਮੁੱਖ ਕਾਰਨ ਦਰਸਾਇਆ। ਉਨ੍ਹਾਂ ਦਾ ਇਹ ਮੰਨਣਾ ਹੈ ਕਿ ਜਿਨ੍ਹਾਂ ਨੂੰ ਸਮਾਜ ਵਿਚ ਅਖੌਤੀ ਨੀਚ ਕਹਿ ਕੇ ਨਿੰਦਿਆ ਜਾਂਦਾ ਰਿਹਾ ਹੈ ਅਤੇ ਉਨ੍ਹਾਂ ਨੂੰ ਪਸ਼ੂਆਂ ਤੋਂ ਵੀ ਮਾੜਾ ਜੀਵਨ ਬਤੀਤ ਕਰਨ ਲਈ ਮਜਬੂਰ ਕੀਤਾ ਜਾਂਦਾ ਹੈ। ਇਸ ਤਰ੍ਹਾਂ ਦੇ ਵਰਤਾਰੇ ਦਾ ਜਾਤਪਾਤੀ ਵੰਡ 'ਤੇ ਆਧਾਰਿਤ ਸਮਾਜ ਤਰੱਕੀ ਕਿਵੇਂ ਕਰ ਸਕਦਾ ਹੈ ਤੇ ਗ਼ੁਲਾਮੀ ਦੀ ਜਕੜ ਤੋਂ ਕਿਵੇਂ ਬਾਹਰ ਆ ਸਕਦਾ ਹੈ? ਅਜਿਹਾ ਵਿਤਕਰੇ-ਭਰਪੂਰ ਸਮਾਜ ਅਧਿਆਤਮਕ ਪੱਧਰ 'ਤੇ ਉਸ ਇਕ ਪਰਮਾਤਮਾ ਦੀ ਬਖ਼ਸ਼ਿਸ਼ ਤੋਂ ਸੱਖਣਾ ਰਹਿ ਜਾਂਦਾ ਹੈ। ਉਨ੍ਹਾਂ ਨੇ ਸਪੱਸ਼ਟ ਸ਼ਬਦਾਂ ਵਿਚ ਇਸ ਬਾਰੇ ਚਾਨਣਾ ਪਾਇਆ ਹੈ:

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚ॥ ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥ ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ॥

ਆਪ ਫ਼ਰਮਾਉਂਦੇ ਹਨ ਕਿ ਨੀਚਾਂ ਦੇ ਅੰਦਰ ਦੀ ਜੋ ਸਭ ਤੋਂ ਨੀਚੀ ਜਾਤ ਹੈ, ਉਸ ਨਾਲ ਜੋ ਵਸੇਵਾ ਕਰੇਗਾ; ਉੱਥੇ ਹੀ ਅਕਾਲ ਪੁਰਖ ਦੀ ਕਿਰਪਾ ਦੀ ਬਹਾਰ ਹੋਵੇਗੀ। ਉਨ੍ਹਾਂ ਨੇ ਭਾਈ ਲਾਲੋ ਦੀ ਰੁੱਖੀ-ਸੁੱਖੀ ਖਾ ਕੇ ਤੇ ਮਲਕ ਭਾਗੋ ਦੀ ਹਰਾਮ ਦੀ ਕਮਾਈ ਤੋਂ ਬਣਾਏ ਲਜ਼ੀਜ਼ ਖਾਣੇ ਤੋਂ ਇਨਕਾਰੀ ਹੋ ਕੇ ਇਸ ਨੂੰ ਅਮਲੀ ਜਾਮਾ ਪਹਿਨਾਇਆ।

ਬਾਬੇ ਨਾਨਕ ਦਾ ਸਮਾਜਿਕ ਨਿਆਂ ਪ੍ਰਤੀ ਇਹ ਪਹਿਲਾ ਸਾਕਾਰਾਤਮਕ ਕਦਮ ਸੀ, ਜਿਸਨੂੰ ਉਨ੍ਹਾਂ ਨੇ ਆਪਣੀਆਂ ਉਦਾਸੀਆਂ ਤੋਂ ਬਾਅਦ ਕਰਤਾਰਪੁਰ ਵਿਚ ਹੱਥੀਂ ਖੇਤੀ ਕਰਕੇ ਕਿਰਤ, ਸੰਗਤ, ਵੰਡ ਛਕਣ ਤੇ ਨਾਮ ਜਪਣ ਨੂੰ ਅਮਲੀ ਰੂਪ ਵਿਚ ਲਾਗੂ ਕੀਤਾ। ਉਨ੍ਹਾਂ ਨੇ ਗ੍ਰਹਿਸਥੀ ਜੀਵਨ ਵਿਚ ਵਾਸਾ ਕਰਕੇ ਹੱਥੀਂ ਕਿਰਤ ਕਰਕੇ ਉਸ ਘਾਲ ਵਿਚੋਂ ਕੁਝ ਦੇਣ ਦੀ ਪਿਰਤ ਤੋਰੀ। ਕਿਰਤ ਕਰਨ, ਵੰਡ ਛਕਣ ਤੇ ਨਾਮ ਜਪਣ ਨੂੰ ਇਕੋ ਲੜੀ ਵਿਚ ਪਰੋਇਆ। ਉਹ ਨਾਮ ਜਿਹੜਾ ਬਿਨਾਂ ਕਿਰਤ ਕੀਤੇ ਤੇ ਵੰਡ ਕੇ ਛਕੇ ਜਪਿਆ ਜਾਵੇ - ਜਿਵੇਂ ਕਿ ਸਿੱਧ ਤੇ ਨਾਥ ਕਰਦੇ ਸਨ - ਤੋਂ ਲੋਕਾਈ ਨੂੰ ਬਚਣ ਦੀ ਤਾਕੀਦ ਕੀਤੀ। ਕਿਰਤ ਵਰਣ ਵਿਵਸਥਾ ਅਨੁਸਾਰ ਚੌਥੇ ਵਰਣ ਵਿਚ ਕਿਰਤ ਕਰਨ ਵਾਲੇ ਨੂੰ ਸ਼ੂਦਰ ਦਾ ਲਕਬ ਦੇ ਕੇ ਉਸਨੂੰ ਨੀਵਾਂ ਹੋਣ ਦਾ ਦੰਡ ਭੋਗਣ ਲਈ ਮਜਬੂਰ ਕਰਨ ਵਜੋਂ ਸਾਹਮਣੇ ਆਉਂਦੀ ਹੈ। ਜਿਸ ਦਾ ਪੂਰਨ ਤੌਰ 'ਤੇ ਨਿੱਘਰਿਆ ਹੋਇਆ ਰੂਪ ਜਾਤੀ ਪ੍ਰਥਾ ਰਾਹੀਂ ਸਾਹਮਣੇ ਆਉਂਦਾ ਹੈ। ਇੱਥੇ ਜਾਤ ਸਿੱਧੇ ਤੌਰ 'ਤੇ ਕਿੱਤੇ ਨਾਲ ਜੁੜਦੀ ਹੈ ਅਤੇ ਉਹ ਕਿੱਤਾ ਜਿਸ ਨੂੰ ਕਰਦਿਆਂ ਹੱਥ ਮੈਲੇ ਹੁੰਦੇ ਹਨ, ਉਸਨੂੰ ਨੀਵੀਂ ਜਾਤ ਦਾ ਕਿੱਤਾ ਗਰਦਾਨ ਕੇ ਉਸ ਕਿੱਤੇ ਨੂੰ ਕਰਨ ਵਾਲਿਆਂ ਨੂੰ ਮੁੱਢਲੇ ਮਨੁੱਖੀ ਅਧਿਕਾਰਾਂ ਤੋਂ ਵੰਚਿਤ ਕੀਤਾ ਜਾਂਦਾ ਹੈ। ਬਾਬੇ ਨਾਨਕ ਨੇ ਆਪਣੀਆਂ ਸਿੱਖਿਆਵਾਂ ਤੇ ਕਰਨੀ ਨਾਲ ਸਦੀਆਂ ਤੋਂ ਮਨੁੱਖੀ ਅਧਿਕਾਰ ਤੋਂ ਵੰਚਿਤ ਉਨ੍ਹਾਂ ਸਭ ਅਖੌਤੀ ਕੰਮੀਆਂ-ਕਮੀਣਾਂ ਨੂੰ ਉਨ੍ਹਾਂ ਦੀ ਕਿਰਤ ਦੇ ਆਧਾਰ 'ਤੇ ਜੀਵਨ ਬਤੀਤ ਕਰਦਿਆਂ ਸਚਿਆਰਾ ਹੋਣ ਦਾ ਮਾਣ ਬਖ਼ਸ਼ਿਆ। ਕਿਰਤ ਤੇ ਨਾਮ ਜਪਣ ਦੇ ਸੁਮੇਲ ਨੂੰ ਵੰਡ ਕੇ ਖਾਣ ਨਾਲ ਜਾਤ ਦੇ ਵਿਤਕਰੇ ਤੋਂ ਉੱਪਰ ਉਠ ਕੇ ਉਸ ਇਕ ਨਿਰੰਕਾਰ ਦੀ ਸਿੱਖਿਆ ਦਿੱਤੀ।

ਗੁਰੂ ਨਾਨਕ ਜੀ ਨੇ ਤੇ ਉਨ੍ਹਾਂ ਤੋਂ ਅਗਾਂਹ ਨੌਂ ਗੁਰੂਆਂ ਨੇ ਜਿਸ ਸੁਚੱਜੇ ਢੰਗ ਨਾਲ ਜਾਤਪਾਤ ਤੋਂ ਨਿਜਾਤ ਪਾਉਣ ਦਾ ਕਾਰਜ ਆਰੰਭਿਆ, ਉਸਦੀ ਨਾ ਤਾਂ ਉਨ੍ਹਾਂ ਤੋਂ ਪਹਿਲਾਂ ਤੇ ਨਾ ਹੀ ਉਨ੍ਹਾਂ ਤੋਂ ਬਾਅਦ ਕੋਈ ਹੋਰ ਬਿਹਤਰੀਨ ਮਿਸਾਲ ਸਾਡੇ ਸਾਹਮਣੇ ਆਉਂਦੀ ਹੈ। ਜੇ ਅੱਜ ਦੇ ਸਮਾਜ ਵਿਚ ਜਾਤਪਾਤ ਦੇ ਨਿਜ਼ਾਮ ਦਾ ਪੂਰਨ ਖ਼ਾਤਮਾ ਨਹੀਂ ਹੋ ਸਕਿਆ ਤਾਂ ਉਸਦੀ ਸਾਰੀ ਜ਼ਿੰਮੇਵਾਰੀ ਸਾਡੀ ਸਾਰਿਆਂ ਦੀ ਹੈ। ਬਾਬੇ ਨਾਨਕ ਤੇ ਉਨ੍ਹਾਂ ਦੇ ਘਰ ਦੀ ਸੱਚੀ ਬਾਣੀ ਨੂੰ ਅਸੀਂ ਆਪਣੇ ਜੀਵਨ ਵਿਚ ਅਮਲੀ ਰੂਪ ਨਾ ਦੇਣ ਕਾਰਨ ਇਸ ਸਮਾਜਿਕ ਬੁਰਾਈ ਨੂੰ ਪੂਰਨ ਤੌਰ 'ਤੇ ਖ਼ਤਮ ਨਹੀਂ ਕਰ ਸਕੇ। ਹੋਰ ਤਾਂ ਹੋਰ ਜਾਤ ਨਾਮ 'ਤੇ ਗੁਰੂ ਘਰਾਂ ਦੀ ਉਸਾਰੀ ਬਾਬੇ ਨਾਨਕ ਦੇ ਦਰਸਾਏ ਤੇ ਸ਼ੁਰੂ ਕੀਤੇ ਜਾਤਪਾਤ ਵਾਲੇ ਸਮਾਜ ਤੋਂ ਨਿਜਾਤ ਦਿਵਾਉਣ ਦੇ ਉੱਦਮ ਨੂੰ ਢਾਅ ਲਾਉਂਦੀ ਹੈ।

ਬਾਬੇ ਨਾਨਕ ਦੇ ਸਮਾਜਿਕ ਸੁਧਾਰ ਤੇ ਅਰਥ-ਭਰਪੂਰ ਜੀਵਨ ਜਿਉਣ ਦਾ ਜਾਚ ਦੂਸਰਾ ਸਤੰਭ ਔਰਤ ਦੀ ਬਰਾਬਰੀ ਦੇ ਸਿਧਾਂਤ ਨੂੰ ਮੰਨਿਆ ਜਾਂਦਾ ਹੈ। ਆਸਾ ਦੀ ਵਾਰ ਦੀ ਪਾਉੜੀ 19 ਵਿਚ ਉਹ ਵਿਸਥਾਰ ਨਾਲ ਸਮਝਾਉਂਦੇ ਹਨ ਕਿ ਮਨੁੱਖ ਦੀ ਉਪਜ ਇਸਤਰੀ ਦੀ ਕੁੱਖ ਤੋਂ ਹੁੰਦੀ ਹੈ ਤੇ ਇਸਤਰੀ ਹੀ ਉਸਦੀ ਪਾਲਣਹਾਰ ਬਣਦੀ ਹੈ। ਪਰਿਵਾਰ ਦਾ ਸੰਚਾਲਨ ਵੀ ਇਸਤਰੀ ਹੀ ਕਰਦੀ ਹੈ। ਇਸਤਰੀ ਹੀ ਭਾਈਚਾਰੇ ਤੇ ਸੱਭਿਅਤਾ ਦੀ ਨੀਂਹ ਰੱਖਦੀ ਹੈ ਅਤੇ ਉਸਨੂੰ ਅੱਗੇ ਵਧਾਉਂਦੀ ਹੈ। ਉਹ ਇਸਤਰੀ ਦੇ ਸਨਮਾਨ ਦੀ ਗੱਲ ਤੋਰਦੇ ਫਰਮਾਉਂਦੇ ਹਨ ਕਿ ਜਿਸ ਇਸਤਰੀ ਕੁੱਖੋਂ ਰਾਜੇ ਮਹਾਰਾਜੇ ਪੈਦਾ ਹੁੰਦੇ ਹੋਣ ਉਸ ਨੂੰ ਮੰਦਾ ਕਿਸ ਤਰ੍ਹਾਂ ਆਖਿਆ ਜਾ ਸਕਦਾ ਹੈ: ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥ ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥ ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥ ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥ ਭੰਡਹੁ ਹੀ ਭੰਡੁ ਉਪਜੈ ਭੰਡੈ ਬਾਝੁ ਨ ਕੋਇ॥ ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ॥ ਜਿਤੁ ਮੁਖਿ ਸਦਾ ਸਾਲਾਹੀਐ ਭਾਗਾ ਰਤੀ ਚਾਰਿ॥ ਨਾਨਕ ਤੇ ਮੁਖ ਊਜਲੇ ਤਿਤੁ ਸਚੈ ਦਰਬਾਰਿ॥

ਉਨ੍ਹਾਂ ਨੇ ਇਸਤਰੀ ਨੂੰ ਇਸ ਸੰਸਾਰ ਦੀ ਉਤਪਤੀ ਦੇ ਸਰੋਤ ਵਜੋਂ ਸਲਾਹਉਂਦਿਆਂ ਇਸਤਰੀ ਤੋਂ ਇਸਤਰੀ ਦੀ ਉਪਜ ਨੂੰ ਵੀ ਬਿਆਨ ਕੀਤਾ ਹੈ। ਇਸਤਰੀ ਤੋਂ ਬਿਨਾਂ ਜਨਮ ਅਸੰਭਵ ਹੋਣ ਦੀ ਗੱਲ ਕੀਤੀ ਹੈ। ਸਿਰਫ਼ ਇਕ ਅਵਿਨਾਸ਼ੀ ਪਰਮੇਸ਼ਰ ਹੀ ਹੈ, ਜਿਸ ਦੀ ਹੋਂਦ ਇਸਤਰੀ ਤੋਂ ਬਿਨਾਂ ਆਪਣੇ ਆਪ (ਸੈਭੰ) ਹੈ।

ਸਮਾਜ ਵਿਚ ਜਿਵੇਂ ਕਿ ਜਾਤਪਾਤ ਦੇ ਆਧਾਰ 'ਤੇ ਨੀਵੀਂਆਂ ਜਾਤਾਂ ਨਾਲ ਸਬੰਧਿਤ ਇਨਸਾਨਾਂ ਨਾਲ ਮਤਭੇਦਾਂ ਜ਼ਰੀਏ ਅਨਿਆਂ ਕੀਤਾ ਜਾਂਦਾ ਰਿਹਾ ਹੈ, ਉਸੇ ਹੀ ਤਰ੍ਹਾਂ ਸਾਡੇ ਸਮਾਜ ਵਿਚ ਇਸਤਰੀ ਨੂੰ ਛੋਟੇ ਤੇ ਅਪਵਿੱਤਰ ਸਮਝਣ ਦੀ ਕੁਰੀਤੀ ਵੀ ਪ੍ਰਚੱਲਿਤ ਰਹੀ ਹੈ। ਗੁਰੂ ਸਾਹਿਬ ਨੇ ਇਸ ਨੂੰ ਕੋਰੀ ਅਗਿਆਨਤਾ ਤੇ ਮੂਰਖਤਾ ਦਰਸਾਇਆ ਹੈ। ਔਰਤ ਨੂੰ ਸਿਰਫ਼ ਔਰਤ ਹੋਣ ਦੇ ਨਾਤੇ ਹੀਣ ਮੰਨਣ ਨੂੰ ਗੁਰੂ ਸਾਹਿਬ ਨੇ ਉਪਰੋਕਤ ਅੰਕਿਤ ਸਲੋਕ ਵਿਚ ਤਰਕ-ਸਹਿਤ ਖੰਡਨ ਕੀਤਾ ਹੈ।

ਸਮੁੱਚੇ ਰੂਪ ਵਿਚ ਗੁਰੂ ਨਾਨਕ ਜੀ ਦਾ ਜੀਵਨ ਤੇ ਬਾਣੀ ਮੱਧਕਾਲੀ ਭਾਰਤੀ ਸਮਾਜ ਵਿਚਲੀਆਂ ਤਮਾਮ ਕੁਰੀਤੀਆਂ ਤੇ ਉਨ੍ਹਾਂ ਤੋਂ ਮੁਕਤੀ ਦੇ ਸਾਧਨ ਦਾ ਹੱਲ ਦਰਸਾਉਂਦੀਆਂ ਹਨ। ਉਨ੍ਹਾਂ ਦੀ ਬਾਣੀ ਤੇ ਕਰਨੀ ਦੇ ਸਿਧਾਂਤ ਦੀ ਵਿਲੱਖਣਤਾ ਇਨ੍ਹਾਂ ਦੇ ਆਰੰਭੇ ਸਮਾਜਿਕ ਇਨਕਲਾਬ ਦੀ ਅਦੁੱਤੀ ਮਿਸਾਲ ਹੈ, ਜਿਸ ਰਾਹੀਂ ਉਨ੍ਹਾਂ ਨੇ ਆਪਣੇ ਸਮਕਾਲੀ ਸਰੋਕਾਰਾਂ ਨਾਲ ਸਿੱਧੇ ਤੌਰ 'ਤੇ ਜੂਝਦਿਆਂ ਸੱਚ ਦੇ ਮਾਰਗ ਦੀ ਪੈਰਵੀ ਕੀਤੀ। ਉਨ੍ਹਾਂ ਨੇ ਭਗਤੀ ਦੀ ਗੱਲ ਕੀਤੀ, ਪਰ ਉਹ ਭਗਤੀ ਕਿਸੇ ਵੀ ਪੱਖ ਤੋਂ ਸਮਾਜਿਕ, ਆਰਥਿਕ ਤੇ ਰਾਜਨੀਤਕ ਪਹਿਲੂਆਂ ਤੋਂ ਸੱਖਣੀ ਨਹੀਂ ਰੱਖੀ ਗਈ। ਭਗਤੀ ਨੂੰ ਜੀਵਨ ਵਿਚ ਰੱਖ ਕੇ ਪੇਸ਼ ਕੀਤਾ ਗਿਆ ਤੇ ਜੋ ਉਸਦਾ ਮਾਰਗ ਨਿਰਧਾਰਤ ਕੀਤਾ, ਉਹ ਸੰਸਾਰੀ ਵਿਹਾਰ ਨੂੰ ਉੱਤਮ ਤਰੀਕੇ ਨਾਲ ਚਲਾਉਂਦੇ ਹੋਏ 'ਕਿਛੁ ਸੁਣੀਐ ਕਿਛੁ ਕਹੀਐ' ਦੇ ਕਥਨ ਅਨੁਸਾਰ ਸੰਸਾਰ ਤੋਂ ਬੇਖ਼ਬਰ ਤੇ ਬੇਮੁਖ ਨਾ ਹੁੰਦੇ ਹੋਏ ਉਸਨੂੰ ਅਧਿਆਤਮਵਾਦ ਦੇ ਨਾਲ-ਨਾਲ ਜੀਵਨ ਪੱਧਤੀ ਦੇ ਉਥਾਨ ਦਾ ਮੁੱਖ ਕੇਂਦਰ ਬਣਾਇਆ। ਭਗਤੀ ਨੂੰ ਸਮਾਜਿਕ ਸੰਦਰਭ ਵਿਚ ਪੇਸ਼ ਕਰਕੇ ਲੋਕਪੱਖੀ ਰਾਜਨੀਤੀ ਤੇ ਅਰਥ-ਵਿਵਸਥਾ ਦੀ ਸਥਾਪਤੀ ਦਾ ਸਿਧਾਂਤ ਹੀ ਨਾਨਕਬਾਣੀ ਤੇ ਉਨ੍ਹਾਂ ਦੀਆਂ ਸਿੱਖਿਆਵਾਂ ਨੂੰ ਭਗਤੀ ਲਹਿਰ ਦੇ ਪ੍ਰਭੂ ਭਗਤੀ ਦੇ ਸਿਧਾਂਤ ਤੋਂ ਅਲੱਗ ਕਰਦਾ ਹੈ।

ਬਾਬਾ ਜੀ ਨੇ ਦੱਸਿਆ ਕਿ ਗੱਲੀਂ ਭੇਖੀਂ ਰੱਬ ਨਹੀਂ ਮਿਲਦਾ; ਗ੍ਰਹਿਸਥੀ ਵਿਚ ਰਹਿੰਦਿਆਂ ਸੱਚੇ ਮਾਰਗ ਚੱਲਦਿਆਂ ਚੰਗੇਰਾ ਜੀਵਨ ਨਿਰਬਾਹ ਹੁੰਦਾ ਹੈ, ਜਿਸਦੀ ਲੋਕ ਤੇ ਪਰਲੋਕ ਦੋਵਾਂ 'ਚ ਉਸਤਤ ਹੁੰਦੀ ਹੈ।

ਬਾਬਾ ਨਾਨਕ ਸੌੜੀ ਰਾਜਨੀਤੀ 'ਤੇ ਤਿੱਖਾ ਪ੍ਰਤੀਕਰਮ ਕਰਦੇ ਹੋਏ 'ਰਾਜੇ ਸੀਹ ਮੁਕਦਮ ਕੁਤੇ' ਰਾਹੀਂ ਭਗਤੀ ਤੇ ਰਾਜਨੀਤੀ ਨੂੰ ਸਹੀ ਮਾਅਨਿਆਂ ਵਿਚ ਸੱਚ ਦੀ ਲੋਅ ਵਿਚ ਪੇਸ਼ ਕਰਦੇ ਹਨ। ਬਾਬਾ ਨਾਨਕ ਦਾ ਪੂਰਾ ਜੀਵਨ ਤੇ ਸਿੱਖਿਆਵਾਂ ਸਮਾਜਿਕ ਨਿਆਂ ਤੇ ਔਰਤ ਦੀ ਬਰਾਬਰੀ ਨੂੰ ਮੁੱਖ ਰੱਖਦਿਆਂ ਰੂਹਾਨੀਅਤ ਦੀ ਪਿੱਠਭੂਮੀ ਵਜੋਂ ਇਨ੍ਹਾਂ ਦੀ ਅਹਿਮੀਅਤ ਦਰਸਾਉਂਦੀਆਂ ਹਨ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਮਨਾਇਆ ਸਤਿਗੁਰੂ ਸੈਣ ਮਹਾਰਾਜ ਜੀ ਦਾ ਪ੍ਰਕਾਸ਼ ਪੁਰਬ







**ਯੂਬਾ ਸਿਟੀ–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਜੀ ਦੇ ਸਹਯੋਗ ਨਾਲ ਧੰਨ ਧੰਨ ਸਤਿਗੁਰੂ ਸੈਣ ਮਹਾਰਾਜ ਜੀ ਦਾ ਪ੍ਰਕਾਸ਼ ਪੁਰਬ 8, 9, 10 ਨਵੰਬਰ ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ ਨੂੰ ਧੰਨ ਧੰਨ ਸਤਿਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੀ ਪਾਵਨ ਪਵਿੱਤਰ ਛਤਰ ਛਾਇਆ ਹੇਠ ਮਨਾਇਆ ਗਿਆ, ਜਿਸ ਵਿਚ 8 ਨਵੰਬਰ ਦਿਨ ਸ਼ੁੱਕਰਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਆਰੰਭ ਕੀਤੇ ਗਏ, ਜਿਹਨਾਂ ਦੇ ਪੋਗ 10 ਨਵੰਬਰ ਦਿਨ ਐਤਵਾਰ ਨੂੰ ਪਾਏ ਗਏ। ਭੋਗ ਉਪਰੰਤ ਮਹਾਨ ਕੀਰਤਨ







ਦਰਬਾਰ ਸਜਾਏ ਗਏ, ਜਿਸ ਵਿਚ ਗੁਰੂ ਘਰ ਦੇ ਹਜ਼ੂਰੀ ਜਥੇ ਭਾਈ ਗੁਰਦਿਆਲ ਸਿੰਘ ਜੀ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਇਸ ਤੋਂ ਇਲਾਵਾ ਜਥੇਦਾਰ ਗੁਰਨਾਮ ਸਿੰਘ ਭੰਡਾਲ ਜੀ (ਵਾਈਸ ਪ੍ਰਧਾਨ ਗੁਰੂ ਘਰ) ਨੇ ਗੁਰਬਾਣੀ ਕਥਾ ਦੁਆਰਾ ਸੰਗਤ ਨੂੰ ਨਿਹਾਲ ਕੀਤਾ। ਕਵੀਰਾਜ ਸ੍ਰੀ ਸ਼ਾਮ ਪਾਲ ਜੀ ਨੇ ਆਪਣੀਆਂ ਕਵਿਤਾਵਾਂ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਸਟੇਜ ਸੈਕਟਰੀ ਦੀ ਸੇਵਾ ਸ੍ਰੀ ਰਾਮ ਸੇਵਕ ਭਾਟੀਆ ਜੀ (ਹੈਡ ਕੈਸ਼ੀਅਰ ਗੁਰੂ ਘਰ) ਨੇ ਨਿਭਾਈ। ਗੁਰੂ ਕੇ ਲੰਗਰ ਤਿੰਨੇ ਦਿਨ ਅਤੁੱਟ ਵਰਤਾਏ ਗਏ। ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਗੁਰੂ ਘਰ ਦੇ ਸੇਵਕ ਸ੍ਰੀ ਸੁਸ਼ੀਲ ਕੁਮਾਰ ਜੀ ਨੂੰ ਸਿਰੋਪਾਓ ਬਖਸ਼ਿਸ਼ ਕੀਤੇ ਗਏ। ਇਸ ਸਮਾਗਮ ਵਿਚ ਬਹੁਤ ਵੱਡੀ ਗਿਣਤੀ ਵਿਚ ਸੰਗਤਾਂ ਨੇ ਗੁਰੂ ਘਰ ਵਿਖੇ ਹਾਜ਼ਰੀ ਲਗਵਾਈ। ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਦਲਵਿੰਦਰ ਰੱਲ੍ਹ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

## ਗੁਰੂ ਨਾਨਕ ਦੇਵ ਜੀ ਦੇ 550ਵੇਂ ਗੁਰਪੁਰਬ ਨੂੰ ਸਮਰਪਿਤ ਗੁਰੂ ਘਰ ਵੈਸਟ ਸੈਕਰਾਮੈਂਟੋ ਵਲੋਂ ਕਵੀ ਦਰਬਾਰ

**ਸੈਕਰਾਮੈਂਟੋ–** ਵੈਸਟ ਸੈਕਰਾਮੈਂਟੋ ਗੁਰੂ ਘਰ ਵਲੋਂ ਸਮੂਹ ਪੰਜਾਬੀ ਸਾਹਿਤ ਸਭਾਵਾਂ ਨੂੰ ਸੱਦਾ ਦਿੱਤਾ ਜਾਂਦਾ ਹੈ ਕਿ ਗੁਰੂ ਨਾਨਕ ਦੇਵ ਜੀ ਦੇ 550ਵੇਂ ਗੁਰਪੂਰਬ ਨੂੰ ਸਮਰਪਿਤ ਕਵੀ ਦਰਬਾਰ ਵਿੱਚ ਸ਼ਾਮਲ ਹੋਵਣ । ਪ੍ਰੋਗਰਾਮ 16 ਨਵੰਬਰ 2019 ਸ਼ਾਮ 6 ਵਜ਼ੇ ਤੋਂ 7 ਵਜ਼ੇ ਤੱਕ ਹੋਵੇਗਾ। ਸਾਰੇ ਸਾਹਿਤ ਪ੍ਰੇਮੀਆਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਸਿੱਖ ਫ਼ਲਸਫੇ ਨਾਲ ਸਬੰਧਿਤ ਤੇ ਗੁਰੂ ਨਾਨਕ ਦੇਵ ਜੀ ਦੇ ਮੁਢਲੇ ਯੋਗਦਾਨ ਦੇ ਸਬੰਧ ਵਿਚ ਕਵਿਤਾਵਾਂ ਪੇਸ਼ ਕੀਤੀਆਂ ਜਾਣ। ਸਮੂਹ ਸਾਧਸੰਗਤ ਨੂੰ ਵੀ ਸ਼ਾਮ ਦੇ ਦੀਵਾਨਾਂ ਵਿੱਚ ਹਾਜਰੀ ਭਰਨ ਦੀ ਬੇਨਤੀ ਹੈ । ਕਿਸੇ ਵੀ ਜਾਣਕਾਰੀ ਲਈ ਸਰਦਾਰ ਬਲਬੀਰ ਸਿੰਘ ਢਿਲੋਂ (916-919-6196) ਜਾਂ ਭਾਈ ਹਰਪ੍ਰੀਤ ਸਿੰਘ (916-240-3441) ਨਾਲ ਸੰਪਰਕ ਕੀਤਾ ਜਾ ਸਕਦਾ ਹੈ ।

## ਮਹਾਰਾਸ਼ਟਰ- ਸ਼ਿਵ ਸੈਨਾ ਦੇ ਖਿੜਕਣ ਮਗਰੋਂ ਐਨਸੀਪੀ ਨੂੰ ਮਿਲਿਆ ਮੌਕਾ

**ਮੁੰਬਈ–** ਮਹਾਰਾਸ਼ਟਰ ਵਿੱਚ ਸਰਕਾਰ ਬਣਾਉਣ ਲਈ ਚੱਲ ਰਹੇ ਜੋੜ ਤੋੜ ਦਰਮਿਆਨ ਰਾਜਪਾਲ ਭਗਤ ਸਿੰਘ ਕੋਸ਼ਿਆਰੀ ਨੇ ਸ਼ਿਵ ਸੈਨਾ ਵੱਲੋਂ ਸਰਕਾਰ ਬਣਾਉਣ ਲਈ ਲੋੜੀਂਦੀ ਹਮਾਇਤ ਸਬੰਧੀ ਪੱਤਰ ਪੇਸ਼ ਕਰਨ ਵਿਚ ਨਾਕਾਮ ਰਹਿਣ ਮਗਰੋਂ ਦੇਰ ਰਾਤ ਰਾਸ਼ਟਰਵਾਦੀ ਕਾਂਗਰਸ ਪਾਰਟੀ (ਐਨ ਸੀ ਪੀ) ਨੂੰ ਅਗਲੇ 24 ਘੰਟਿਆਂ ’ਚ ਸਰਕਾਰ ਬਣਾਉਣ ਦਾ ਸੱਦਾ ਦਿੱਤਾ ਹੈ। ਐਨਸੀਪੀ ਨੇ ਹਾਂਲਾਕਿ ਸਾਫ਼ ਕਰ ਦਿੱਤਾ ਕਿ ਉਹ ਆਪਣੇ ਭਾਈਵਾਲ ਕਾਂਗਰਸ ਨਾਲ ਸਲਾਹ ਮਸ਼ਵਰੇ ਮਗਰੋਂ ਭਲਕੇ ਕੋਈ ਫੈਸਲਾ ਲਏਗੀ। ਇਸ ਤੋਂ ਪਹਿਲਾਂ ਸ਼ਿਵ ਸੈਨਾ ਨੇ ਲੋੜੀਂਦੀ ‘ਸਧਾਂਤਕ’ ਹਮਾਇਤ ਦਰਸਾਉਣ ਲਈ ਰਾਜਪਾਲ ਕੋਲੋਂ ਤਿੰਨ ਦਿਨ ਦਾ ਸਮਾਂ ਮੰਗਿਆ ਸੀ, ਪਰ ਰਾਜਪਾਲ ਨੇ ਇਸ ਤੋਂ ਕੋਰੀ ਨਾਂਹ ਕਰ ਦਿੱਤੀ।




ਇਸੇ ਦੌਰਾਨ ਦੇਰ ਰਾਤ ਐਨਸੀਪੀ ਆਗੂ ਅਜੀਤ ਪਵਾਰ ਤੇ ਧਨੰਜਯ ਮੁੰਡੇ ਨੇ ਰਾਜਪਾਲ ਕੋਸ਼ਿਆਰੀ ਨਾਲ ਮੁਲਾਕਾਤ ਮਗਰੋਂ ਕਿਹਾ ਕਿ ਸੂਬੇ ਵਿੱਚ ਤਿੰਨ ਪਾਰਟੀਆਂ ਦੇ ਗੱਠਜੋੜ ਨਾਲ ਹੀ ਸਰਕਾਰ ਬਣੇਗੀ। ਉਧਰ, ਭਾਜਪਾ ਨੇ ਅਗਲੇਰੀ ਰਣਨੀਤੀ ਘੜਨ ਲਈ ਮੰਗਲਵਾਰ ਨੂੰ ਕੋਰ ਕਮੇਟੀ ਦੀ ਮੀਟਿੰਗ ਸੱਦ ਲਈ ਹੈ।

ਰਾਜਪਾਲ ਕੋਸ਼ਿਆਰੀ ਨੇ ਭਾਜਪਾ ਤੇ ਸ਼ਿਵ ਸੈਨਾ ਮਗਰੋਂ ਹੁਣ ਰਾਸ਼ਟਰਵਾਦੀ ਕਾਂਗਰਸ ਪਾਰਟੀ (ਐਨਸੀਪੀ) ਨੂੰ 24 ਘੰਟਿਆਂ ਅੰਦਰ ਸੂਬੇ ਵਿੱਚ ਨਵੀਂ ਸਰਕਾਰ ਦੇ ਗਠਨ ਲਈ ਸੱਦਾ ਦਿੱਤਾ ਹੈ। ਐਨਸੀਪੀ ਦੇ ਕੌਮੀ ਬੁਲਾਰੇ ਨਵਾਬ ਮਲਿਕ ਨੇ ਕਿਹਾ, ’ਰਾਜਪਾਲ ਨੇ ਸਾਡੀ ਪਾਰਟੀ ਨੂੰ ਸਰਕਾਰ ਬਣਾਉਣ ਲਈ ਸੱਦਾ ਭੇਜਿਆ ਹੈ। ਅਸੀਂ ਭਲਕੇ ਕਾਂਗਰਸ ਨਾਲ ਮੀਟਿੰਗ ਕਰਕੇ ਨਵੀਂ ਸਰਕਾਰ ਦੇ ਗਠਨ ਦੇ ਢੰਗ ਤੇ ਤੌਰ-ਤਰੀਕਿਆਂ ਬਾਰੇ ਚਰਚਾ ਕਰਾਂਗੇ।’ ਇਸ ਤੋਂ ਪਹਿਲਾਂ ਐਨਸੀਪੀ ਆਗੂ ਤੇ ਸਾਬਕਾ ਉਪ ਮੁੱਖ ਮੰਤਰੀ ਅਜੀਤ ਪਵਾਰ ਨੇ ਮੀਡੀਆ ਨੂੰ ਦੱਸਿਆ ਸੀ ਕਿ ਰਾਜਪਾਲ ਨੇ ਰਾਤ ਸਾਢੇ ਅੱਠ ਵਜੇ ਦੇ ਕਰੀਬ ਉਨ੍ਹਾਂ ਨੂੰ ਸੱਦਾ ਭੇਜਿਆ ਹੈ ਤੇ ਉਹ ਅੱਧੀ ਦਰਜਨ ਦੇ ਕਰੀਬ ਹੋਰਨਾਂ ਆਗੂਆਂ ਨਾਲ ਰਾਜ ਭਵਨ ਜਾ ਰਹੇ ਹਨ।


SKY TRANSPORT SOLUTIONS

STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

2680 N TRACY BLVD, SUITE 4, TRACY, CA 95376

# ਫਰੀਮਾਂਟ ਗੁਰੂ ਘਰ ਦੀ ਚੋਣ ਸਬੰਧੀ ਬੇ-ਏਰੀਆ ਸਿੱਖ ਅਲਾਇੰਸ ਦੀ ਮੀਟਿੰਗ

**ਫਰੀਮਾਂਟ–** ਗੁਰੂ ਘਰ ਫਰੀਮਾਂਟ ਦੀ ਪ੍ਰਬੰਧਕ ਕਮੇਟੀ ਦੀ ਚੋਣ ਮਾਰਚ 2020 ਵਿਚ ਹੋਣੀ ਹੈ, ਜਿਸ ਸਬੰਧੀ 10 ਨਵੰਬਰ 2019 ਨੂੰ ਬੇ-ਏਰੀਆ ਸਿੱਖ ਅਲਾਇੰਸ ਦੇ ਮੈਂਬਰ ਅਤੇ ਸੰਗਤ ਦੀ ਮੀਟਿੰਗ ਹੋਈ, ਜਿਸ ਵਿਚ ਬੇ-ਏਰੀਆ ਸਿੱਖ ਅਲਾਇੰਸ ਵੱਲੋਂ ਦੋਹਾਂ ਪੰਚਾਇਤਾਂ ਦੇ ਵਿਰੁੱਧ ਸੰਗਤ ਦਾ ਤੀਜਾ ਧੜਾ ਖੜ੍ਹਾ ਕਰਨ ਦੀ ਤਜਵੀਜ਼ ਰੱਖੀ ਗਈ। ਆਉਣ ਵਾਲੇ ਦਿਨਾਂ ਵਿਚ ਸੇਵਾਦਾਰਾਂ ਅਤੇ ਸੰਗਤ ਦੀ ਸਲਾਹ ਨਾਲ ਸੁਪਰੀਮ ਮੈਂਬਰ ਖੜ੍ਹੇ ਕੀਤੇ ਜਾਣਗੇ, ਇਸ ਮੀਟਿੰਗ ਵਿਚ ਸੁਦੇਸ਼ ਸਿੰਘ ਅਟਵਾਲ,



ਤਾਰਾ ਸਿੰਘ ਗਿੱਲ, ਜਸਵੀਰ ਸਿੰਘ ਤੱਖਰ, ਬਲਵੀਰ ਸਿੰਘ, ਸੁਰਜੀਤ ਸਿੰਘ, ਕੁਲਦੀਪ ਸਿੰਘ, ਜਸਵੰਤ ਸਿੰਘ ਬਾਸੀ, ਪ੍ਰੀਤਮ ਸਿੰਘ, ਗੁਰਮੁਖ ਸਿੰਘ, ਜਰਨੈਲ ਸਿੰਘ, ਤਰਨਜੀਤ ਸਿੰਘ, ਬਲਜੀਤ ਸਿੰਘ, ਦਲਜੀਤ ਸਿੰਘ ਹੋਰਾਂ ਨੇ ਹਿੱਸਾ ਲਿਆ। ਸਾਰੇ ਮੈਂਬਰਾਂ ਨਾਲ ਸਲਾਹ ਕਰਕੇ ਆਉਣ ਵਾਲੇ ਦਿਨਾਂ ਵਿਚ ਹੋਰ ਮੀਟਿੰਗਾਂ ਕਰਨ ਦਾ ਫੈਸਲਾ ਕੀਤਾ। ਹੋਰ ਜਾਣਕਾਰੀ ਲਈ ਜਸਵੀਰ ਸਿੰਘ ਤੱਖਰ 510 755 2132, ਜਸਵੰਤ ਸਿੰਘ ਬਾਸੀ 510 714 4968 ਨਾਲ ਸਥਾਪਤ ਕੀਤਾ ਜਾ ਸਕਦਾ ਹੈ।

# ਉੱਤਰੀ ਸਕਾਟਲੈਂਡ 'ਚ ਸਪੁਰਦ ਏ ਖਾਕ ਕੀਤੇ ਵਿਸ਼ਵ ਯੁੱਧ ਦੌਰਾਨ ਸ਼ਹੀਦ 13 ਸੈਨਿਕਾਂ ਦੀ ਯਾਦ 'ਚ ਸਮਾਗਮ ਹੋਇਆ

**ਲੰਡਨ/ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ)** ਸਕਾਟਲੈਂਡ ਸਥਿਤ ਸੰਸਥਾ ਕਲਰਫੁੱਲ ਹੈਰੀਟੇਜ਼ ਵੱਲੋਂ ਪਹਿਲੇ ਤੇ ਦੂਜੇ ਵਿਸ਼ਵ ਯੁੱਧ ਵੇਲੇ ਬਰਤਾਨੀਆ ਤਰਫੋਂ ਲੜ ਕੇ ਜਾਨਾਂ ਨਿਛਾਵਰ ਕਰ ਗਏ ਮੁਸਲਿਮ, ਸਿੱਖ ਅਤੇ ਹਿੰਦੂ ਸੈਨਿਕਾਂ ਨੂੰ ਯਾਦ ਕਰਨ ਹਿਤ ਸਮੇਂ ਸਮੇਂ 'ਤੇ ਸਮਾਗਮ ਕਰਵਾਏ ਜਾਂਦੇ ਹਨ। ਇਸੇ ਲੜੀ ਤਹਿਤ ਹੀ ਅਣਵੰਡੇ ਭਾਰਤ ਵੇਲੇ ਬਰਤਾਨਵੀ ਸੈਨਾ ਦੀ ਫੋਰਸ ਕੇ 6 ਵਿੱਚ ਸੇਵਾਵਾਂ ਨਿਭਾਉਂਦੇ ਸ਼ਹੀਦ ਹੋਏ 13 ਭਾਰਤੀ ਮੁਸਲਿਮ ਸੈਨਿਕਾਂ ਦੀ ਯਾਦ ਵਿੱਚ ਬੀਤੇ ਦਿਨੀਂ ਵਿਸ਼ੇਸ਼ ਸਮਾਗਮ ਕਲਰਫੁੱਲ ਹੈਰੀਟੇਜ਼ ਦੀ ਪ੍ਰਾਜੈਕਟ ਅਫ਼ਸਰ ਡਾ: ਸਾਕਿਬ ਰਜ਼ਾਕ ਦੀ ਅਗਵਾਈ ਵਿੱਚ ਗਲਾਸਗੋ ਦੇ ਲੌਰੇਨ ਹੋਟਲ ਵਿਖੇ ਕਰਵਾਇਆ ਗਿਆ।

ਉੱਤਰੀ ਸਕਾਟਲੈਂਡ ਦੀ ਧਰਤੀ 'ਤੇ ਅਲੀ ਬਹਾਦਰ (38 ਸਾਲ), ਫਜਲ ਅਲੀ (25), ਮੁਹੰਮਦ (29), ਬਾਰੀ ਸ਼ੇਰ (37), ਖਾਨ ਮੁਹੰਮਦ (32), ਮੁਹੰਮਦ ਸਾਦਿਕ (29), ਦਦਨ ਖਾਨ (22), ਖੁਸ਼ੀ ਮੁਹੰਮਦ (35), ਮੁਸਤਾਕ ਅਹਿਮਦ (21) ਨੂੰ ਇਨਵਰਨੈੱਸ-ਸ਼ਾਇਰ ਕਬਰਸਤਾਨ ਵਿਖੇ, ਮੀਰ ਜ਼ਾਮਨ (22) ਨੂੰ ਐਬਰਡੀਨ ਕਬਰਸਤਾਨ ਵਿਖੇ, ਅਬਦੁਲ ਰਹਿਮਾਨ



(37) ਅਤੇ ਗੁਲਾਮ ਨਬੀ (24) ਨੂੰ ਡੋਰਨਕ ਕਬਰਸਤਾਨ ਵਿਖੇ ਅਤੇ ਕਰਮ ਦਾਦ (22) ਨੂੰ ਬਾਂਫਸ਼ਾਇਰ ਦੇ ਗਰੇਂਜ ਕਬਰਸਤਾਨ ਵਿਖੇ ਸਪੁਰਦ ਏ ਖਾਕ ਕੀਤਾ ਗਿਆ ਸੀ। ਸੰਸਥਾ ਵੱਲੋਂ ਵੱਖ ਵੱਖ ਭਾਈਚਾਰਿਆਂ ਦੇ ਲੋਕਾਂ ਨੂੰ ਨਾਲ ਲੈ ਕੇ ਉਪਰੋਕਤ ਕਬਰਸਤਾਨਾਂ ਵਿੱਚ ਵਿਸ਼ੇਸ਼ ਤੌਰ 'ਤੇ ਜਾ ਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਡਾ: ਸਾਕਿਬ ਰਜ਼ਾਕ ਵੱਲੋਂ ਹਾਜ਼ਰੀਨ ਦਾ ਧੰਨਵਾਦ ਕਰਨ ਉਪਰੰਤ ਸ਼ਹੀਦਾਂ ਬਾਰੇ ਵਿਸਥਾਰਤ ਜਾਣਕਾਰੀ ਸਾਂਝੀ ਕੀਤੀ।

ਉਹਨਾਂ ਕਿਹਾ ਕਿ ਸਾਡੀ ਸੰਸਥਾ ਦਾ ਮੁੱਖ ਮੰਤਵ ਹੀ ਸਾਡੇ ਮਾਣਮੱਤੇ ਸ਼ਹੀਦਾਂ ਨੂੰ ਲੋਕਾਈ ਦੇ ਰੂਬਰੂ ਕਰਵਾਉਣਾ ਹੈ ਤਾਂ ਕਿ ਸਾਡੀਆਂ ਆਉਣ ਵਾਲੀਆਂ ਨਸਲਾਂ ਕੋਲ ਉਹਨਾਂ ਦੇ ਜੀਵਨ ਅਤੇ ਘਾਲਣਾ ਬਾਰੇ ਮੁਕੰਮਲ ਜਾਣਕਾਰੀ ਉਪਲਬਧ ਪਈ ਹੋਵੇ। ਜਿੱਥੇ ਇਸ ਸਮਾਗਮ ਦੌਰਾਨ ਐਡਿਨਬਰਾ ਕੌਂਸਲ ਜਨਰਲ ਹਿਤੇਸ਼ ਜੇ ਰਾਜਪਾਲ ਨੇ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰੀ ਉੱਥੇ ਮੇਜਰ ਜਨਰਲ ਬੌਬ ਬਰੂਸ, ਈਅਨ ਡਿਕਸਨ, ਰਿਲੀਜਨਜ਼ ਫਾਰ ਪੀਸ ਸੰਸਥਾ ਵੱਲੋਂ ਰਾਵਿੰਦਰ ਕੌਰ ਨਿੱਝਰ, ਬਾਪੂ ਦਰਬਾਰਾ ਸਿੰਘ ਭੁੱਲਰ (ਕੋਕਰੀ ਕਲਾਂ), ਕਮਲਜੀਤ ਸਿੰਘ ਭੁੱਲਰ, ਉਮਰ ਸ਼ੇਖ਼, ਡਾ: ਅਮਰਜੀਤ ਸਿੰਘ ਨਿੱਝਰ, ਇਮਾਮ ਅਸਮ, ਡਾ: ਗੀ ਬੋਅਮੈਨ, ਮਿਸਟਰ ਵਿਨਲੇ, ਮਿਸਟਰ ਡੰਕਨ, ਜਹਾਨ ਮਹਿਮੂਦ, ਨਵੀਦ, ਸ਼ਾਜ਼ੀਆ ਦੁਰਾਨੀ ਆਦਿ ਵਿਸ਼ੇਸ਼ ਤੌਰ 'ਤੇ ਹਾਜਰ ਸਨ।

# ਗੁਰੂ ਨਾਨਕ ਸਿੱਖ ਟੈਂਪਲ ਗਲਾਸਗੋ ਵਿਖੇ ਸ਼੍ਰੋਮਣੀ ਭਗਤ ਨਾਮਦੇਵ ਜੀ ਦੇ ਪ੍ਰਕਾਸ਼ ਦਿਹਾੜੇ ਸੰਬੰਧੀ ਸਮਾਗਮ

## ਕਰਤਾਰਪੁਰ ਲਾਂਘੇ ਸੰਬੰਧੀ ਇਮਰਾਨ ਖਾਨ, ਨਵਜੋਤ ਸਿੱਧੂ ਤੇ ਭਾਰਤ ਸਰਕਾਰ ਵਧਾਈ ਦੀ ਪਾਤਰ

**ਲੰਡਨ/ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ)** ਗਲਾਸਗੋ ਸਥਿਤ ਗੁਰੂ ਨਾਨਕ ਸਿੱਖ ਟੈਂਪਲ ਓਟੈਗੋ ਸਟਰੀਟ ਵਿਖੇ ਸ਼੍ਰੋਮਣੀ ਭਗਤ ਨਾਮਦੇਵ ਜੀ ਦਾ ਪ੍ਰਕਾਸ਼ ਦਿਹਾੜੇ ਸੰਬੰਧੀ ਵਿਸ਼ੇਸ਼ ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਸਮੇਂ ਪ੍ਰਧਾਨ ਭੁਪਿੰਦਰ ਸਿੰਘ ਬਰ੍ਹਮੀਂ, ਸਕੱਤਰ ਸੋਹਣ ਸਿੰਘ ਸੋਂਦ ਅਤੇ ਮੀਤ ਪ੍ਰਧਾਨ ਜਸਵੀਰ ਸਿੰਘ ਜੱਸੀ ਵੱਲੋਂ ਸੰਗਤਾਂ ਨੂੰ ਮੁਖਾਤਿਬ ਹੁੰਦਿਆਂ ਭਗਤ ਨਾਮਦੇਵ ਜੀ ਦੇ ਸੰਬੰਧ ਵਿੱਚ ਵਿਸਥਾਰਿਤ ਵਿਚਾਰ ਪੇਸ਼ ਕਰਦਿਆਂ ਉਹਨਾਂ ਦੀਆਂ ਸਿੱਖਿਆਵਾਂ ?ਤੇ ਅਮਲ ਕਰਨ ਦੀ ਬੇਨਤੀ ਕੀਤੀ।



ਇਸ ਉਪਰੰਤ ਉਹਨਾਂ ਸਮੂਹ ਸੰਗਤ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ ਕਰਤਾਰਪੁਰ ਸਾਹਿਬ ਨੂੰ ਜਾਣ ਵਾਲਾ ਲਾਂਘਾ ਖੁੱਲ੍ਹਣ ਦੀ ਹਾਰਦਿਕ ਵਧਾਈ ਪੇਸ਼ ਕੀਤੀ। ਪੱਤਰਕਾਰ ਨਾਲ ਗੱਲਬਾਤ ਕਰਦਿਆਂ ਭੁਪਿੰਦਰ ਸਿੰਘ ਬਰ੍ਹਮੀਂ ਅਤੇ ਸੋਹਣ ਸਿੰਘ ਸੌਂਦ ਨੇ ਦੋਵਾਂ ਦੇਸ਼ਾਂ ਦੇ ਫੈਸਲੇ ਨੂੰ ਇਤਿਹਾਸਕ ਫੈਸਲਾ ਕਰਾਰ ਦਿੰਦਿਆਂ 72 ਸਾਲਾਂ ਤੋਂ ਨਿਰੰਤਰ ਹੁੰਦੀਆਂ ਆ ਰਹੀਆਂ ਸੰਗਤਾਂ ਦੀਆਂ ਅਰਦਾਸਾਂ ਨੂੰ ਫਲ ਲੱਗਣਾ ਦੱਸਿਆ। ਉਹਨਾਂ ਲਾਂਘੇ ਰਾਂਹੀਂ ਖੁੱਲ੍ਹੇ ਦਰਸ਼ਨ ਦੀਦਾਰੇ ਦਾ ਹੱਕ ਹਾਸਲ ਕਰਨ ਲਈ ਪਾਕਿਸਤਾਨ ਦੇ ਵਜ਼ੀਰ ਏ ਆਜ਼ਮ ਇਮਰਾਨ ਖਾਨ, ਉਹਨਾਂ ਦੇ ਪਰਮ ਮਿੱਤਰ ਤੇ ਭਾਰਤੀ ਸਿਆਸਤਦਾਨ ਨਵਜੋਤ ਸਿੰਘ ਸਿੱਧੂ ਅਤੇ ਭਾਰਤ ਸਰਕਾਰ ਦਾ ਵਿਸ਼ੇਸ਼ ਧੰਨਵਾਦ ਕੀਤਾ ਅਤੇ ਵਧਾਈ ਪੇਸ਼ ਕੀਤੀ।

ਇਸ ਮੁਬਾਰਕ ਮੌਕੇ 'ਤੇ ਸਥਾਨਕ ਕੀਰਤ ਜੱਥਿਆਂ, ਬੀਬੀਆਂ ਵੱਲੋਂ ਅਤੇ ਗੁਰੂ ਘਰ ਦੇ ਕੀਰਤਨੀਏ ਭਾਈ ਗੁਰਪ੍ਰੀਤ ਸਿੰਘ ਤੇ ਭਾਈ ਜਸਮਿੰਦਰ ਸਿੰਘ ਰਾਮਪੁਰ ਦੋਰਾਹਾ ਵਾਲਿਆਂ ਦੇ ਜੱਥੇ ਵੱਲੋਂ ਗੁਰਬਾਣੀ ਕਥਾ ਵਿਚਾਰ ਅਤੇ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ।


'ਦੇਸ਼ ਦੁਆਬਾ'

ਹਰ ਹਫਤੇ ਛਪਣ ਵਾਲਾ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?

ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?

ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਹਰ ਸ਼ਨਿਚਰਵਾਰ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ।

ਰਚਨਾ ਸਿਰਫ ਅਣਛਪੀ ਹੀ ਭੇਜੀ ਜਾਵੇ।

ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੈ।

ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ

ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

1-916-947-8920 (ਫੋਨ), 1-916-238-1393 (ਫੈਕਸ)

E-mail : deshdoaba@yahoo.com

www.deshdoaba.com www.ambedkartimes.com



Law Office of

NIRWAN & ASSOCIATES

www.nirwanlaw.com



Business Incorporation

Articles of Incorp

Dissolution

501 © Non-Profit

Jagdip S. Nirwan, Esq

916-832-3144

IMMIGRATION LAW
* Adjustment of Status
* Citizenship
* Employment
* Appeals-1J/
* Family & Finance Visa
* Board /Federal Ct
* Labor Certification
* Asylum
* Removal & Deportation Defense

TAX LAW
* Offer in Compromise
* Payment Plans
* File Back Taxes
* Tax Preparation
* Audits, Appeals
* Tax Court Rep
* IRS/EDD/FTB Representation
* Personal & Business
* Income Tax Filling 1040/1020

1104 Corporate Way Sacramento, CA 95831

# ਸੰਤ ਬਾਬਾ ਭਗਵਾਨ ਦਾਸ ਜੀ ਮਹਾਰਾਜ ਡੇਰਾ ਸੰਤ ਬਾਬਾ ਮੇਲ ਰਾਮ ਜੀ ਮਹਾਰਾਜ ਨਗਰ ਜੋਤਿ ਜੋਤ ਸਮਾ ਗਏ

ਪਰਮ ਸੰਤ ਸਤਿਗੁਰੂ ਸੰਤ ਬਾਬਾ ਭਗਵਾਨ ਦਾਸ ਜੀ ਮਹਾਰਾਜ ਨਗਰ ਵਾਲੇ 7 ਨਵੰਬਰ ਨੂੰ ਜੋਤਿ ਜੋਤ ਸਮਾ ਗਏ। ਬਾਬਾ ਜੀ ਕਾਫੀ ਲੰਮੇ ਸਮੇਂ ਤੋਂ ਬਿਮਾਰ ਸਨ। ਕਾਫੀ ਸਾਲਾਂ ਤੋਂ ਆਪ ਜੀ ਨੂੰ ਸ਼ੂਗਰ ਸੀ, ਜਿਸਦੀ ਦਵਾਈ ਆਪ ਖਾ ਰਹੇ ਸਨ। ਸ਼ੂਗਰ ਕਰਕੇ ਹੀ ਆਪ ਜੀ ਦੀਆਂ ਕਿਡਨੀਆਂ ਖਰਾਬ ਹੋ ਗਈਆਂ ਅਤੇ ਕਾਫੀ ਚਿਰ ਤੋਂ ਆਪ ਦਾ ਡੈਲੇਸਿਸ ਚੱਲ ਰਿਹਾ ਸੀ। ਫਿਰ ਇਸ ਦਾ ਪ੍ਰਬੰਧ ਡੇਰੇ ਵਿਚ ਹੀ ਮਸ਼ੀਨ ਲਿਆ ਕੇ ਕੀਤਾ ਗਿਆ। ਬਿਮਾਰ ਹੋਣ ਦੇ ਬਾਵਜੂਦ ਵੀ ਬਾਬਾ ਜੀ ਡੇਰੇ ਵਿਚ ਆਈਆਂ ਸੰਗਤਾਂ ਨੂੰ ਦਰਸ਼ਨ ਦਿੰਦੇ ਰਹੇ ਅਤੇ ਉਹਨਾਂ ਨਾਲ ਬਚਨ ਬਿਲਾਸ ਕਰਦੇ ਰਹੇ। ਕੁਝ ਕੁ ਹਫਤੇ ਪਹਿਲਾਂ ਆਪ ਜੀ ਨੂੰ ਅਚਾਨਕ ਦਿਲ ਦਾ ਦੌਰਾ ਪਿਆ ਅਤੇ ਇਸ ਹਾਲਤ ਵਿਚ ਆਪ ਜੀ ਨੂੰ ਪੀ. ਜੀ. ਆਈ. ਹਸਪਤਾਲ ਚੰਡੀਗੜ੍ਹ ਵਿਚ ਦਾਖਲ ਕਰਵਾਇਆ ਗਿਆ। ਕਾਫੀ ਦਿਨਾਂ ਤੋਂ ਆਪ ਕੋਮਾ ਵਿਚ ਸਨ। ਵਿਦੇਸ਼ਾਂ ਦੀਆਂ ਸੰਗਤਾਂ ਆਪ ਜੀ ਦੇ ਦਰਸ਼ਨ ਲਈ ਚੰਡੀਗੜ੍ਹ ਜਾਂਦੀਆਂ ਰਹੀਆਂ। ਕੋਮਾ ਵਿਚ ਹੋਣ ਕਰਕੇ ਆਪ ਕਿਸੇ ਨਾਲ ਵੀ ਗੱਲਬਾਤ ਨਹੀਂ ਕਰ ਸਕੇ। ਅਮਰੀਕਾ ਤੋਂ ਭਾਈ ਸਾਹਿਬ ਰਮੇਸ਼ ਕੁਮਾਰ ਬੰਗੜ, ਬਲਵੀਰ ਸਿੰਘ ਕਲੇਰ ਅਤੇ ਆਪ ਜੀ ਦੇ ਬਹੁਤ ਪ੍ਰੇਮੀ ਸਤੀਸ਼ ਕੁਮਾਰ ਰੱਲ੍ਹ ਆਪ ਜੀ ਦੇ ਦਰਸ਼ਨਾਂ ਲਈ ਗਏ ਅਤੇ ਆਪ ਜੀ ਦੀ ਦੇਹ ਅਰੋਗਤਾ ਲਈ ਅਖੰਡ ਪਾਠ ਕਰਵਾਏ। ਬਾਬਾ ਜੀ ਨੇ ਇਸ ਸਰੀਰਕ ਦੁੱਖ ਨੂੰ ਵਾਹਿਗੁਰੂ ਜੀ ਦਾ ਭਾਣਾ ਸਮਝਿਆ ਅਤੇ ਉਸ ਵਾਹਿਗੁਰੂ ਜੀ ਦੇ ਹੁਕਮ ਅਨੁਸਾਰ 7 ਨਵੰਬਰ ਨੂੰ ਸਰੀਰਕ ਚੋਲਾ ਤਿਆਗ ਕੇ ਬੇਗਮਪੁਰਾ ਅਰਥਾਤ ਸੱਚਖੰਡ ਜਾਣ ਦੀ ਮੌਜ ਕਰ ਲਈ। ਬਾਬਾ ਜੀ ਦਾ ਜਨਮ 19 ਅਕਤੂਬਰ 1959 ਨੂੰ ਪਿੰਡ ਨਗਰ ਨਜ਼ਦੀਕ ਫਿਲੌਰ ਵਿਖੇ ਹੋਇਆ। ਆਪ ਜੀ ਬਚਪਨ ਤੋਂ ਹੀ ਡੇਰੇ ਵਿਚ ਰਹੇ ਅਤੇ ਸੰਤ ਦਰਬਨ ਦਾਸ ਜੀ ਮਹਾਰਾਜ ਦੇ ਪਿਆਰੇ ਸਿੱਖ ਬਣੇ। ਆਪ ਜੀ ਨੇ ਹਰ ਤਰ੍ਹਾਂ ਦੀ ਵਿੱਦਿਆ ਪ੍ਰਾਪਤ ਕੀਤੀ। ਕਲਾਸੀਕਲ ਸੰਗੀਤ ਦੀ ਵਿੱਦਿਆ ਆਪ ਜੀ ਨੇ ਫਿਲੌਰ ਸ਼ਹਿਰ ਵਿਖੇ ਪ੍ਰਾਪਤ ਕੀਤੀ।




ਆਪ ਜੀ ਨੇ ਆਪਣੇ ਸੰਤ ਸਤਿਗੁਰੂ ਸਵਾਮੀ ਦਰਸ਼ਨ ਦਾਸ ਜੀ ਮਹਾਰਾਜ ਜੀ ਦੀ ਦਿਨ ਰਾਤ ਸੇਵਾ ਕੀਤੀ ਅਤੇ ਉਹਨਾਂ ਪਾਸੋਂ ਸ਼ਬਦ ਔਰ ਨਾਮ ਦਾ ਭੇਦ ਲਿਆ ਅਤੇ ਬਹੁਤ ਬੰਦਗੀ ਕੀਤੀ।ਫਰਵਰੀ 1992 ਵਿਚ ਆਪ ਜੀ ਦੇ ਗੁਰਦੇਵ ਸੰਤ ਦਰਸ਼ਨ ਦਾਸ ਜੀ ਜੋਤਿ ਜੋਤ ਸਮਾ ਗਏ ਅਤੇ ਆਪ ਜੀ ਨੂੰ ਆਪਣਾ ਗੱਦੀ ਨਸ਼ੀਨ ਬਣਾ ਗਏ।

ਆਪ ਜੀ ਨੇ ਆਪਣੇ ਸਤਿਗੁਰੂ ਦੇਵ ਜੀ ਦੇ ਉਪਦੇਸ਼ ਦੀ ਪਾਲਣਾ ਕੀਤੀ ਅਤੇ ਸੰਗਤਾਂ ਦੀ ਸੇਵਾ ਕੀਤੀ। ਆਪ ਜੀ ਨੇ ਭਾਰਤ ਵਰਸ ਤੋਂ ਇਲਾਵਾ ਵਿਦੇਸ਼ਾਂ ਵਿਚ ਜਾ ਕੇ ਸੰਤ ਮੱਤ ਦਾ ਪ੍ਰਚਾਰ ਕੀਤਾ ਅਤੇ ਲੱਖਾਂ ਹੀ ਜੀਵਾਂ ਨੂੰ ਨਾਮ ਦੇ ਨਾਲ ਜੋੜਿਆ। ਬਾਬਾ ਜੀ ਨੇ ਬ੍ਰਹਮ ਅਚਾਰੀਆ ਜੀਵਨ ਬਤੀਤ ਕੀਤਾ। ਬੇਸ਼ੱਕ ਆਪ ਸਰੀਰਕ ਰੂਪ ਵਿਚ ਨਹੀਂ ਰਹੇ ਪਰ ਸ਼ਬਦ ਰੂਪ ਵਿਚ ਆਪ ਹਮੇਸ਼ਾ ਹੀ ਸਾਰੀਆਂ ਸੰਗਤਾਂ ਦੇ ਨਾਲ ਹਨ।

ਜਨਮ ਮਰਣ ਦੁਹਹੂ ਮਾਹਿ ਨਾਹੀ ਜਨ ਪਰਉਪਕਾਰੀ ਆਏ
ਜੀਅ ਦਾਨ ਦੇ ਭਗਤਿ ਲਾਇਨਿ ਹਰਿ ਸਿਉ ਲੈਨਿ ਮਿਲਾਏ
ਗੁਰੂ ਅਰਜਨ ਦੇਵ ਜੀ ਆਦਿ ਗ੍ਰੰਥ ਅੰਗ 747

ਸੰਤ ਮਹਾਂਪੁਰਸ਼ ਜਨਮ ਔਰ ਮਰਨ ਤੋਂ ਰਹਿਤ ਹੁੰਦੇ ਹਨ। ਉਹ ਅਮਰ ਹੁੰਦੇ ਹਨ ਪਰ ਸਾਨੂੰ ਸਾਰੇ ਜੀਵਾਂ ਨੂੰ ਲੱਗਦਾ ਹੈ ਕਿ ਸ਼ਾਇਦ ਸੰਤ ਜਨ ਚਲੇ ਗਏ ਪਰ ਸ਼ਬਦ ਰੂਪ ਵਿਚ ਸੰਤ ਸਤਿਗੁਰੂ ਹਮੇਸ਼ਾ ਸਾਡੇ ਅੰਦਰ ਰਹਿੰਦੇ ਹਨ। ਅਗਰ ਅਸੀਂ ਅੰਦਰ ਜਾ ਕੇ ਦੇਖ ਲਈਏ ਤਾਂ ਪਤਾ ਲੱਗ ਜਾਂਦਾ ਹੈ ਸਤਿਗੁਰੂ ਮੇਰੇ ਅੰਦਰ ਹੀ ਹਨ। ਇਹ ਸਰੀਰ ਤਾਂ ਇਕ ਕੱਪੜੇ ਦੀ ਤਰ੍ਹਾਂ ਹੈ, ਜਿਹੜਾ ਬਦਲਣਾ ਪੈਂਦਾ ਹੈ।

ਸੰਤ ਮਹਾਂਪੁਰਸ਼ ਸਾਨੂੰ ਨਾਮ ਦਾਨ ਦੀ ਬਖਸ਼ਿਸ਼ ਕਰਦੇ ਹਨ ਅਤੇ ਸਾਨੂੰ ਉਸ ਵਾਹਿਗੁਰੂ ਨਾਲ ਮਿਲਾ ਦਿੰਦੇ ਹਨ। ਮਿਲਾਪ ਸਾਡੀ ਆਤਮਾ ਦਾ ਹੁੰਦਾ ਹੈ,। ਸਰੀਰ ਦਾ ਨਹੀਂ ਔਰ ਇਹ ਸੂਰਤ ਸ਼ਬਦ ਦੇ ਅਭਿਆਸ ਨਾਲ ਹੁੰਦਾ ਹੈ।

ਸ਼ਬਦ ਮਿਲਾਵਾ ਹੋਤ ਹੈ ਦੇਹਿ ਮਿਲਾਵਾ, ਨਾਹੀ
– ਕਬੀਰ ਸਾਹਿਬ

ਸੰਤ ਸਤਿਗੁਰੂ ਬਾਬਾ ਭਗਵਾਨ ਦਾਸ ਜੀ ਬੇਸ਼ੱਕ ਸਥੂਲ ਸਰੀਰ ਵਿਚ ਨਹੀਂ ਰਹੇ ਪਰ ਉਹ ਸ਼ਬਦ ਰੂਪ ਵਿਚ ਆਪਣੇ ਪ੍ਰੇਮੀਆਂ ਦੇ ਨਾਲ ਹਨ ਔਰ ਹਮੇਸ਼ਾ ਰਹਿਣਗੇ।

ਬਾਬਾ ਜੀ ਨੇ ਸ਼ਬਦ ਕੀਰਤਨ ਰਾਹੀਂ ਸਾਨੂੰ ਬਹੁਤ ਰੂਹਾਨੀ ਦੌਲਤ ਦਿੱਤੀ। ਬਾਬਾ ਜੀ ਨੇ ਆਪਣੇ ਸਤਿਸੰਗਾਂ ਰਾਹੀਂ ਸਤਿਗੁਰੂ ਦੀ ਮਹਿਮਾ, ਵਾਹਿਗੁਰੂ ਦੀ ਮਹਿਮਾ ਗਾਇਨ ਕੀਤੀ।

ਆਪ ਜੀ ਦੇ ਸਤਿਸੰਗਾਂ ਵਿਚ ਬਹੁਤ ਰੂਹਾਨੀ ਰਮਜ਼ਾਂ ਹਨ, ਇਕ ਸੂਫੀ ਫਕੀਰਾਂ ਦੇ ਕਲਾਮ ਦੀ ਤਰ੍ਹਾਂ ਬਾਬਾ ਜੀ ਦਾ ਉਪਦੇਸ਼ ਸਾਰੇ ਜਗਤ ਵਾਸਤੇ ਸਾਂਝਾ ਸੀ। ਆਪ ਜੀ ਦਾ ਉਪਦੇਸ਼ ਭਜਨ ਬੰਦਗੀ, ਅੱਛੇ ਕਰਮ ਕਰਨਾ ਅਤੇ ਸਾਰਿਆਂ ਨਾਲ ਪਿਆਰ ਕਰਨਾ ਸੀ, ਜੋ ਕਿ ਸੰਤ ਮੰਤ ਦਾ ਅਸੂਲ ਹੈ। ਆਪ ਜੀ ਇਕ ਪਿਆਰ ਦਾ ਸਾਗਰ ਸਨ, ਔਰ ਚੰਦਨ ਦੀ ਤਰ੍ਹਾਂ ਸੀਤਲ ਸਨ ਅਤੇ ਆਪ ਜੀ ਦਾ ਦਿਲ ਗੁਲਾਬ ਦੇ ਫੁੱਲਾਂ ਦੀ ਤਰ੍ਹਾਂ ਕੋਮਲ ਸੀ।

ਸੀਤਲ ਚੰਦਨ ਚੰਦਰਮਾ ਤੈਸੇ ਸੀਤਸ ਸੰਤ
ਤੈਸੇ ਸੀਤਲ ਸੰਤ ਜਗਤ ਕੀ ਤਾਪ ਬੁਝਾਵੈ
ਜੋ ਕੋਇ ਆਵੈ ਜਰਤ ਮਧੁਰ ਮੁਖ ਬਚਨ ਸੁਨਾਵੈ
ਧੀਰਜ ਸੀਲ ਸੁਭਾਵ ਛਿਮਾ ਨਾ ਜਾਤ ਬਖਾਨੀ
ਕੋਮਲ ਅਤਿ ਮ੍ਰਿਦੂ ਬੈਨ ਬਜਰ ਕੋ ਕਰਤੇ ਪਾਨੀ
ਰਹਨ ਚਲਨ ਮੁਸਕਾਨ ਗਿਆਨ ਕੋ ਸੁਗੰਧ ਲਗਾਵੈ
ਤੀਨ ਤਾਪ ਮਿਟ ਜਾਇ ਸੰਤ ਕੇ ਦਰਸਨ ਪਾਵੈ
ਪਲਟੂ ਜਵਾਲਾ ਉਦਰ ਕੀ ਰਹੈ ਨਾ ਮਿਟੈ ਤੁਰੰਤ
ਸੀਤਲ ਚੰਦਨ ਚੰਦਰਮਾ ਤੈਸੇ ਸੀਤਲ ਸੰਤ (ਪਲਟੂ ਸਾਹਿਬ ਜੀ)

*(ਚਲਦਾ)*

**ਕ੍ਰਿਤ –ਪ੍ਰੇਮ ਪਾਲ**

# ਭਾਰਤੀ ਸੰਸਕ੍ਰਿਤੀ ਦੀ ਪਛਾਣ ਨੂੰ ਵਿਸ਼ਵ ਤੱਕ ਪਹੁੰਚਾਉਣ ਦਾ ਸਿਹਰਾ ਦਤੋਪੰਤ ਠੇਂਗੜੀ ਦੇ ਸਿਰ- ਰਾਜੇਸ਼ ਬਾਘਾ





**ਫਗਵਾੜਾ–** ਭਾਰਤੀ ਮਜ਼ਦੂਰ ਸੰਘ ਫਗਵਾੜਾ ਵੱਲੋਂ ਭਾਰਤੀ ਮਜ਼ਦੂਰ ਸੰਘ ਦੇ ਸੰਸਥਾਪਕ ਦਤੋਪੰਤ ਠੇਂਗੜੀ ਦੇ ਜਨਮ ਸ਼ਤਾ–ਬਦੀ ਵਰ੍ਹੇ ਤੇ ਸਥਾਨਕ ਆਰੀਆ ਮਾਡਲ ਸੀਨੀਅਰ ਸੈਕੰਡਰੀ ਸਕੂਲ ਵਿਚ ਇਕ ਸਮਾਰੋਹ ਦਾ ਆਯੋਜਨ ਕਰਕੇ ਸ਼ਰਧਾਂਜਲੀ ਦਿੱਤੀ ਗਈ। ਸਮਾਗਮ ਵਿਚ ਬਤੌਰ ਮੁੱਖ ਮਹਿਮਾਨ ਭਾਜਪਾ ਲੀਡਰ ਸ੍ਰੀ ਰਾਜੇਸ਼ ਬਾਘਾ ਪਹੁੰਚੇ, ਜਦਕਿ ਭਾਰਤੀ ਮਜ਼ਦੂਰ ਸੰਘ ਦੇ ਪ੍ਰਦੇਸ਼ ਉਪ ਪ੍ਰਧਾਨ ਗੁਰਬਖਸ਼ ਰਾਏ, ਪ੍ਰਦੇਸ਼ ਕਾਰਜਕਾਰੀ ਸਕੱਤਰ ਰਾਜਨਰਾਇਣ ਯਾਦਗ ਨੇ ਵਿਸ਼ੇਸ਼ ਤੌਰ ਤੇ ਭਾਗ ਲਿਆ। ਬੁਲਾਰਿਆਂ ਨੇ ਸਵਰਗੀ ਦਤੋਪੰਡ ਠੇਂਗੜੀ ਦੇ ਜੀਵਨ ਤੇ ਰੌਸ਼ਨੀ ਪਾਉਂਦਿਆਂ ਦੱਸਿਆ ਕਿ ਉਹਨਾਂ ਦਾ ਜਨਮ ਮਹਾਰਾਸ਼ਟਰ ਦੇ ਵਰਧਾ ਜ਼ਿਲ੍ਹੇ ਦੇ ਪਿੰਡ ਆਰਵੀਂ ਵਿਚ 10 ਨਵੰਬਰ 1920 ਨੂੰ ਹੋਇਆ। ਉਹ ਕੁਸ਼ਲ ਸੰਗਠਨਕਰਤਾ ਅਤੇ ਵਿਦਵਾਨ ਸਨ। ਉਹ ਲੱਗਭੱਗ ਅੱਧੀ ਸਦੀ ਤੱਕ ਕੌਮੀ ਸਵੈਮ ਸੇਵਕ ਸੰਘ ਦੇ ਪ੍ਰਚਾਰਕ ਰਹੇ। 23 ਜੁਲਾਈ 1955 ਨੂੰ ਉਹਨਾਂ ਨੇ ਕੌਮੀ ਮਜ਼ਦੂਰ ਸੰਘ ਦੀ ਸਥਾਪਨਾ ਕੀਤੀ ਜੋ ਅੱਜ ਦੇਸ਼ ਦਾ ਸਭ ਤੋਂ ਵੱਡਾ ਮਜ਼ਦੂਰ ਸੰਗਠਨ ਹੈ। ਇਸ ਤੋਂ ਇਲਾਵਾ ਭਾਰਤੀ ਕਿਸਾਨ ਸੰਘ, ਸਮਾਜਿਕ ਬਰਾਬਰੀ ਮੰਚ, ਸਵਦੇਸ਼ੀ ਜਾਗਰਣ ਮੰਚ ਦੀ ਸਥਾਪਨਾ ਕੀਤੀ। ਉਹਨਾਂ ਬਾਰੇ ਦੱਸਣਾ ਗਾਗਰ ਵਿਚ ਸਾਗਰ ਭਰਨ ਬਰਾਬਰ ਹੋਵੇਗਾ। ਇਸ ਮੌਕੇ ਜ਼ਿਲ੍ਹਾ ਮੰਤਰੀ ਚੰਦਰੇਸ਼ਵਰ ਅਤੇ ਹੋਰ ਅਹਿਮ ਸ਼ਖਸੀਅਤਾਂ ਹਾਜ਼ਰ ਸਨ।

# ਬ੍ਰਿਕਸ ਸੰਮੇਲਨ ਦਹਿਸ਼ਤਗਰਦੀ ਦੇ ਖਾਤਮੇ ਲਈ ਸਹਿਯੋਗ ਵਧਾਉਣ ’ਤੇ ਕੇਂਦਰਿਤ ਰਹੇਗਾ

**ਨਵੀਂ ਦਿੱਲੀ–** ਬ੍ਰਿਕਸ ਸੰਮੇਲਨ ਦੁਨੀਆ ਦੀਆਂ ਪੰਜ ਵੱਡੀਆਂ ਅਰਥਵਿਵਸਥਾਵਾਂ ਵਿਚਾਲੇ ਕਈ ਅਹਿਮ ਮੁੱਦਿਆਂ ’ਤੇ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ’ਤੇ ਕੇਂਦਰਿਤ ਰਹੇਗਾ। ਇਨ੍ਹਾਂ ਵਿਚ ਡਿਜੀਟਲ ਅਰਥ ਵਿਵਸਥਾ, ਵਿਗਿਆਨ ਅਤੇ ਟੈਕਨੋਲੋਜੀ ਤੇ ਅਤਿਵਾਦ ਵਿਰੁੱਧ ਢਾਂਚਾ ਉਸਾਰਨਾ ਸ਼ਾਮਲ ਹੈ।

ਇਹ ਜਾਣਕਾਰੀ ਅੱਜ ਇਥੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦਿੱਤੀ। ਮੋਦੀ, ਜੋ 11 ਵੇਂ ਬ੍ਰਿਕਸ ਸੰਮੇਲਨ ਵਿਚ ਸ਼ਾਮਲ ਹੋਣ ਲਈ 13–14 ਨਵੰਬਰ ਨੂੰ ਬ੍ਰਾਜ਼ੀਲ ਵਿੱਚ ਹੋਣਗੇ ਨੇ, ਕਿਹਾ ਕਿ ਉਹ ਇਸ ਦੌਰਾਨ ਦੁਵੱਲੀ ਰਣਨੀਤਕ ਭਾਈਵਾਲੀ ਨੂੰ ਵਧਾਉਣ ਦੇ ਤਰੀਕਿਆਂ ਬਾਰੇ ਵਿਚਾਰ ਵਟਾਂਦਰੇ ਲਈ ਬ੍ਰਾਜ਼ੀਲ ਦੇ ਰਾਸ਼ਟਰਪਤੀ ਜੈਅਰ ਬੋਲਸੋਨਾਰੋ ਨਾਲ ਵੀ ਮੁਲਾਕਾਤ ਕਰਨਗੇ। ਪ੍ਰਧਾਨ ਮੰਤਰੀ ਮੋਦੀ ਵੱਲੋਂ ਵਿਦੇਸ਼ ਰਵਾਨਾ ਹੋਣ ਤੋਂ ਪਹਿਲਾਂ ਦਿੱਤੇ ਬਿਆਨ ਵਿੱਚ ਕਿਹਾ ਗਿਆ ਹੈ, “ਮੈਂ ਸੰਮੇਲਨ ਦਾ ਵਿਸ਼ਾ ’ਇੱਕ ਨਵੇਂ ਭਵਿੱਖ ਲਈ ਆਰਥਿਕ ਵਿਕਾਸ ’ ਬਾਰੇ ਅੰਤਰ–ਬ੍ਰਿਕਸ ਸਹਿਯੋਗ ਨੂੰ ਹੋਰ ਮਜ਼ਬੂਤ ਕਰਨ ਦੇ ਉਦੇਸ਼ ਤਹਿਤ ਬ੍ਰਿਕਸ ਦੇ ਹੋਰਨਾਂ ਨੇਤਾਵਾਂ ਨਾਲ ਵਿਚਾਰ ਵਟਾਂਦਰੇ ਦੀ ਉਮੀਦ ਕਰਦਾ ਹਾਂ।”

ਉਨ੍ਹਾਂ ਕਿਹਾ ਕਿ ਸੰਮੇਲਨ ਦੌਰਾਨ ਪੰਜ ਵੱਡੇ ਅਰਥਚਾਰਿਆਂ ਦਾ ਉਦੇਸ਼ ਵਿਗਿਆਨ, ਤਕਨਾਲੋਜੀ ਅਤੇ ਖੋਜ ਦੇ ਖੇਤਰ ਵਿੱਚ ਸਹਿਯੋਗ ਨੂੰ ਹੋਰ ਵਧਾਉਣਾ ਰਹੇਗਾ।






# ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਕੈਲੀਫੋਰਨੀਆ ਦੀ ਵਾਰਸ਼ਿਕ ਗਲੋਬਲ ਸਾਹਿਤਕ ਕਾਨਫਰੰਸ












**ਫਰੀਮਾਂਟ–** ਬੀਤੀ 20 ਅਕਤੂਬਰ ਨੂੰ ਗੋਲਡਨ ਇੰਡੀਆ ਕੁਜ਼ੀਨ, ਫਰੀਮੌਂਟ ਕੈਲੀਫੋਰਨੀਆ ਵਿਖੇ ਵਿਪਸਾ ਵਲੋਂ ਕਰਾਈ ਗਈ 'ਵਾਰਸ਼ਿਕ ਗਲੋਬਲ ਸਾਹਿਤਕ ਕਾਨਫਰੰਸ' ਦੇ ਜ਼ੋਰਦਾਰ ਸੈਸ਼ਨ-4, 'ਵਿਸ਼ਾਲ ਕਵੀ ਦਰਬਾਰ' ਵਿਚ ਸ਼ਾਮਿਲ ਹੋਏ 33 ਪ੍ਰੌੜ ਸ਼ਾਇਰਾਂ ਨੇ ਆਪੋ ਆਪਣੇ ਕਲਾਮ ਨਾਲ ਹਾਜ਼ਰੀਨ ਦਿਆਂ ਚਿਹਰਿਆਂ ਤੇ ਰੌਣਕ ਬਖੇਰ ਦਿੱਤੀ। ਕਵੀ ਦਰਬਾਰ ਦੇ ਮੀਰ ਮੁਸ਼ਾਇਰਾ ਰਵਿੰਦਰ ਸਹਿਰਾਅ ਬਣੇ ਅਤੇ ਸੁਰਜੀਤ ਸਖੀ, ਕੁਲਵਿੰਦਰ, ਹਰਭਜਨ ਢਿੱਲੋਂ 'ਤੇ ਮੇਜਰ ਭੁਪਿੰਦਰ ਦਲੇਰ ਨੇ ਉਹਨਾਂ ਦਾ ਪ੍ਰਧਾਨਗੀ ਮੰਡਲ ਵਿਚ ਸਾਥ ਦਿੱਤਾ। ਮੁਸ਼ਾਇਰੇ ਦਾ ਸੰਚਾਲਨ ਲਾਜ ਨੀਲਮ ਸੈਣੀ ਨੇ ਜਿਸ ਸਲਾਹੀਅਤ ਨਾਲ ਕੀਤਾ ਉਹ ਆਪਣੇ ਆਪ ਵਿਚ ਇਕ ਰੌਚਿਕਤਾ ਪ੍ਰਦਾਨ ਕਰ ਗਿਆ। ਕਵੀ ਦਰਬਾਰ ਦਾ ਆਰੰਭ ਅਕੈਡਮੀ ਦੇ ਹਰਮਨ ਪਿਆਰੇ ਅਤੇ ਬੁਲੰਦ ਸੁਰ-ਤਾਲ ਦੇ ਸ਼ਾਇਰ ਹਜ਼ੂਰਾ ਸਿੰਘ ਨੇ ਕੀਤਾ। ਜਿੱਥੇ ਉਹਨਾਂ ਦੀ ਰਚਨਾ ਗੁਰੂ ਨਾਨਕ ਦੇਵ ਜੀ ਨੂੰ ਸਮਰਪਿਤ ਸੀ ਉੱਥੇ ਹੀ ਮਹਿੰਦਰ ਸਿੰਘ ਸੰਘੇੜਾ ਨੇ ਸਮਕਾਲ ਪ੍ਰਤੀ ਚਿੰਤਾ ਪ੍ਰਗਟਾਈ। ਵਿਪਸਾ ਦੇ ਨਵੇਂ ਸ਼ਾਇਰ ਮੈਂਬਰ 'ਐਸ਼' ਨੇ ਮਾਂ ਬੋਲੀ ਪੰਜਾਬੀ ਪ੍ਰਤੀ ਜਾਗਰੂਕ ਨਜ਼ਮ ਕਹੀ। ਅਕੈਡਮੀ ਦੇ ਸਿਰਕੱਢ ਸ਼ਾਇਰ ਅਮਰਜੀਤ ਜੋਹਲ ਨੇ ਸ਼ਿਅਰ, ਉਹਰ ਥਾਂ ਉੱਤੇ ਖੁੱਲ੍ਹ ਗਿਆ ਇਕ ਡੇਰਾ ਹੈ / ਬਾਬੇ ਨਾਨਕ ਦਾ ਦੱਸੋ ਘਰ ਕਿਹੜਾ ਹੈ?" ਨਾਲ ਇਕ ਮਾਹੌਲ ਸਿਰਜਿਆ।ਹਰਪ੍ਰੀਤ ਧੂਤ ਨੇ ਮਰਦ ਸ਼੍ਰੇਣੀ ਨੂੰ ਝੰਜੋੜਦੀ ਰਚਨਾ ਰਾਹੀਂ ਸਟੈਂਡਿੰਗ ਓਵੇਸ਼ਨ ਪ੍ਰਾਪਤ ਕੀਤਾ।ਇਸ ਮਗਰੋਂ ਜਿੱਥੇ ਤਾਰਾ ਸਾਗਰ, ਗੁਲਸ਼ਨ ਦਿਆਲ, ਜਗਜੀਤ ਨੌਸ਼ਹਿਰਵੀ ਅਤੇ ਰੇਸ਼ਮ ਸਿੱਧੂ ਨੇ ਬਾਕਮਾਲ ਸੰਜੀਦਾ ਕਲਾਮ ਕਹੇ ਅਤੇ ਹਾਜ਼ਰੀਨ ਨੂੰ ਕੀਲ ਕੇ ਰੱਖ ਦਿੱਤਾ ਉੱਥੇ ਹੀ ਦਿਲ ਨਿੱਜਰ, ਇੰਦਰਜੀਤ ਗਰੇਵਾਲ ਅਤੇ ਮਲਕ ਇਮਤਿਆਜ਼ ਨੇ ਦਰਦ ਸੁਨੇਹੇ ਸਮੂਹ ਸਰੋਤਿਆਂ ਨਾਲ ਸਾਂਝੇ ਕੀਤੇ। ਜੋਤੀ ਸਿੰਘ ਨੇ ਦਿਲ ਖਿਚਵੇਂ ਗਾਇਨ ਵਿਚ ਆਪਣਾ ਗੀਤ ਸੁਣਾ ਕੇ ਆਨੰਦਿਤ ਕੀਤਾ ਅਤੇ ਗਿਆਨ ਸ਼ਰਮਾ ਨੇ ਸ਼ਕਤੀ ਸ਼ਾਲੀ ਸ਼ਿਅਰ ਕਹੇ।ਜਸਵੰਤ ਸ਼ਾਦ ਦੀ ਪਰਪੱਕ ਸ਼ਾਇਰੀ ਨੇ ਦਾਦ ਵਸੂਲ ਕੀਤੀ ਅਤੇ ਕਮਲ ਬੰਗਾ ਨੇ ਆਪਣੇ ਅੰਦਾਜ਼ ਵਿਚ ਸਾਰਿਆਂ ਦਾ ਮਨੋਰੰਜਨ ਕੀਤਾ। ਇਸ ਮਗਰੋਂ ਲਾਜ ਨੀਲਮ ਸੈਣੀ ਨੇ ਸੱਜਰੀ ਕਾਵਿ ਰਚਨਾ ਵਿਚੋਂ ਭਾਵਪੂਰਕ ਸ਼ਬਦਾਂ ਦੇ ਫੁੱਲ ਬਰਸਾਏ ਅਤੇ ਚਰਨਜੀਤ ਸਿੰਘ ਪੰਨੂ, ਕੁਲਵੰਤ ਸੇਖੋਂ, ਰਾਠੇਸ਼ਵਰ ਸੂਰਾਪੁਰੀ, ਮੋਹਨ ਸਿੰਘ ਚਰਖਾ 'ਤੇ ਹਰਜੀਤ ਸਿੰਘ ਹਨੂਰ ਨੂੰ ਬੜੀ ਹੀ ਤਵੱਜੋ ਨਾਲ ਸੁਣਿਆ ਗਿਆ ਅਤੇ ਉਹਨਾਂ ਦੇ ਵੱਖੋ ਵੱਖਰੇ ਰੰਗਾਂ ਨੂੰ ਸਲਾਹਿਆ ਗਿਆ। ਇਸ ਮਾਹੌਲ ਨੂੰ ਜਿੱਥੇ ਗਗਨਦੀਪ ਨੇ ਆਪਣੀ ਇਕ ਤਾਜ਼ਾ ਗ਼ਜ਼ਲ ਨਾਲ ਬਦਲ ਦਿੱਤਾ ਉੱਥੇ ਹੀ ਮਨਦੀਪ ਗੋਰਾ ਨੇ ਗ਼ਜ਼ਲ ਦੀ ਜ਼ਮੀਨ ਪੱਕੀ ਕੀਤੀ ਜਿਸ ਵਿਚ ਗ਼ਜ਼ਲ ਦਿਆਂ ਸ਼ਿਅਰਾਂ ਵਿਚ ਰਿੰਦਾਨਾ ਰੰਗ ਭਰਨ ਵਾਲੇ ਸ਼ਾਇਰ ਮੇਜਰ ਭੁਪਿੰਦਰ ਦਲੇਰ ਨੇ ਝੰਡਾ ਗੱਡਿਆ। ਅਜਿਹੇ ਮਾਹੌਲ ਨੂੰ ਡਾ. ਹਰਪ੍ਰੀਤ ਸਿੰਘ ਧੁੱਗਾ ਆਪਣੇ ਫ਼ਿਕਰ, ਸੰਜੀਦਗੀ ਅਤੇ ਜਜ਼ਬੇ ਭਰਪੂਰ ਸ਼ਾਇਰੀ ਨਾਲ ਇਕ ਨਵਾਂ ਰੰਗ ਬਖੇਰਦੇ ਪ੍ਰਤੀਤ ਹੋਏ। ਹਰਭਜਨ ਢਿੱਲੋਂ ਨੇ ਆਪਣੀ ਸੱਜਰੀ ਪੁਸਤਕ 'ਸੁਲਘਦੀ ਅੱਗ' ਵਿਚੋਂ ਇਕ ਗ਼ਜ਼ਲ ਨੂੰ ਤਰੱਨਮ ਵਿਚ ਪੇਸ਼ ਕੀਤਾ ਅਤੇ ਸਰੋਤਿਆਂ ਦੀ ਬੇਤਾਬੀ ਨੂੰ ਸੁਰਜੀਤ ਸਖੀ ਦੀ ਸ਼ਾਇਰੀ ਨੇ ਇਲਹਾਮ ਦਿੱਤਾ। ਸ਼ਾਇਰ ਕੁਲਵਿੰਦਰ ਨੇ ਆਪਣੇ ਵਿਲੱਖਣ ਅੰਦਾਜ਼ ਅਤੇ ਫ਼ਿਓਮਪ;ਕਰ-ਏ-ਸ਼ਾਇਰੀ ਭਰਪੂਰ ਸ਼ਿਅਰਾਂ ਦੀ ਬਰਸਾਤ ਨਾਲ ਹਾਜ਼ਰੀਨ ਦੀ ਸੋਚ ਸਿੱਲ੍ਹੀ ਕੀਤੀ।ਇਸ ਮਗਰੋਂ ਭਾਰਤ ਤੋਂ ਆਏ ਸ਼ਾਇਰ ਮੱਖਣ ਮਾਨ ਨੇ ਸੰਜੀਦਾ ਕਵਿਤਾ ਰਾਹੀਂ ਦਾਦ ਖੱਟੀ ਅਤੇ ਸੁਰਿੰਦਰ ਸੀਰਤ ਨੇ ਤਰੱਨਮ ਵਿਚ ਯਥਾਰਥਵਾਦੀ ਗ਼ਜ਼ਲ ਨਾਲ ਸ਼ਰਸ਼ਾਰ ਕੀਤਾ। ਇਸ ਮੁਸ਼ਾਇਰੇ ਦੇ ਮੀਰ ਮੁਸ਼ਾਇਰਾ ਰਵਿੰਦਰ ਸਹਿਰਾਅ ਨੇ ਜਿੱਥੇ ਆਪਣੀ ਚਿੰਤਨਸ਼ੀਲ ਕਾਵਿ-ਸੂਝ ਨਾਲ ਮੁਤਾਸਿਰ ਕੀਤਾ ਉੱਥੇ ਹੀ ਉਹਨਾਂ ਵਲੋਂ ਸਹਿ-ਸੰਪਾਦਿਤ ਕਾਵਿ ਪੁਸਤਕ,'ਅਮਰੀਕੀ ਪੰਜਾਬੀ ਕਵਿਤਾ'-ਭਾਗ ਦੂਜਾ ਨੂੰ ਅਕੈਡਮੀ ਵਲੋਂ ਪ੍ਰਕਾਸ਼ਤ ਕਰਨ ਲਈ ਧੰਨਵਾਦ ਵੀ ਕੀਤਾ। ਅਗਲੇ ਸੈਸ਼ਨ ਵਿਚ ਮਾਣ ਸਨਮਾਨ ਹੋਇਆ। ਇਸ ਵਿਚ ਜਿੱਥੇ ਡਾ. ਸੁਖਦੇਵ ਸਿੰਘ ਖਾਹਰਾ, ਮੱਖਣ ਮਾਨ, ਰਵਿੰਦਰ ਸਹਿਰਾਅ ਅਤੇ ਸੁਖਵਿੰਦਰ ਕੰਬੋਜ ਦਾ ਅਕੈਡਮੀ ਵਲੋਂ ਸਨਮਾਨ ਕੀਤਾ ਗਿਆ, ਉਥੇ ਹੀ ਵਿਪਸਾ ਵਲੋਂ ਇਸ ਵ੍ਹਰੇ ਦਾ ਸਰਬ ਉੱਤਮ ਲੇਖਕ, ਸੁਖਪਾਲ ਸੰਘੇੜਾ ਨੂੰ ਚੁਣਿਆ ਗਿਆ। ਉਹਨਾਂ ਨੂੰ ਇਕ ਪਲੇਕ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਕਾਨਫਰੰਸ ਦਾ ਆਖਰੀ ਸੈਸ਼ਨ, 'ਸੰਦਲੀ ਸੰਗੀਤਕ ਸ਼ਾਮ' ਸੀ ਜਿਸ ਦੁਆਰਾ ਅਕੈਡਮੀ ਵਲੋਂ ਇਕ ਅਜਿਹੇ ਵਿਸ਼ੇਸ਼ ਪ੍ਰੋਗਰਾਮ ਨੂੰ ਕਰਨ ਦੀ ਪਿਰਤ ਪਾਈ ਗਈ ਜਿਸ ਦਾ ਆਨੰਦ ਮਾਣਨ ਲਈ ਸਰੋਤਿਆਂ ਨੇ ਸਾਡਾ ਅੰਤ ਤੀਕ ਸਾਥ ਨਿਭਾਇਆ। ਇਸ ਦੇ ਮੁੱਖ ਗਾਇਕ ਸੁਖਦੇਵ ਸਾਹਿਲ ਅਤੇ ਬੀਬੀ ਰਣਜੀਤ ਕੌਰ ਸਨ ਜਿਨ੍ਹਾਂ ਦਾ ਤਬਲੇ ਤੇ ਗੁਰਦੀਪ ਸਿੰਘ ਅਤੇ ਕੀ-ਬੋਰਡ ਤੇ ਨਵਦੀਪ ਨੇ ਬਾਕਮਾਲ ਸਾਥ ਦਿੱਤਾ। ਇਸ ਸੈਸ਼ਨ ਦੀ ਰੋਚਿਕਤਾ ਵਿਜੈ ਸਿੰਘ ਦਾ ਹਾਸ-ਵਿਅੰਗ ਸੀ। ਉਹਨਾਂ ਨੇ ਸਟੈਂਡਿੰਗ ਕਾਮੇਡੀ ਰਾਹੀਂ ਸਮਾਂ ਬੰਨ੍ਹਿਆ। ਇਸ ਕਾਨਫਰੰਸ ਨੂੰ ਸਫਲ ਬਣਾਉਣ ਅਤੇ ਹਰ ਪ੍ਰਕਾਰ ਦਾ ਸਹਿਯੋਗ ਦੇਣ ਲਈ ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਆਪ ਸਭ ਦੀ ਰਿਣੀ ਰਹੇਗੀ।

# ਨਵੋਦਿਆ ਵਿਦਿਆਲਿਆ ਤਲਵੰਡੀ ਮਾਧੋ ਵਿੱਚ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ ਮਨਾਇਆ

**ਤਲਵੰਡੀ ਮਾਧੋ–** ਜਵਾਹਰ ਨਵੋਦਿਆ ਵਿਦਿਆਲਿਆ ਤਲਵੰਡੀ ਮਾਧੋ ਦੇ ਸਟਾਫ ਅਤੇ ਵਿਦਿਆਰਥੀਆਂ ਨੇ ਗੁਰੂ ਨਾਨਕ ਦੇਵ ਜੀ ਦੇ 550ਵੇਂ ਗੁਰਪੁਰਬ ਤੇ ਗੁਰੂ ਜੀ ਦੀਆਂ ਸਿੱਖਿਆਵਾਂ ਅਨੁਸਾਰ ਜੀਵਨ ਜੀਣ ਦਾ ਪ੍ਰਣ ਲੈ ਕੇ ਬੜੀ ਸ਼ਰਧਾ ਨਾਲ ਮਨਾਇਆ। ਸਵੇਰੇ ਪ੍ਰਭਾਤਫੇਰੀ ਕੱਢੀ ਗਈ। ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਉਪਰੰਤ ਪ੍ਰਿੰਸੀਪਲ ਅਸ਼ੋਕ ਕੁਮਾਰ ਲੱਧੜ, ਭਾਈ ਸੁਖਵਿੰਦਰ ਸਿੰਘ ਤੇ ਸੀਤਾ ਰਾਮ ਬਾਂਸਲ ਨੇ ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਬਾਣੀ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ। ਬੁਲਾਰਿਆਂ ਨੇ ਕਿਹਾ ਕਿ ਸਾਨੂੰ



ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ਾਂ ਅਨੁਸਾਰ ਆਪਣੇ ਆਪ ਨੂੰ ਢਾਲਣਾ ਚਾਹੀਦਾ ਹੈ ਤਾਂ ਜੋ ਸਰਬੱਤ ਦਾ ਭਲਾ ਕਰ ਸਕੀਏ।

ਵਿਦਿਆਰਥੀਆਂ ਨੇ ਗੁਰਬਾਣੀ ਦਾ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ।ਗੁਰੂ ਕਾ ਲੰਗਰ ਅਤੁੱਟ ਵਰਤਿਆ। ਇਸ ਮੌਕੇ ਪੁਸ਼ਪਿੰਦਰ ਕੌਰ ਵਾਈਸ ਪ੍ਰਿੰਸੀਪਲ, ਨਰੰਜਣ ਕੌਰ, ਪਰਵਿੰਦਰ ਸਿੰਘ, ਜਸਪ੍ਰੀਤ ਸਿੰਘ, ਸਤਪਾਲ, ਅਵਤਾਰ ਸਿੰਘ, ਕਸ਼ਮੀਰੀ ਲਾਲ, ਸਤਵੀਰ ਕੌਰ, ਸੀਮਾ, ਰਜਿੰਦਰ ਕੌਰ, ਆਸ਼ਾ ਰਾਣੀ, ਮਧੂਬਾਲਾ, ਸਾਬੀਆ, ਜਸਵਿੰਦਰ ਕੌਰ ਤੇ਼ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ।

# ਪਰਕਸ ਵੱਲੋਂ 'ਗੁਰੂ ਨਾਨਕ ਬਾਣੀ, ਸਰੋਕਾਰ ਅਤੇ ਪੈਗ਼ਾਮ' ਪੁਸਤਕ ਰਲੀਜ਼

**ਅੰਮ੍ਰਿਤਸਰ–** ਖ਼ਾਲਸਾ ਕਾਲਜ ਸੀਨੀਅਰ ਸੈਕੰਡਰੀ ਸਕਲ ,ਅੰਮ੍ਰਿਤਸਰ ਵਿਖੇ ਪੰਜਾਬੀ ਰਾਈਟਰਜ਼ ਕੋਆਪਰੇਟਿਵ ਲਿਮਟਿਡ ਲੁਧਿਆਣਾ-ਅੰਮ੍ਰਿਤਸਰ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪੁਸਤਕ 'ਗੁਰੂ ਨਾਨਕ ਬਾਣੀ : ਸਰੋਕਾਰ ਅਤੇ ਪੈਗ਼ਾਮ' ਰਲੀਜ਼ ਕੀਤੀ ਗਈ। ਡਾ. ਬਿਕਰਮ ਸਿੰਘ ਘੁੰਮਣ ਅਤੇ ਡਾ. ਚਰਨਜੀਤ ਸਿੰਘ ਗੁਮਟਾਲਾ ਦੁਆਰਾ ਸੰਪਾਦਿਤ ਇਸ ਪੁਸਤਕ ਵਿੱਚ ਡੇਢ ਦਰਜਨ ਤੋਂ ਵੱਧ ਸ੍ਰੀ ਗੁਰੂ ਨਾਨਕ ਜੀ ਦੇ ਜੀਵਨ, ਦਰਸ਼ਨ, ਬਾਣੀਆਂ ਅਤੇ ਯਾਤਰਾਵਾਂ ਨਾਲ ਸੰਬੰਧਿਤ ਚੋਟੀ ਦੇ ਵਿਦਵਾਨਾਂ ਦੇ ਖੋਜ ਭਰਪੂਰ ਲੇਖ ਪ੍ਰਕਾਸ਼ਿਤ ਕੀਤੇ ਗਏ ਹਨ।

ਸਮਾਗਮ ਦੀ ਪ੍ਰਧਾਨਗੀ ਡਾ. ਬਿਕਰਮ ਸਿੰਘ



ਘੁੰਮਣ, ਡਾ. ਇੰਦਰਜੀਤ ਸਿੰਘ ਗੋਗੋਆਣੀ, ਡਾ. ਸੁਹਿੰਦਰਬੀਰ ਸਿੰਘ, ਯਸ਼ਪਾਲ ਝਬਾਲ ਅਤੇ ਡਾ. ਚਰਨਜੀਤ ਸਿੰਘ ਗੁਮਟਾਲਾ ਨੇ ਕੀਤੀ। ਇਸ ਮੌਕੇ 'ਤੇ ਹਾਜ਼ਰ ਵਿਦਵਾਨਾਂ ਨੇ ਗੁਰੂ ਜੀ ਦੇ ਜੀਵਨ, ਦਰਸ਼ਨ ਤੇ ਪੁਸਤਕ ਬਾਰੇ ਭਰਪੂਰ ਚਰਚਾ ਕੀਤੀ। ਇਸ ਪੁਸਤਕ ਦੀ ਪ੍ਰਕਾਸ਼ਨਾਂ ਲਈ ਅਵਤਾਰ ਸਿੰਘ ਸਪਰਿੰਗਫੀਲਡ (ਓਹਾਇਹੋ ਸਟੇਟ) ਯੂ.ਐਸ.ਏ. ਦਾ ਧੰਨਵਾਦ ਕੀਤਾ ਗਿਆ, ਜਿਨ੍ਹਾਂ ਦੇ ਸਹਿਯੋਗ ਨਾਲ ਇਹ ਪੁਸਤਕ ਪ੍ਰਕਾਸ਼ਿਤ ਹੋਈ ਹੈ। ਇਸ ਮੌਕੇ ਅਸਟਰੇਲੀਆ ਨਿਵਾਸੀ ਗਿਆਨੀ ਸੰਤੋਖ ਦੀ ਪੁਸਤਕ 'ਕੁਝ ਏਧਰੋਂ ਕੁਝ ਓਧਰੋਂ' ਜੋ ਕਿ ਆਜ਼ਾਦ ਬੁਕ ਡੀਪੋ, ਹਾਲ ਬਜ਼ਾਰ ਅੰਮ੍ਰਿਤਸਰ ਦੁਆਰਾ ਪ੍ਰਕਾਸ਼ਿਤ ਕੀਤੀ ਗਈ ਹੈ, ਵੀ ਰਲੀਜ਼ ਕੀਤੀ ਗਈ। ਮੰਚ ਸੰਚਾਲਨ ਮਰਕਸਪਾਲ ਗੁਮਟਾਲਾ ਨੇ ਕੀਤਾ। ਇਸ ਮੌਕੇ 'ਤੇ ਹੋਰਨਾਂ ਤੋਂ ਇਲਾਵਾ ਮਨਮੋਹਨ ਸਿੰਘ ਢਿੱਲੋਂ, ਗਿਆਨ ਸਿੰਘ ਸੱਗੂ, ਡਾ. ਕਸ਼ਮੀਰ ਸਿੰਘ, ਕੈਪਟਨ ਰਵੇਲ ਸਿੰਘ, ਬਲਵੰਤ ਸਿੰਘ ਵਲੀਪੁਰ, ਜਗਜੀਵਨ ਸਿੰਘ, ਇੰਜ. ਮਨਜੀਤ ਸਿੰਘ ਸੈਣੀ, ਇੰਜ. ਦਲਜੀਤ ਸਿੰਘ ਕੋਹਲੀ, ਕੁਲਦੀਪ ਸਿੰਘ ਆਜ਼ਾਦ ਬੁਕ ਡੀਪੋ, ਚਰਨਜੀਤ ਕੌਰ, ਪਮਿੰਦਰ ਕੌਰ, ਮਾਈਕਲ ਰਾਹੁਲ, ਸਟਾਫ਼ ਮੈਂਬਰਾਨ, ਵਿਦਿਆਰਥੀ ਹਾਜ਼ਰ ਸਨ।

# 25 ਬਾਲ ਲੇਖਕਾਂ ਨੂੰ ਨਿੱਕੀਆਂ ਕਰੂੰਬਲਾਂ ਪੁਰਸਕਾਰ ਦੇਣ ਦਾ ਐਲਾਨ ਕੀਤਾ

**ਮਾਹਿਲਪੁਰ–** ਸੁਰ ਸੰਗਮ ਵਿਦਿਅਕ ਟਰੱਸਟ ਮਾਹਿਲਪੁਰ ਵਲੋਂ ਪਿਛਲੇ 25 ਸਾਲਾਂ ਤੋਂ ਨਿਰੰਤਰ ਪ੍ਰਕਾਸ਼ਿਤ ਕੀਤੇ ਜਾ ਰਹੇ ਬਾਲ ਰਸਾਲੇ ਨਿੱਕੀਆਂ ਕਰੂੰਬਲਾਂ ਦੇ ਸਿਲਵਰ ਜੁਬਲੀ ਸਮਾਰੋਹ ਮੌਕੇ ਪੰਜਾਬੀ ਦੇ 18 ਸਾਲ ਤੋਂ ਘੱਟ ਉਮਰ ਦੇ 25 ਬਾਲ ਲੇਖਕਾਂ ਨੂੰ ਮਾਤਾ ਭਜਨ ਕੌਰ ਨਿੱਕੀਆਂ ਕਰੂੰਬਲਾਂ ਪੁਰਸਕਾਰ ਦੇਣ ਦਾ ਐਲਾਨ ਟਰੱਸਟ ਦੇ ਸਰਪ੍ਰੱਸਤ ਐਸ ਅਸ਼ੋਕ ਭੌਰਾ, ਪ੍ਰਧਾਨ ਬਲਜਿੰਦਰ ਮਾਨ ਅਤੇ ਚੇਅਰਮੈਨ ਪ੍ਰੋ.ਬਲਦੇਵ ਸਿੰਘ ਬੱਲੀ ਵਲੋਂ ਕਰੂੰਬਲਾਂ ਭਵਨ ਮਾਹਿਲਪੁਰ ਵਿਚ ਕੀਤਾ ਗਿਆ। ਉਹਨਾਂ ਦੱਸਿਆ ਕਿ ਪੁਰਸਕਾਰ ਜੇਤੂ ਬੱਚਿਆਂ ਦੀ ਘੱਟੋ ਘੱਟ ਇਕ ਅਤੇ ਕੁੱਝ ਦੀਆਂ ਪੰਜ ਪੰਜ ਪੁਸਤਕਾਂ ਪ੍ਰਕਾਸ਼ਿਤ ਹੋ ਚੁਕੀਆਂ ਹਨ ਅਤੇ ਇਹ ਬਹੁਪੱਖੀ ਪ੍ਰਤਿਭਾ ਦੇ ਮਾਲਕ ਹਨ। ਇਹਨਾਂ ਪੁਰਸਕਾਰਾਂ ਵਾਸਤੇ ਟਰੱਸਟ ਨੂੰ ਪੰਜਾਬ ,ਹਰਿਆਣਾ, ਹਿਮਾਚਲ ਅਤੇ ਦਿੱਲੀ ਤੋਂ ਵੀ ਪੱਤਰ ਪ੍ਰਾਪਤ ਹੋਏ ਸਨ।ਇਹ ਪੁਰਸਕਾਰ 12 ਨਵੰਬਰ ਦਿਨ ਮੰਗਲਵਾਰ ਨੂੰ ਰਸਾਲੇ ਦੇ ਸਿਲਵਰ ਜੁਬਲੀ ਸਮਾਰੋਹ ਮੌਕੇ ਮਿਲਨ ਪੈਲੇਸ ਮਾਹਿਲਪੁਰ ਵਿਚ ਸਵੇਰੇ ਦਸ ਵਜ਼ੇ ਪ੍ਰਦਾਨ ਕੀਤੇ ਜਾਣਗੇ ।ਪੁਰਸਕਾਰ ਵਿਚ ਹਰ ਲੇਖਕ ਨੂੰ 2100 ਰੁਪਏ ਦੀ ਰਾਸ਼ੀ,ਪੁਸਤਕਾਂ ਦਾ ਸੈਟ ਅਤੇ ਸਨਮਾਨ ਚਿੰਨ੍ਹ ਦਿੱਤਾ ਜਾਵੇਗਾ। ਮਾਤਾ ਭਜਨ ਕੌਰ ਨਿੱਕੀਆਂ ਕਰੂੰਬਲਾਂ ਪੁਰਸਕਾਰ ਜੇਤੂਆਂ ਵਿਚ ਫਰੀਦਾ ਪੁੱਤਰੀ ਰਕੇਸ਼ ਕੁਮਾਰ ਪਟਿਆ਼ਲਾ, ਸੀਰਤਪਾਲ ਪੁੱਤਰੀ ਸਤਪਾਲ ਭੀਖੀ ਪਟਿਆਲਾ, ਰਜਨੀ ਰਾਣੀ ਪੁੱਤਰੀ ਹੰਸ ਰਾਜ ਪਟਿਆਲਾ, ਪਰਵਾਜ਼ ਪੁੱਤਰ ਡਾ. ਕੁਲਦੀਪ ਸਿੰਘ ਦੀਪ ਪਟਿਆਲਾ, ਸਨੋਅ ਸਾਦਗੀ ਪੁੱਤਰੀ ਗੁਰਪ੍ਰੀਤ ਮਾਨਸਾ, ਕਿਰਨਦੀਪ ਕੌਰ ਪੁੱਤਰੀ ਹਰਮੇਸ਼ ਸਿੰਘ ਫਿਰੋਜਪੁਰ, ਪੁਨੀਤ ਰਾਣੀ ਪੁੱਤਰੀ ਦਲਜੀਤ ਕੁਮਾਰ ਸ਼ਰਮਾ ਬਠਿੰਡਾ, ਕੁਲਵਿੰਦਰ ਕੰਗ ਪੁੱਤਰ ਜਸਵੀਰ ਸਿੰਘ ਮੋਗਾ, ਨਵਨੀਤ ਰਾਣੀ ਪੁੱਤਰੀ ਦਲਜੀਤ ਕੁਮਾਰ ਸ਼ਰਮਾ ਬਠਿੰਡਾ, ਸੁਖਜੀਤ ਸੈਫੀ ਪੁੱਤਰ ਰਾਜਵਿੰਦਰ ਸਿੰਘ ਬਰਨਾਲਾ, ਹਰੀਗੋਪਾਲ ਪੁੱਤਰ ਅਸ਼ਵਨੀ ਕੁਮਾਰ ਬਰਨਾਲਾ, ਮੋਨਿਕਾ ਪੁੱਤਰੀ ਸੁਭਾਸ਼ ਫਿਰੋਜਪੁਰ, ਅਰਸ਼ਦੀਪ ਕੌਰ ਪੁੱਤਰੀ ਜਰਨੈਲ ਸਿੰਘ ਸੰਗਰੂਰ, ਅਵਿਨਾਸ਼ ਸ਼ਰਮਾ ਪੁੱਤਰੀ ਜਤਿੰਦਰ ਮੋਹਨ ਸ਼ਰਮਾ ਮਾਨਸਾ, ਕੁਲਵਿੰਦਰ ਸਿੰਘ ਧਾਲੀਵਾ਼ਲ ਪੁੱਤਰ ਪਰਗਟ ਸਿੰਘ ਮਾਨਸਾ, ਗੁਰਪ੍ਰੀਤ ਪੁੱਤਰੀ ਸੰਦੀਪ, ਗੁਰਅਮਾਨਤ ਕੌਰ ਪੁੱਤਰੀ ਬਲਬੀਰ ਕੌਰ ਰੀਹਲ ਨਵਾਂਸ਼ਹਿਰ, ਗੁਰਸਿਮਰਨ ਕੌਰ ਪੁੱਤਰੀ ਹਰਪਾਲ ਸਿੰਘ ਸੰਗਰੂਰ, ਰੱਜੀ ਪੁੱਤਰੀ ਬੂਟਾ ਸਿੰਘ ਜਲੰਧਰ, ਰਾਜਵੀਰ ਕੌਰ ਪੁੱਤਰੀ ਬਾਰੂ ਸਿੰਘ ਮਾਨਸਾ, ਸੁਖਚੰਚਲ ਕੌਰ ਪੁੱਤਰੀ ਕੁਲਵਿੰਦਰ ਕੌਰ ਰੂਹਾਨੀ ਹੁਸ਼ਿਆਰਪੁਰ, ਸੁਖਮਨ ਸਿੰਘ ਪੁੱਤਰ ਰਣਦੀਪ ਕੌਰ ਹੁਸ਼ਿਆਰਪੁਰ, ਜਸਵੀਰ ਜੋਸ਼ੀ ਪੁੱਤਰ ਅਸ਼ੋਕ ਕੁਮਾਰ ਹੁਸ਼ਿਆਰਪੁਰ, ਸਾਨਿਧਯ ਪ੍ਰਭਾਕਰ ਪੁੱਤਰ ਅਨਿਲ ਆਦਮ ਫਿਰੋਜ਼ਪੁਰ,ਅਮਨਜੋਤ ਸਿੰਘ ਪੁੱਤਰ ਗੋਬਿੰਦ ਸਿੰਘ ਭਾਟੀਆ ਯਮੁਨਾ ਨਗਰ ਹਰਿਆਣਾ, ਆਦਿ ਨਾਮ ਸ਼ਾਮਿਲ ਹਨ।

# ਗੁਰਦੁਆਰਾ ਸਿੱਖ ਸੈਂਟਰ, ਐਂਡਰਸਨ

## Gurdwara Sikh Center

## 5400 Sikh Center Drive, Anderson, CA 96007





## ਧੰਨ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਜੀ ਦੇ 550ਵੇਂ ਪ੍ਰਕਾਸ਼ ਉਤਸਵ ਦੀ ਲੱਖ-ਲੱਖ ਵਧਾਈ ਹੋਵੇ ਜੀ

## ਤੇਹਰਵਾਂ ਸਾਲਾਨਾ ਨਗਰ ਕੀਰਤਨ ਸਮਾਗਮ
## 22, 23 ਅਤੇ 24 ਨਵੰਬਰ 2019
## ਨਗਰ ਕੀਰਤਨ ਸ਼ਨਿੱਚਰਵਾਰ 23 ਨਵੰਬਰ 2019

ਗੁਰਦੁਆਰਾ ਸਾਹਿਬ ਸਿੱਖ ਸੈਂਟਰ, ਐਂਡਰਸਨ ਵਿਖੇ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਦਿਹਾੜਾ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਮਨਾਇਆ ਜਾ ਰਿਹਾ ਹੈ ਜੀ। ਤਨ, ਮਨ ਅਤੇ ਧਨ ਨਾਲ ਸਹਿਯੋਗ ਦੇ ਕੇ ਸਤਿਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

### ਪ੍ਰੋਗਰਾਮ ਅਤੇ ਸਮਾਂ ਸੂਚੀ

ਆਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ ਸਹਿਤ ਸ੍ਰੀ ਜਪੁ ਜੀ ਸਾਹਿਬ
ਸ਼ੁੱਕਰਵਾਰ 22 ਨਵੰਬਰ ਸਵੇਰੇ 10:30 ਵਜੇ
ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ ਸਹਿਤ ਸ੍ਰੀ ਜਪੁ ਜੀ ਸਾਹਿਬ
ਐਤਵਾਰ 24 ਨਵੰਬਰ ਸਵੇਰੇ 9:30 ਵਜੇ

ਸਪੈਸ਼ਲ ਦੀਵਾਨ 18 ਨਵੰਬਰ ਤੋਂ 24 ਨਵੰਬਰ ਤੱਕ, ਜਿਸ ਮੌਕੇ ਵਿਸ਼ਵ ਪ੍ਰਸਿੱਧ ਢਾਡੀ ਜਥਾ ਗਿਆਨੀ ਲਖਵਿੰਦਰ ਸਿੰਘ ਸੋਹਲ ਹਰ ਰੋਜ਼ ਸ਼ਾਮੀ 6:15 ਤੋਂ 7:15 ਤੱਕ ਢਾਡੀ ਵਾਰਾਂ ਨਾਲ ਨਿਹਾਲ ਕਰਨਗੇ। ਆਪ ਸਭ ਨੂੰ ਬੇਨਤੀ ਹੈ ਕਿ ਇਸ ਸਪੈਸ਼ਲ ਦੀਵਾਨ ਵਿਚ ਲਾਜ਼ਮੀ ਹਾਜ਼ਰੀ ਭਰੀ ਜਾਵੇ ਜੀ।

ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਵਿਚ ਅਤਿ ਸੁੰਦਰ ਚੰਦੋਆ ਸਾਹਿਬ, ਰੁਮਾਲਾ ਸਾਹਿਬ, ਸੁੱਖ ਆਸਨ ਅਸਥਾਨ ਬਸਤਰਾਂ ਦੀ ਸੇਵਾ ਕੋਰਨਿੰਗ ਨਿਵਾਸੀ ਸਮੂਹ ਸੰਗਤ ਵੱਲੋਂ ਹੋਵੇਗੀ।

ਨਗਰ ਕੀਰਤਨ ਦੌਰਾਨ (ਰੂਟ ਤੇ) ਜ਼ਿਪ ਲੋਕ ਬੈਗ (ਸਨੈਕਸ) ਵਰਤਾਉਣ ਦੀ ਸੇਵਾ ਐਂਡਰਸਨ ਨਿਵਾਸੀ ਤੇਜਬੀਰ ਸਿੰਘ ਪੱਡਾ, ਬੀਬੀ ਰਾਜਵਿੰਦਰ ਕੌਰ ਪੱਡਾ ਵੱਲੋਂ ਆਪਣੇ ਬੱਚੇ ਸੁੱਖਸਹਿਜ ਪੱਡੇ ਦੇ ਜਨਮ ਦਿਨ ਦੀ ਖੁਸ਼ੀ ਵਿਚ ਕੀਤੀ ਜਾਵੇਗੀ ਜੀ।

## ਹੋਰ ਜਾਣਕਾਰੀ ਲਈ ਸੰਪਰਕ ਕਰੋ:
## ਅਮਰਜੀਤ ਸਿੰਘ 530 440 2626, ਗੁਰਮੇਲ ਸਿੰਘ 530 840 0200


BUYING OR SELLING REAL ESTATE? WE CAN HELP!
Residential & Commercial
John Singh Banga
Your Honest & Experienced REALTOR
(916) 271-5404
Banga.Realtor@gmail.com
Visit My Website:
www.banga.bhhser.com
CALBRE #01397975
BERKSHIRE HATHAWAY HomeServices
FOR OVER A TOP PRODUCER 15 YEARS
REALTOR
EQUAL HOUSING OPPORTUNITY
Residential Home Financing
Akash Banga
Loan Originator
(916) 705-7837
Abanga@rhloans.com
Visit My Website:
ResidentialHomeILoans.com/abanga
RHL RESIDENTIAL HOME LOANS
EQUAL HOUSING LENDER
NMLS #1868842
Buying or Selling any Business? Call Now 916-271-5404
ਕੀ ਤੁਸੀਂ ਸੈਕਰਾਮੈਂਟੋ / ਬੇ-ਏਰੀਆ ਵਿਚ ਘਰ ਜਾਂ ਵਪਾਰਕ ਸੰਪਤੀ ਖਰੀਦਣ ਜਾਂ ਵੇਚਣ ਦੇ ਚਾਹਵਾਨ ਹੋ ਤਾਂ ਅੱਜ ਹੀ ਕਾਲ ਕਰੋ 916-271-5404
AVAILABLE
Indian Restaurant
For Sale In Stockton
All Equipment & Fixtures Included
Listing Price: $149,900
AVAILABLE
2 Bedroom, 2 Bathroom
Sqft: 1280*, Lot Size: 3920*
Listing Price: $295,000
Sacramento, CA
Price Reduced
CIGARETTES XPRESS
AVAILABLE
Smoke Shop for Sale in Sacramento
Monthly Gross Sales: $50K
Listing Price: $89,000
AVAILABLE
Inside Monthly Gross Sale $180K
Gas Station, Liquor Store,
Deli, & Laundromat!
In Contra Costa County, CA
Listing Price: $1,200,000
AUTO REPAIR
AVAILABLE
Auto Repair & Lube Shop
Lot Size: 2000, Rent is ONLY
$1500/mo.
Listing Price to $139,000
Sacramento, CA
LIQUORS
CHECK CASHING
AVAILABLE
Liquor Store for Sale in Santa Clara
Monthly Gross Sale: $90K
Listing Price: $649,000 plus Inventory
AVAILABLE
3 Bedroom, 3 Bathroom
Sqft: 1567*, Lot Size: 2448*
Listing Price: $325,000
Sacramento, CA
AVAILABLE
5 Bedroom, 4 Bathroom
Sqft: 3006, Lot Size: 8276*
Listing Price: $599,000
Sacramento, CA
SUBWAY
AVAILABLE
Price Reduced
Subway
for Sale in Sacramento
Listing Price: $224,900
AVAILABLE
Indian Restaurant
for Sale in Sacramento
Listing Price: $149,000
AVAILABLE
Price Reduced
Liquor Store for Sale in Sacramento
Monthly Gross Sale: 80K
Down Payment: 350K (Seller will carry Rest)
Listing Price: $499,000 plus Inventory
AVAILABLE
Absentee Owner
Coffee Shop for Sale
Monthly Gross Sales: $25,000
Listing Price: $150,000
AVAILABLE
4 Bedroom, 3 Bathroom
Sqft: 2476*, Lot Size: 6617*
Listing Price: $549,900 Elk Grove, CA
AVAILABLE
5 Bedroom, 4 Bathroom
Sqft: 2725*, Lot Size: 5249*
Listing Price: $489,000 Elk Grove, CA
AVAILABLE
3 Bedroom, 2 Bathroom
Sqft: 1675*, Lot Size: 4792*
Listing Price: $398,000 Sacramento, CA
BERKSHIRE HATHAWAY HomeServices Elite Real Estate
BH HS BERKSHIRE HATHAWAY HOMESERVICES
BERKSHIRE HATHAWAY
Home Services
Elite Real Estate
OFFICE: 7412 ELSIE AVE., SACRAMENTO, CA 95828

# ਯੂਬਾ ਸਿਟੀ ਦੇ 40ਵੇਂ ਮਹਾਨ ਨਗਰ ਕੀਰਤਨ ਦਰਮਿਆਨ ਦੂਰ-ਦੁਰਾਡਿਉਂ ਪਹੁੰਚੀ ਸੰਗਤ, ਪ੍ਰਬੰਧਕਾਂ ਅਤੇ ਸੇਵਾਦਾਰਾਂ ਨੂੰ ਨਗਰ ਕੀਰਤਨ ਦੀ ਸਫਲਤਾ 'ਤੇ ਲੱਖ-ਲੱਖ ਵਧਾਈਆਂ, ਜਿਹਨਾਂ ਨੇ ਉਦਮ ਕਰਕੇ ਇਸ ਮਹਾਨ ਨਗਰ ਕੀਰਤਨ ਨੂੰ ਮਹਾਨਤਾ ਦੀਆਂ ਸਿਖਰਾਂ ਤੇ ਪਹੁੰਚਾਇਆ। ਇਸ ਮੌਕੇ ਡਾਇਮੰਡ ਕਲੱਬ ਵੱਲੋਂ ਲਗਾਏ ਲੰਗਰ ਦੀਆਂ ਝਲਕੀਆਂ























# Rajratan Ashok Ambedkar's Historic Visit to California















ਯੂਬਾ ਸਿਟੀ ਦੇ 40ਵੇਂ ਮਹਾਨ ਨਗਰ ਕੀਰਤਨ ਦਰਮਿਆਨ ਦੂਰ-ਦੁਰਾਡਿਉਂ ਪਹੁੰਚੀ ਸੰਗਤ, ਪ੍ਰਬੰਧਕਾਂ ਅਤੇ ਸੇਵਾਦਾਰਾਂ ਨੂੰ ਨਗਰ ਕੀਰਤਨ ਦੀ ਸਫਲਤਾ 'ਤੇ ਲੱਖ-ਲੱਖ ਵਧਾਈਆਂ, ਜਿਹਨਾਂ ਨੇ ਉਦਮ ਕਰਕੇ ਇਸ ਮਹਾਨ ਨਗਰ ਕੀਰਤਨ ਨੂੰ ਮਹਾਨਤਾ ਦੀਆਂ ਸਿਖਰਾਂ ਤੇ ਪਹੁੰਚਾਇਆ। ਇਸ ਮੌਕੇ ਡਾਇਮੰਡ ਕਲੱਬ ਵੱਲੋਂ ਲਗਾਏ ਲੰਗਰ ਦੀਆਂ ਝਲਕੀਆਂ










# ਡਾ.ਅੰਬੇਡਕਰ ਜੀ ਦੇ ਪੜਪੋਤੇ ਸ੍ਰੀ ਰਾਜਰਤਨ ਅੰਬੇਡਕਰ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ ਵਿਖੇ ਨਤਮਸਤਿਕ ਹੋਏ






ਭਾਰਤੀ ਸਵਿਧਾਨ ਦੇ ਨਿਰਮਾਤਾ, ਨਾਰੀ ਮੁਕਤੀ ਦੇ ਜੋਧਾ, ਭਾਰਤ ਦੇ ਪਹਿਲੇ ਕਾਨੂੰਨ ਮੰਤਰੀ, ਬਹੁਜਨ ਸਮਾਜ ਦੇ ਮਸ਼ੀਹਾ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ ਪੜਪੋਤੇ ਸ੍ਰੀ ਰਾਜਰਤਨ ਅੰਬੇਡਕਰ ਜੀ 1 ਨਵੰਬਰ 2019 ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ (ਸੈਕਰਾਮੈਂਟੋ) ਕੈਲੀਫੋਰਨੀਆ ਵਿਖੇ ਪਹੁਚੇ, ਜਿੱਥੇ ਪੁਹਚਣ ਤੇ ਗੁਰੂਘਰ ਦੀ ਸੰਗਤ ਵਲੋਂ ਉਨ੍ਹਾਂ ਦਾ ਬਹੁਤ ਗਰਮਜੋਸ਼ੀ ਨਾਲ ਭਰਪੂਰ ਸਵਾਗਤ ਕੀਤਾ ਗਿਆ। ਜੈਕਾਰਿਆਂ ਦੀ ਗੂੰਜ ਵਿਚ ਉਨ੍ਹਾਂ ਨੂੰ ਗੁਰੂਘਰ ਦੀ ਪ੍ਰਬੰਧਕ ਕਮੇਟੀ ਅਤੇ ਸਮੂੰਹ ਸੰਗਤਾਂ ਵੱਲੋਂ ਫੁੱਲਾਂ ਦੇ ਗੁਲਦਸਤੇ ਭੇਂਟ ਕੀਤੇ ਗਏ। ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਉਨ੍ਹਾਂ ਨੇ ਇਲਾਹੀ ਬਾਣੀ ਦਾ ਕੀਰਤਨ ਸਰਵਣ ਕੀਤਾ। ਗੁਰੂਘਰ ਵੱਲੋ ਉਨ੍ਹਾਂ ਨੂੰ ਸ੍ਰੀ ਸਰਿਪਾਓ ਸਾਹਿਬ ਦੀ ਬਖਸ਼ਿਸ਼ ਕੀਤੀ ਗਈ। ਉਨ੍ਹਾਂ ਵੱਲੋਂ ਸੰਗਤਾਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ ਗਏ ਅਤੇ ਮੌਜੂਦ ਸੰਗਤਾਂ ਦੇ ਪ੍ਰਸ਼ਨਾਂ ਦੇ ਉੱਤਰ ਵੀ ਦਿੱਤੇ। ਗੁਰੂਘਰ ਦੀ ਸੰਗਤਾਂ ਵਲੋਂ ਉਨ੍ਹਾਂ ਨੂੰ ਸਨਮਾਨ ਚਿੰਨ੍ਹ ਭੇਂਟ ਕੀਤਾ ਗਿਆ। ਉਹ ਤਕਰੀਬਨ ਤਿੰਨ ਘੰਟੇ ਤੱਕ ਗੁਰੂਘਰ ਵਿਖੇ ਰਹੇ। ਜਿਸ ਦੌਰਾਨ ਸੰਗਤਾਂ ਨੇ ਉਨ੍ਹਾਂ ਨਾਲ ਲੰਗਰ ਸ਼ਕਿਆ, ਖੁੱਲ ਕੇ ਵਿਚਾਰਾਂ ਕੀਤੀਆਂ ਅਤੇ ਯਾਦਗਾਰੀ ਤਸਵੀਰਾਂ ਵੀ ਲਈਆਂ। ਇਸ ਤੋਂ ਪਹਿਲਾਂ 29 ਅਕਤੂਬਰ ਨੂੰ ਕੈਲੀਫੋਰਨੀਆ ਦੀ ਸੰਗਤਾਂ ਨੇ ਭਾਰੀ ਗਿਣਤੀ ਵਿੱਚ ਸੈਨ ਫਰਾਸਿਸਕੋ ਏਅਰ ਪੋਰਟ ਪਹੁੰਚ ਕੇ ਸ੍ਰੀ ਰਾਜਰਤਨ ਅੰਬੇਡਕਰ ਜੀ ਦਾ ਅਮਰੀਕਾ ਪੁਹਚਣ ਤੇ ਫੁੱਲਾਂ ਦੇ ਗੁਲਦਸਤੇ ਦੇ ਕੇ ਸੁਆਗਤ ਕੀਤਾ। ਆਪਣੇ ਇਸ ਇਤਿਹਾਸਕ ਦੌਰੇ ਦੌਰਾਨ ਉਨ੍ਹਾਂ ਨੇ ਅੰਬੇਦਕਰ ਟਾਈਮਜ਼/ ਦੇਸ਼ ਦੁਆਬਾ ਸੈਕਰਾਮੈਂਟੋ, ਬੇ-ਏਰੀਆ ਅਤੇ ਯੂਬਾ ਸਿਟੀ ਵਿਖੇ ਗੁਰੂਘਰਾਂ ਵਿੱਚ ਸੰਗਤਾਂ ਨੂੰ ਸੰਬੋਧਨ ਕੀਤਾ, ਵਿਚਾਰ ਚਰਚਾ ਕੀਤੀ।

ਯੂਬਾ ਸਿਟੀ ਵਿਖੇ 2 ਨਵੰਬਰ 2019 ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕਰਵਾਏ ਗਏ ਸੈਮੀਨਾਰ ਵਿਖੇ ਆਪ ਮੁੱਖ ਬੁਲਾਰੇ ਵਜੋਂ ਸ਼ਾਮਲ ਹੋਏ। ਆਪ ਜੀ ਨੇ ਯੂਬਾ ਸਿਟੀ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾ ਗੱਦੀ ਦਿਵਸ ਨੂੰ ਸਮਰਪਿਤ 40ਵੇ ਮਹਾਨ ਨਗਰ ਕੀਰਤਨ ਦੌਰਾਨ ਵੀ ਸੰਗਤਾਂ ਨੂੰ ਸੰਬੋਧਨ ਕੀਤਾ।

# Sri Guru Ravidass Temple Rio Linda Sacramento 's 29th Anniversary



***Congratulations to all the wonderful Sangat at Sri Guru Ravidass Ji Temple, Rio Linda!!***

Your sincere dedication to the values of faith, family and community is the foundation upon which a wonderful Sangat is built. This timeless spirit has grown here over the last 27 years and has graced all who have had the good fortune to come through these doors. This temple celebrates all of life's diversities. It has been shelter for the homeless as it is a Palace for our Guru. This temple has greeted newborns, bonded couples and guided passing souls across with the Guru's grace. The spirit, Har har, that permeates the Sangat of this wonderful Gurughar is growing in us all, everyday.

Today the temple itself is growing along with the community. Today we celebrate a big step on this path together, all the Sangat, as we get closer to the realization of a new house in which to grow.

It was a great blessing that brought me to this temple. Everyday I am grateful. I am moved by the spirit that lives here and will always live here. By the spirit of all who value equality and share in their appreciation of life's diversities.

To all the Sangat,
I have so much to thank you for.
May God bless you always!

**- Clay Johnston**

# Rajratan Ashok Ambedkar's Historic Visit to California

Mr. Rajratan Ashok Ambedkar, Great grandnephew of Bharat Rattan Babasaheb Dr. B. R. Ambedkar and president of the Buddhist Society of India (Babasaheb Version) visited California from October 29th to 3rd November, 2019. During his short stay he visited almost all the temples functioning under the name of Guru Ravidass Ji Maharaj and was greeted with a warm and enthusiastic reception by the community.

On October 30th, 2019 Mr. Rajratan was accorded a rousing reception at a special function arranged in his honor under the auspices of Supreme Council, Sri Guru Ravidass Sabhas, USA at Golden Peacock Banquet Halls, Hayward, California.

Mr. O. P. Balley General Secretary of the Council who conducted the proceedings of the function attended by more than two hundred members of the community introduced Mr. Rajratan to the audience as a very valuable asset of the community for his intimate understanding of the mission, philosophy and struggles of Babasaheb. He also traced in brief the history of Supreme Council's existence, motive and accomplishments. The audience welcomed the honorable guest with a standing ovation for his distinguished services in moving the caravan of Babasaheb's mission to the future generations. Mr. Balley also spoke about the admirable role being played by Dr. B.R Ambedkar Education Aid society of California since 1991 in financially helping the needy students and the helpless widows with no means of livelihood particularly in Punjab and other parts of India.

Mr. Rajratan, being an elite exponent of Babasaheb's mission and philosophy, was honored with a plaque by Mr. Shashi Paul, O.P. Balley, Mr Ram Saroay, Mr. Vinod Chumber, Mr. Amrik Chand Lakha, Mr. Ramesh Suman and Mr. Prem K. Chumber alongwith other permanent and active members of the council including the chairmen and presidents of our Guru Ghars who graced the occasion with their presence.



ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਦੇ ਭਰਾ ਦੇ ਪੜਪੋਤਰੇ ਸ੍ਰੀ ਰਾਜਰਤਨ ਅੰਬੇਦਕਰ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ (ਕੈਲੇਫੋਰਨੀਆ) ਪਹੁੰਚੇ।

Mr. Rajratan who addressed the audience with a long speech lasting more than 2 hours demonstrated his charismatic skills as an acknowledged and an effective speaker carrying forward the legacy and the vision of Babasaheb. In his speech which was punctuated with bursts of applause from the audience, Mr. Rajratan touched different facets of Babasaheb's struggles with very graphic illustrations of his personal sacrifices including the tragic and harrowing losses of his young ailing sons for want of adequate medical aid. In a historical perspective he systematically explained how the visions of Guru Ravidass Ji, Guru Nanak Dev Ji, Satguru Kabir Ji and Babasaheb Ambedkar had a similar approach, content and reflections of universal equality and social transformation. In spite of his long speech he kept the audience spell-bound with a pin-drop-silence.

UNITY EMPHASIZED: - Mr. Rajratan was very vocal in exposing the role of RSS Agenda and Manuwadi forces who are striving hard to come back with the support of the Bhartiya Janta Party Governments in perpetuating their "SWARAN AGENDA "by creating an atmosphere of divisiveness among the neglected and backward sections of the Indian society to undo everything Babasaheb labored and fought so hard all his life to accomplish. He spoke very emphatically that unity and strength among the helpless and the down trodden is the only recourse left with them to guard against the execution of this dangerous and hidden Agenda.

Mr. Prem Kumar Chumber, Editor-In-chief: Ambedkar Times and Desh Doaba weekly newspapers, who ran the entire program live on Facebook and also presented a copy of his weekly Newspapers "Ambedkar Times" and "Desh Doaba" alongwith a copy of a Book titled " Religious Rebels in the Punjab" written by Professor Mark Juergensmeyer of Santa Barbara University about the Ad-Dharam Movement in pre-partition Punjab.

AANA, another organization of USA supporting the vision of Babasaheb also presented a plaque of honor to the distinguished guest.

In the end Mr. Ram Saroay thanked the audience on behalf of the Supreme Council for their participation and financial contributions in making this function a brilliant success in the history of its establishment. A sumptuous dinner arranged by the Supreme Council followed the close of the proceedings of this glamorous and dignified occasion.

On behalf of all the members of the Supreme Council we again express our thanks and appreciation to all for their help and co-operation in arranging this function and putting everything together at a very short notice.

Hoping for your continued support in future too.

**Truly Yours,**

**- O.P. Balley**
**General Secretary**

# ਕਣਕ ਦੀ ਘੱਟੋ-ਘੱਟ ਸਮਰਥਨ ਕੀਮਤ ਦਾ ਐਲਾਨ : ਲੋੜ ਹੈ ਖੇਤੀਬਾੜੀ ਨੀਤੀਆਂ ਨੂੰ ਬਦਲਣ ਦੀ

23 ਅਕਤੂਬਰ ਨੂੰ ਕੇਂਦਰ ਸਰਕਾਰ ਦੀ ਆਰਥਿਕ ਮਾਮਲਿਆਂ ਬਾਰੇ ਕੈਬਨਿਟ ਕਮੇਟੀ ਨੇ ਹਾੜ੍ਹੀ ਦੀਆਂ ਕੁਝ ਜਿਨਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਮਿਥਣ ਦਾ ਐਲਾਨ ਕੀਤਾ ਹੈ। ਹਾੜ੍ਹੀ ਦੀ ਇਕ ਪ੍ਰਮੁੱਖ ਖੇਤੀਬਾੜੀ ਜਿਨਸ ਕਣਕ ਦੀ ਘੱਟੋ-ਘੱਟ ਸਮਰਥਨ ਕੀਮਤ ਵਿਚ 85 ਰੁਪਏ ਪ੍ਰਤਿ ਕੁਇੰਟਲ ਦੇ ਵਾਧੇ ਦੇ ਐਲਾਨ ਨਾਲ ਆਉਣ ਵਾਲੀ ਹਾੜ੍ਹੀ ਦੌਰਾਨ ਇਸ ਦੀ ਘੱਟੋ-ਘੱਟ ਸਮਰਥਨ ਕੀਮਤ 1925 ਰੁਪਏ ਪ੍ਰਤਿ ਕੁਇੰਟਲ ਹੋਵੇਗੀ। ਕੇਂਦਰ ਸਰਕਾਰ ਇਸ ਕੀਮਤ ਨੂੰ ਕਿਸਾਨ-ਪੱਖੀ ਦੱਸ ਰਹੀ ਹੈ, ਪਰ ਮੁਲਕ ਦੀਆਂ ਕਿਸਾਨ ਜੱਥੇਬੰਦੀਆਂ ਅਤੇ ਕੁਝ ਵਿਰੋਧੀ ਰਾਜਸੀ ਪਾਰਟੀਆਂ ਨੇ ਇਸ ਵਾਧੇ ਦੀ ਨੁਕਤਾਚੀਨੀ ਕੀਤੀ ਹੈ। ਮੁਲਕ ਵਰਤਾਨ ਸਮੇਂ ਦੌਰਾਨ ਇਕ ਗੰਭੀਰ ਖੇਤੀਬਾੜੀ ਸੰਕਟ ਦਾ ਸਾਹਮਣਾ ਕਰ ਰਿਹਾ ਹੈ। ਮੁਲਕ ਵਿਚ ਵਰਤਮਾਨ ਖੇਤੀਬਾੜੀ ਸੰਕਟ ਕੋਈ ਬਿਲਕੁਲ ਹੀ ਨਵਾਂ ਵਰਤਾਰਾ ਨਹੀਂ, ਪਰ ਵਰਤਮਾਨ ਸਮੇਂ ਦਾ ਇਹ ਸੰਕਟ ਬਹੁਤ ਹੀ ਗੰਭੀਰ ਹੈ ਜਿਸ ਵਿਚ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਦੁਆਰਾ ਹੰਢਾਈਆਂ ਜਾ ਰਹੀਆਂ ਤਕਲੀਫ਼ਾਂ, ਧਰਤੀ ਹੇਠਲੇ ਪਾਣੀ ਦਾ ਡਿਗ ਰਿਹਾ ਪੱਧਰ, ਵਾਤਾਵਰਨ ਵਿਗਾੜ ਅਤੇ ਭੂਮੀ ਦੀ ਸਿਹਤ ਵਿਚ ਵਿਗਾੜ ਆਦਿ ਪ੍ਰਮੁੱਖ ਸਮੱਸਿਆਵਾਂ ਹਨ।

ਭਾਰਤ ਵਿਚ ਖੇਤੀਬਾੜੀ ਨੀਤੀ ਦੀ ਸ਼ੁਰੂਆਤ ਦੂਜੀ ਸੰਸਾਰ ਜੰਗ ਦੌਰਾਨ ਕੀਤੀ ਗਈ। ਉਸ ਸਮੇਂ ਦੌਰਾਨ ਮੁਲਕ ਵਿਚ ਅਨਾਜ ਪਦਾਰਥਾਂ ਦੀ ਭਾਰੀ ਥੁੜ ਕਾਰਨ ਇਨ੍ਹਾਂ ਦੀਆਂ ਕੀਮਤਾਂ ਵਿਚ ਬਹੁਤ ਤੇਜ਼ੀ ਨਾਲ ਵਾਧਾ ਹੋ ਰਿਹਾ ਸੀ ਜਿਸ ਕਰਕੇ ਇਸ ਨੀਤੀ ਦਾ ਮੁੱਖ ਉਦੇਸ਼ ਇਨ੍ਹਾਂ ਵਧ ਰਹੀਆਂ ਕੀਮਤਾਂ ਉੱਪਰ ਰੋਕ ਲਾਉਣਾ ਸੀ ਜਿਸ ਲਈ ਉਸ ਸਮੇਂ ਦੀ ਸਰਕਾਰ ਨੇ ਕੁਝ ਪ੍ਰਮੁੱਖ ਖੇਤੀਬਾੜੀ ਜਿਨਸਾਂ ਦੀਆਂ ਵੱਧੋ-ਵੱਧ ਕੀਮਤਾਂ ਨਿਸ਼ਚਿਤ ਕੀਤੀਆਂ ਇਸ ਸਮੇਂ ਦੌਰਾਨ ਕੁਝ ਖੇਤੀਬਾੜੀ ਜਿਨਸਾਂ ਦੀਆਂ ਨਿਯੂਨਤਮ ਕੀਮਤਾਂ ਵੀ ਮਿਥੀਆਂ ਗਈਆਂ। ਭਾਰਤ ਦੀ ਖੇਤੀਬਾੜੀ ਨੀਤੀ ਦੇ ਇਤਿਹਾਸ ਵਿਚ ਇਕ ਅਹਿਮ ਪੜਾਅ 1965 ਵਿਚ ਆਇਆ ਜਦੋਂ ਕੇਂਦਰ ਸਰਕਾਰ ਨੇ ਖੇਤੀਬਾੜੀ ਕੀਮਤਾਂ ਕਮਿਸ਼ਨ ਅਤੇ ਫੂਡ ਕਾਰਪੋਰੇਸ਼ਨ ਆਫ਼ ਇੰਡੀਆ ਹੋਂਦ ਵਿਚ ਲਿਆਂਦੇ। ਆਪਣੀ ਸਥਾਪਤੀ ਤੋਂ ਲੈ ਕੇ ਹੁਣ ਤੱਕ ਖੇਤੀਬਾੜੀ ਕੀਮਤਾਂ ਕਮਿਸ਼ਨ, ਖੇਤੀਬਾੜੀ ਦੀਆਂ ਕੁਝ ਪ੍ਰਮੁੱਖ ਜਿਨਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਮਿਥਣ ਸੰਬੰਧੀ ਆਪਣੀਆਂ ਸਿਫ਼ਾਰਸ਼ਾਂ ਕੇਂਦਰ ਸਰਕਾਰ ਨੂੰ ਕਰਦਾ ਆ ਰਿਹਾ ਹੈ ਅਤੇ ਆਮ ਤੌਰ ਉੱਤੇ ਕੇਂਦਰ ਵੀ ਇਨ੍ਹਾਂ ਸਿਫ਼ਾਰਸ਼ਾਂ ਨੂੰ ਮੰਨ ਕੇ ਉਨ੍ਹਾਂ ਜਿਨਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਮਿਥਦੀ ਆ ਰਹੀ ਹੈ। ਫੂਡ ਕਾਰਪੋਰੇਸ਼ਨ ਆਫ਼ ਇੰਡੀਆ ਅਤੇ ਇਸ ਲਈ ਕੰਮ ਕਰਦੀਆਂ ਕੁਝ ਸੂਬਿਆਂ ਦੀਆਂ ਏਜੰਸੀਆਂ 1965 ਤੋਂ ਲੈ ਕੇ ਵਰਤਮਾਨ ਸਮੇਂ ਤੱਕ ਕੁਝ ਪ੍ਰਮੁੱਖ ਖੇਤੀਬਾੜੀ ਜਿਨਸਾਂ ਦੀ ਖ਼ਰੀਦ ਕਰਦੀਆਂ ਆ ਰਹੀਆਂ ਹਨ। ਕਪਾਹ-ਨਰਮੇ ਦੀ ਖ਼ਰੀਦ ਕਾਟਨ ਕਾਰਪੋਰੇਸ਼ਨ ਆਫ਼ ਇੰਡੀਆ ਕਰ ਰਹੀ ਹੈ। 1965-69 ਦੌਰਾਨ ਕੁਝ ਖੇਤੀਬਾੜੀ ਜਿਨਸਾਂ ਦੀਆਂ ਸਿਫ਼ਾਰਸ਼ਾਂ ਅਤੇ ਮਿਥੀਆਂ ਗਈਆਂ ਘੱਟੋ-ਘੱਟ ਸਮਰਥਨ ਕੀਮਤਾਂ ਕਿਸਾਨ-ਪੱਖੀ ਸਨ। 1960ਵਿਆਂ ਦੌਰਾਨ ਅਨਾਜ ਪਦਾਰਥਾਂ ਦੀ ਭਾਰੀ ਥੁੜ੍ਹ ਹੋਣ ਕਾਰਨ ਕੇਂਦਰ ਸਰਕਾਰ ਅਮਰੀਕਾ ਤੋਂ ਪੀ.ਐੱਲ.480 ਅਧੀਨ ਕਣਕ ਦੀ ਦਰਾਮਦ ਕਰ ਰਹੀ ਸੀ ਜਿਸ ਦੀ ਮੁਲਕ ਨੂੰ ਵੱਡੀ ਕੀਮਤ ਤਾਰਨੀ ਪਈ। 1970 ਤੋਂ ਖੇਤੀਬਾੜੀ ਕੀਮਤਾਂ ਕਮਿਸ਼ਨ ਦੁਆਰਾ ਸਿਫ਼ਾਰਸ਼ਾਂ ਅਤੇ ਕੇਂਦਰ ਸਰਕਾਰ ਦੁਆਰਾ ਮਿਥੀਆਂ ਗਈਆਂ ਘੱਟੋ-ਘੱਟ ਸਮਰਥਨ ਕੀਮਤਾਂ ਦੇ ਕਿਸਾਨ-ਪੱਖੀ ਨਾ ਹੋਣ ਬਾਰੇ ਵੱਖ ਵੱਖ ਕਿਸਾਨ ਜੱਥੇਬੰਦੀਆਂ ਅਤੇ ਕੁਝ ਰਾਜਸੀ ਪਾਰਟੀਆਂ ਨੇ ਕੇਂਦਰ ਸਰਕਾਰ ਦੀ ਨੁਕਤਾਚੀਨੀ ਅਤੇ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ। 23 ਫਰਵਰੀ, 1987 ਨੂੰ ਕੇਂਦਰ ਸਰਕਾਰ ਨੇ ਖੇਤੀਬਾੜੀ ਕੀਮਤਾਂ ਕਮਿਸ਼ਨ ਦਾ ਨਾਮ ਬਦਲਕੇ ਖੇਤੀਬਾੜੀ ਲਾਗਤਾਂ ਅਤੇ ਕੀਮਤਾਂ ਕਮਿਸ਼ਨ ਰੱਖਕੇ ਇਹ ਪ੍ਰਭਾਵ ਦੇਣ ਦੀ ਕੋਸ਼ਿਸ਼ ਕੀਤੀ ਜਿਵੇਂ ਇਹ ਕਮਿਸ਼ਨ ਆਪਣੀਆਂ ਸਿਫ਼ਾਰਸ਼ਾਂ ਕਰਨ ਮੌਕੇ ਖੇਤੀਬਾੜ ਲਾਗਤਾਂ ਨੂੰ ਉਨਾਂ ਦਾ ਆਧਾਰ ਬਣਾਉਂਦਾ ਹੋਵੇ, ਪਰ ਸਮੇਂ ਦੇ ਨਾਲ ਇਹ ਵੀ ਭੁਲੇਖਾਪਾਊ ਸਾਬਤ ਹੋਇਆ। 1991 ਤੋਂ ਉਦਾਰੀਕਰਨ, ਨਿੱਜੀਕਰਨ ਅਤੇ ਵਿਸ਼ਵੀਕਰਨ ਦੇ ਏਜੰਡੇ ਅਧੀਨ ਆਪਣੀਆਂ ਗਈਆਂ 'ਨਵੀਆਂ ਆਰਥਿਕ ਨੀਤੀਆਂ' ਨੇ ਖੇਤੀਬਾੜੀ ਨੂੰ ਇਕ ਘਾਟੇ ਵਾਲਾ ਧੰਦਾ ਬਣਾ ਦਿੱਤਾ ਹੈ।

ਵਰਤਮਾਨ ਸਮੇਂ ਦੌਰਾਨ ਕੇਂਦਰ ਸਰਕਾਰ ਹਾੜ੍ਹੀ ਅਤੇ ਸਾਉਣੀ ਦੀਆਂ 23 ਖੇਤੀਬਾੜੀ ਜਿਨਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਮਿਥਦੀ ਹੈ, ਪਰ ਆਮ ਤੌਰ ਉੱਤੇ ਇਨ੍ਹਾਂ ਕੀਮਤਾਂ ਉੱਪਰ ਕੇਂਦਰ ਸਰਕਾਰ ਕਣਕ ਅਤੇ ਧਾਨ ਦੀ ਖ਼ਰੀਦ ਕਰਦੀ ਹੈ ਅਤੇ ਉਹ ਵੀ ਕੁਝ ਕੁ ਖੇਤਰਾਂ ਵਿਚੋਂ। ਗੰਨੇ ਦੀ ਘੱਟੋ-ਘੱਟ ਸਮਰਥਨ ਕੀਮਤ ਉੱਪਰ ਖ਼ਰੀਦ ਹੋਣ ਦੇ ਬਾਵਜੂਦ ਉਸ ਦੇ ਭੁਗਤਾਨ ਲਈ ਕਿਸਾਨਾਂ ਨੂੰ ਵਿਰੋਧ ਪ੍ਰਦਰਸ਼ਨ ਅਤੇ ਸੰਘਰਸ਼ ਕਰਨੇ ਪੈਂਦੇ ਹਨ। ਕਪਾਹ-ਨਰਮੇ ਦੀ ਖ਼ਰੀਦ ਲਈ ਬਣਾਈ ਗਈ ਕਾਟਨ ਕਾਰਪੋਰੇਸ਼ਨ ਆਫ਼ ਇੰਡੀਆ ਦੇ ਬਾਵਜੂਦ ਅਕਸਰ ਕਿਸਾਨਾਂ ਦੀ ਵਪਾਰੀਆਂ ਦੁਆਰਾ ਲੁੱਟ ਹੁੰਦੀ ਰਹਿੰਦੀ ਹੈ ਜਿਵੇਂ ਅੱਜਕਲ ਪੰਜਾਬ ਵਿਚ ਹੋ ਰਿਹਾ ਹੈ। ਭਾਵੇਂ ਕੇਂਦਰ ਸਰਕਾਰ ਦਾ ਦਾਅਵਾ ਹੈ ਕਿ ਖੇਤੀਬਾੜੀ ਜਿਨਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਉਨ੍ਹਾਂ ਦੀਆਂ ਉਤਪਾਦਨ ਲਾਗਤਾਂ ਤੋਂ ਡੇਢੀਆਂ ਮਿਥੀਆਂ ਜਾ ਰਹੀਆਂ ਹਨ, ਪਰ ਅਸਲੀਅਤ ਵਿਚ ਮੁਲਕ ਵਿਚ ਉਤਪਾਦਨ ਲਾਗਤਾਂ ਦੀ ਗਿਣਤੀ-ਮਿਣਤੀ ਕਰਨ ਦੇ ਸੰਬੰਧ ਅਨੇਕਾਂ ਊਣਤਾਈਆਂ ਹਨ। ਖੇਤੀਬਾੜੀ ਲਾਗਤਾਂ ਦੀ ਔਸਤ ਲਈ ਜਾਂਦੀ ਹੈ, ਜੋ ਉੱਚ-ਲਾਗਤਾਂ ਵਾਲੇ ਖੇਤਰਾਂ ਨਾਲ ਬੇਇਨਸਾਫ਼ੀ ਹੈ। ਇਹ ਲਾਗਤਾਂ ਗਿਣਨ ਸਮੇਂ ਕਿਸਾਨ ਦੀ ਆਪਣੀ ਅਤੇ ਉਸ ਦੇ ਪਰਿਵਾਰਕ ਜੀਆਂ ਦੀ ਮਿਹਨਤ ਨੂੰ ਬਹੁਤ ਹੀ ਘਟਾ ਕੇ ਆਂਕਣਾ, ਖੇਤੀਬਾੜੀ ਬਿਲਡਿੰਗਾਂ ਅਤੇ ਮਸ਼ੀਨਰੀ ਦੀ ਘਸਾਈ ਨੂੰ ਘੱਟ ਆਂਕਣਾ, ਭੂਮੀ ਦੇ ਠੇਕੇ ਨੂੰ ਅੱਧ ਤੋਂ ਘੱਟ ਗਿਣਨਾ ਆਦਿ ਅਨੇਕਾਂ ਸਮੱਸਿਆਵਾਂ ਹਨ। ਖੇਤੀਬਾੜੀ ਉਤਪਾਦਨ ਵਿਚ ਵਰਤੇ ਜਾਣ ਵਾਲੇ ਪ੍ਰਮੁੱਖ ਸਾਧਨਾਂ ਦੀਆਂ ਕੀਮਤਾਂ ਨੂੰ ਬੇਲਗਾਮ ਮੰਡੀ ਦੇ ਹਵਾਲੇ ਕਰਨ ਕਾਰਨ ਉਨ੍ਹਾਂ ਦੀਆਂ ਕੀਮਤਾਂ ਵਿਚ ਲਗਾਤਾਰ ਤੇਜ਼ੀ ਨਾਲ ਵਾਧਾ ਹੋਣਾ ਵੀ ਇਕ ਅਹਿਮ ਸਮੱਸਿਆ ਹੈ।



ਮੁਲਕ ਵਿਚ ਕੀਤੇ ਗਏ ਵੱਖ ਵੱਖ ਖੋਜ ਅਧਿਐਨ ਇਹ ਤੱਥ ਸਾਹਮਣੇ ਲਿਆਏ ਹਨ ਕਿ ਜ਼ਿਆਦਾਤਰ ਕਿਸਾਨ, ਖੇਤ ਮਜ਼ਦੂਰ ਅਤੇ ਪੇਂਡੂ ਛੋਟੇ ਕਾਰੀਗਰ ਕਰਜ਼ੇ ਦੇ ਪਹਾੜ ਅਤੇ ਘੋਰ ਗ਼ਰੀਬੀ ਦਾ ਸੰਤਾਪ ਹੰਢਾਉਣ ਲਈ ਮਜ਼ਬੂਰ ਹਨ। ਲੇਖਕ ਅਤੇ ਉਸ ਦੇ ਸਹਿਯੋਗੀਆਂ ਵਲੋਂ ਇੰਡੀਅਨ ਕੌਂਸਲ ਆਫ਼ ਸੋਸ਼ਲ ਸਾਇੰਸ ਰਿਸਰਚ ਸੰਸਥਾ ਦੁਆਰਾ ਸਪਾਂਸਰ ਕੀਤੇ ਗਏ ਇਕ ਖੋਜ ਅਧਿਐਨ ਇਹ ਤੱਥ ਸਾਹਮਣੇ ਲਿਆਂਦਾ ਗਿਆ ਹੈ ਕਿ ਪੰਜਾਬ ਦੇ ਸੀਮਾਂਤ, ਛੋਟੇ, ਅਰਧ-ਦਰਮਿਆਨੇ ਅਤੇ ਦਰਮਿਆਨੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਸਿਰ ਇਤਨਾ ਕਰਜ਼ਾ ਹੈ ਕਿ ਉਨ੍ਹਾਂ ਨੇ ਕਰਜ਼ਾ ਤਾਂ ਕੀ ਮੋੜਨਾ ਹੈ, ਉਹ ਤਾਂ ਕਰਜ਼ੇ ਉਪਰਲਾ ਵਿਆਜ ਦੇਣ ਦੀ ਸਥਿਤੀ ਵਿਚ ਵੀ ਨਹੀਂ ਹਨ ਕਿਉਂਕਿ ਉਨ੍ਹਾਂ ਨੂੰ ਸਿਰਫ਼ ਦੋ ਡੰਗ ਦੀ ਰੋਟੀ ਲਈ ਚੁੱਲ੍ਹਾ ਬਲਦਾ ਰੱਖਣ ਲਈ ਵੀ ਕਰਜ਼ਾ ਲੈਣਾ ਪੈਂਦਾ ਹੈ।

ਖੇਤੀਬਾੜੀ ਨਾਲ ਸੰਬੰਧਤ ਵਰਗਾਂ ਵਿਚੋਂ ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਦੀ ਹਾਲਤ ਸਭ ਤੋਂ ਵੱਧ ਮਾੜੀ ਹੈ। ਇਨ੍ਹਾਂ ਵਰਗਾਂ ਵਿਚੋਂ ਔਰਤ ਅਤੇ ਬਾਲ ਮਜ਼ਦੂਰ ਹਰ ਤਰ੍ਹਾਂ ਦੇ ਨਪੀੜਨਾਂ ਦਾ ਸ਼ਿਕਾਰ ਹਨ। ਨਿਮਨ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਦੁਆਰਾ ਕੀਤੀਆਂ ਜਾ ਰਹੀਆਂ ਖ਼ੁਕੁਸ਼ੀਆਂ ਇਨ੍ਹਾਂ ਵਰਗਾਂ ਦੁਆਰਾਂ ਹੰਢਾਈਆਂ ਜਾ ਰਹੀਆਂ ਅਕਿਹ ਅਤੇ ਅਮੁੱਕ ਤੰਗੀਆਂ-ਤੁਰਸ਼ੀਆਂ ਅਤੇ ਤਕਲੀਫ਼ਾਂ ਦੀ ਗਵਾਹੀ ਦਿੰਦੀਆਂ ਹਨ। ਮੁਲਕ ਦੇ ਕੁਝ ਖੇਤਰਾਂ ਵਿਚ ਨਿਮਨ ਕਿਸਾਨਾਂ ਦੁਆਰਾ ਆਪਣੀਆਂ ਏ-ਗਰੇਡ ਜਿਨਸਾਂ ਮੰਡੀ ਵਿਚ ਵੇਚ ਕੇ ਉਥੋਂ ਸਭ ਤੋਂ ਹੇਠਲੇ ਗਰੇਡ ਦੀ ਜਿਨਸਾਂ ਦੀ ਆਪਣੀ ਖ਼ਪਤ ਲਈ ਖ਼ਰੀਦ ਅਤੇ ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਦੁਆਰਾ ਦਰਖ਼ਤਾਂ ਦੇ ਬੀਜ, ਪੱਤੇ ਅਦਿ ਖਾ ਕੇ ਗੁਜ਼ਾਰਾ ਕਰਨ ਸੰਬੰਧੀ ਖ਼ਬਰਾਂ ਸੰਵੇਦਨਸ਼ੀਲ ਲੋਕਾਂ ਨੂੰ ਹਿਲਾ ਕੇ ਰੱਖ ਦਿੰਦੀਆਂ ਹਨ।

ਮੁਲਕ ਦੀ ਆਜ਼ਾਦੀ ਦੇ 72 ਸਾਲਾਂ ਬਾਅਦ ਵੀ ਖੇਤੀਬਾੜੀ ਸਿੰਚਾਈ ਲਈ 45 ਫ਼ੀਸਦ ਦੇ ਕਰੀਬ ਇਲਾਕਿਆਂ ਵਿੱਚ ਯਕੀਨੀ ਸਿੰਚਾਈ ਦਾ ਪ੍ਰਬੰਧ ਕੀਤਾ ਜਾ ਸਕਿਆ ਹੈ ਅਤੇ ਬਾਕੀ ਦੇ 55 ਫ਼ੀਸਦ ਇਲਾਕੇ ਸਿੰਚਾਈ ਲਈ ਕੁਦਰਤ ਉੱਤੇ ਨਿਰਭਰ ਅਤੇ ਕੁਦਰਤ ਦੇ ਮਿਹਰਬਾਨ ਨਾ ਹੋਣ ਕਾਰਨ ਸੋਕੇ ਦੀ ਮਾਰ ਝੱਲਦੇ ਹੋਏ ਵੱਖ ਵੱਖ ਸਮੱਸਿਆਵਾਂ ਦਾ ਸਾਹਮਣਾ ਕਰਨ ਲਈ ਮਜ਼ਬੂਰ ਹਨ।

ਮੁਲਕ ਦੀਆਂ ਅਨਾਜ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਪੰਜਾਬ ਅਤੇ ਹਰਿਆਣਾ ਸੂਬਿਆਂ ਵਿਚ ਅਪਾਏ ਗਏ ਗਲਤ ਫ਼ਸਲੀ-ਚੱਕਰ, ਖ਼ਾਸ ਕਰਕੇ ਧਾਨ ਦੀ ਫ਼ਸਲ, ਕਾਰਨ ਇਨਾਂ ਸੂਬਿਆਂ ਵਿਚ ਧਰਤੀ ਹੇਠਲੇ ਪਾਣੀ ਦਾ ਪੱਧਰ ਲਗਾਤਾਰ ਤੇਜ਼ੀ ਨਾਲ ਥੱਲੇ ਨੂੰ ਜਾ ਰਿਹਾ ਹੈ ਜਿਸ ਦੀ ਏਥੋਂ ਦੇ ਰਹਿਣ ਵਾਲੇ ਲੋਕ ਵੱਡੀ ਕੀਮਤ ਦੇ ਰਹੇ ਹਨ ਅਤੇ ਆਉਣ ਵਾਲੇ ਸਮੇਂ ਦੌਰਾਨ ਕਿਹੜੀਆਂ ਸਮੱਸਿਆਵਾਂ ਹੰਢਾਉਣਗੇ ਇਸ ਬਾਰੇ ਜਾਣਨਾ ਕਾਫ਼ੀ ਔਖਾ ਹੈ।

ਖੇਤੀਬਾੜੀ ਖੇਤਰ ਵਿਚ ਅਪਣਾਏ ਗਏ ਗ਼ਲਤ ਫ਼ਸਲੀ-ਚੱਕਰ ਕਾਰਨ ਧਾਨ ਦੀ ਪਰਾਲੀ ਨੂੰ ਅੱਗ ਲਗਾਉਣ ਕਾਰਨ ਪੈਦਾ ਕੀਤੀ ਕਾਰਬਨ ਡਾਈਔਕਸਾਈਡ ਗੈਸ ਅਤੇ ਧੂੰਏ ਦੇ ਕਣ, ਧਾਨ ਦੀ ਫ਼ਸਲ ਲਈ ਛੱਪੜ-ਸਿੰਚਾਈ ਕਾਰਨ ਮੀਥੇਨ ਗੈਸ ਅਤੇ ਖੇਤੀਬਾੜੀ ਉਤਪਾਦਕਤਾ ਅਤੇ ਉਤਪਾਦਨ ਵਧਾਉਣ ਲਈ ਵਰਤੀਆਂ ਜਾ ਰਹੀਆਂ ਰਸਾਇਣਿਕ ਖਾਦਾਂ, ਕੀਟਨਾਸ਼ਕ, ਨਦੀਨਾਸ਼ਕ, ਉਲੀਨਾਸ਼ਕ ਅਤੇ ਹੋਰ ਰਸਾਇਣ ਵਾਤਾਵਰਨ ਨੂੰ ਤੇਜ਼ ਨਾਲ ਗੰਧਲਾ ਕਰ ਰਹੇ ਹਨ ਜਿਸ ਕਾਰਨ ਮੁਲਕ ਦੇ ਸਾਰੇ ਲੋਕ ਅਨੇਕਾਂ ਸਮੱਸਿਆਵਾਂ ਹੰਢਾ ਰਹੇ ਹਨ। ਗਲਤ ਫ਼ਸਲੀ-ਚੱਕਰਾਂ ਅਤੇ ਰਸਾਇਣਾਂ ਦੀ ਬੇਲੋੜੀ ਵਰਤੋਂ ਕਾਰਨ ਖੇਤੀਬਾੜੀ ਵਾਲੀ ਭੂਮੀ ਦੀ ਸਿਹਤ ਵਿਚ ਵਿਗਾੜ ਆ ਰਹੇ ਹਨ। ਮੁਲਕ ਦੇ ਕੁਝ ਭਾਗਾਂ ਵਿਚ ਇਹ ਭੂਮੀ ਜਾਂ ਤਾ ਬੰਜਰ ਹੋ ਗਈ ਜਾਂ ਬੰਜ਼ਰ ਹੋਣ ਦੇ ਕਿਨਾਰੇ ਹੈ।



ਡਾ. ਗਿਆਨ ਸਿੰਘ
ਸਾਬਕਾ ਪ੍ਰੋਫ਼ੈਸਰ, ਅਰਥ-ਵਿਗਿਆਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ
91-99156-82196

ਕਿਸੇ ਵੀ ਮੁਲਕ ਦੇ ਰਹਿਣ ਵਾਲੇ ਲੋਕਾਂ ਦਾ ਕਾਰਾਂ, ਕੋਠੀਆਂ ਅਤੇ ਹੋਰ ਦੁਨੀਆਵੀ ਵਸਤਾਂ ਤੋਂ ਬਿਨਾਂ ਜੀਉਣਾ ਤਾਂ ਸੰਭਵ ਹੈ,ਪਰ ਖੇਤੀਬਾੜੀ ਤਾਂ ਮਨੁੱਖਤਾ ਦੀ ਜੀਵਨ-ਰੇਖਾ ਹੈ। ਇਸ ਤੱਥ ਨੂੰ ਧਿਆਨ ਵਿਚ ਰੱਖਦੇ ਹੋਏ ਖੇਤੀਬਾੜੀ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ ਉੱਪਰ ਹੱਲ ਕਰਨਾ ਜ਼ਰੂਰੀ ਹੈ। ਭਾਰਤ ਦੀ 50 ਫ਼ੀਸਦ ਦੇ ਕਰੀਬ ਆਬਾਦੀ ਆਪਣੀ ਰੋਜ਼ੀ-ਰੋਟੀ ਲਈ ਖੇਤੀਬਾੜੀ ਉੱਪਰ ਨਿਰਭਰ ਹੈ। ਖੇਤੀਬਾੜੀ ਖੇਤਰ ਉੱਪਰ ਨਿਰਭਰ ਲੋਕਾਂ ਦੀ ਜ਼ਿੰਦਗੀ ਨੂੰ ਬਿਹਤਰ ਬਣਾਉਣਾ ਮੁਲਕ ਦੀ ਲੋੜ ਹੈ। ਇਨ੍ਹਾਂ ਲੋਕਾਂ ਦੀ ਜ਼ਿੰਦਗੀ ਨੂੰ ਬਿਹਤਰ ਬਣਾਉਣ ਲਈ ਖੇਤੀਬਾੜੀ ਉਤਪਾਦਾਂ ਦੀਆਂ ਘੱਟੋ-ਘੱਟ ਸਮਰਥਨ ਨੂੰ ਠੀਕ ਆਧਾਰ ਬਣਾ ਕੇ ਮਿਥਣ ਤੋਂ ਇਲਾਵਾ ਹੋਰ ਬਹੁਤ ਸਾਰੇ ਉਪਾਅ ਕਰਨ ਦੀ ਲੋੜ ਹੈ ਤਾਂ ਕਿ ਇਹ ਲੋਕ ਆਪਣੀਆਂ ਬੁਨਿਆਦੀ ਲੋੜਾਂ ਜਿਵੇਂ ਰੋਟੀ, ਕੱਪੜਾ, ਮਕਾਨ, ਸਿੱਖਿਆ, ਸਿਹਤ-ਸੰਭਾਲ, ਸਾਫ਼ ਵਾਤਾਵਰਨ, ਸਮਾਜਿਕ ਸੁਰੱਖਿਆ ਆਦਿ ਸਤਿਕਾਰਤ ਢੰਗ ਨਾਲ ਪੂਰੀਆਂ ਕਰਦੇ ਹੋਏ ਭਾਰਤੀ ਨਾਗਰਿਕ ਹੋਣ ਦਾ ਮਾਣ ਮਹਿਸੂਸ ਕਰ ਸਕਣ। ਅਜਿਹਾ ਕਰਨ ਲਈ ਅੱਤ ਦੇ ਅਮੀਰ ਲੋਕਾਂ ਉੱਪਰ ਕਰਾਂ ਨੂੰ ਵਧਾਉਣਾ ਅਤੇ ਉਗਰਾਹੁਣਾ ਅਤੇ ਉਨ੍ਹਾਂ ਤੋਂ ਪ੍ਰਾਪਤ ਆਮਦਨ ਨੂੰ ਖੇਤੀਬਾੜੀ ਉੱਪਰ ਨਿਰਭਰ ਲੋਕਾਂ ਦੀ ਬਿਹਤਰੀ ਲਈ ਖ਼ਰਚਣਾ ਬਹੁਤ ਜ਼ਰੂਰੀ ਹੈ ਤਾਂ ਕਿ ਆਉਣ ਵਾਲੇ ਸਮੇਂ ਦੌਰਾਨ ਸਾਡੇ ਮੁਲਕ ਨੂੰ ਅਨਾਜ ਮੰਗਾਉਣ ਲਈ ਬਾਹਰਲੇ ਮੁਲਕਾਂ ਉੱਪਰ ਨਿਰਭਰ ਨਾ ਹੋਣਾ ਪਵੇ। ਇਸ ਦੇ ਨਾਲ ਨਾਲ ਖੇਤੀਬਾੜੀ ਉਤਪਾਦਕ ਵਿਚ ਵਰਤੇ ਜਾਣ ਵਾਲੇ ਰਸਾਇਣਾਂ ਦੀ ਵਰਤੋਂ ਨੂੰ ਨਿਯੰਤਰਨ ਕਰਨ ਵੱਲ ਧਿਆਨ ਦੇਣਾ ਜ਼ਰੂਰੀ ਹੈ ਅਤੇ ਵੱਖ ਵੱਖ ਖੇਤਰਾਂ ਦੀਆਂ ਖੇਤੀਬਾੜੀ-ਜਲਵਾਯੂ ਹਾਲਤਾਂ ਅਨੁਸਾਰ ਫ਼ਸਲੀ-ਚੱਕਰ ਅਪਣਾਉਣ ਸਖ਼ਤ ਜ਼ਰੂਰਤ ਹੈ।

# ਰਾਮ ਮੰਦਰ ਦਾ ਨਿਰਮਾਣ ਕਾਰਜ ਅਗਲੇ ਸਾਲ ਸ਼ੁਰੂ ਹੋਣ ਦੀ ਸੰਭਾਵਨਾ

**ਅਯੁੱਧਿਆ–** ਇਥੇ ਰਾਮ ਮੰਦਰ ਦਾ ਨਿਰਮਾਣ ਕਾਰਜ ਅਗਲੇ ਵਰ੍ਹੇ ਅਪਰੈਲ ਵਿੱਚ 'ਰਾਮ ਨੌਮੀ' ਮੌਕੇ ਸ਼ੁਰੂ ਹੋਣ ਦੀ ਸੰਭਾਵਨਾ ਹੈ। ਵਿਸ਼ਵ ਹਿੰਦੂ ਪਰਿਸ਼ਦ ਦੇ ਸੀਨੀਅਰ ਆਗੂ ਨੇ ਕਿਹਾ ਕਿ ਫਰਵਰੀ ਦੇ ਅੰਤ ਤੱਕ ਟਰੱਸਟ ਬਣਾਉਣ ਲਈ ਤਿੰਨ ਮਹੀਨੇ ਦਾ ਸਮਾਂ ਦਿੱਤਾ ਗਿਆ ਹੈ, ਜਿਸ ਤੋਂ ਬਾਅਦ ਹੋਰ ਤਿਆਰੀਆਂ ਪੂਰੀਆਂ ਕੀਤੀਆਂ ਜਾਣਗੀਆਂ। ਪਰ ਇਸ ਦੀ ਤਰੀਕ ਤੈਅ ਕਰਨ ਤੋਂ ਪਹਿਲਾਂ ਉਹ ਸਰਕਾਰ ਨਾਲ ਵਿਚਾਰ ਵਟਾਂਦਰਾ ਕਰਨਗੇ। ਉਨ੍ਹਾਂ ਕਿਹਾ ਕਿ ਨਿਰਮਾਣ ਕਾਰਜ 'ਮਕਰ ਸੰਕਰਾਂਤੀ' ਮੌਕੇ ਆਰੰਭੇ ਜਾਣਗੇ, ਪਰ ਵਿਸ਼ਵ ਹਿੰਦੂ ਪਰਿਸ਼ਦ ਵੱਲੋਂ ਇਸ ਦੀ ਨੀਂਹ ਨਹੀਂ ਰੱਖੀ ਜਾਵੇਗੀ, ਕਿਉਂਕਿ ਇਸ ਦਾ ਨੀਂਹ ਪੱਥਰ 1989 ਵਿੱਚ ਰੱਖਿਆ ਜਾ ਚੁੱਕਿਆ ਹੈ। ਉਨ੍ਹਾਂ ਦੱਸਿਆ ਕਿ ਮੰਦਰ ਦੇ ਨਿਰਮਾਣ ਬਾਰੇ ਛੇਤੀ ਹੀ 'ਮਾਰਗਦਰਸ਼ਕ ਮੰਡਲ' ਨਾਲ ਮੀਟਿੰਗ ਕੀਤੀ ਜਾਵੇਗੀ। ਮੰਦਰ ਦੇ ਨਿਰਮਾਣ ਲਈ ਲਗਪਗ ਚਾਰ ਸਾਲ ਦਾ ਸਮਾਂ ਲੱਗ ਸਕਦਾ ਹੈ ਅਤੇ 2024 ਦੀਆਂ ਆਮ ਚੋਣਾਂ ਤੱਕ ਤਿਆਰ ਹੋਣ ਦੀ ਸੰਭਾਵਨਾ ਹੈ।

**ਬਾਬਾ ਨਾਨਕ ਦੇ ਅਯੁੱਧਿਆ ਦੌਰੇ ਤੋਂ ਰਾਮ ਜਨਮਭੂਮੀ ਹੋਣ ਦੇ ਪ੍ਰਮਾਣ**

ਸੁਪਰੀਮ ਕੋਰਟ ਨੇ ਅਯੁੱਧਿਆ ਕੇਸ ਦਾ ਨਿਬੇੜਾ ਕਰਦਿਆਂ ਸਿੱਖਾਂ ਦੇ ਪਹਿਲੇ ਗੁਰੂ ਗੁਰੂ ਨਾਨਕ ਦੇਵ ਜੀ ਦੇ ਅਯੁੱਧਿਆ ਜਾਣ ਦਾ ਵੀ ਹਵਾਲਾ ਦਿੱਤਾ ਹੈ ਜਿਥੇ ਉਨ੍ਹਾਂ 1510-11 ਈਸਵੀ 'ਚ ਭਗਵਾਨ ਰਾਮ ਦੀ ਜਨਮਭੂਮੀ 'ਤੇ ਚਰਨ ਪਾਏ ਸਨ। ਸੁਪਰੀਮ ਕੋਰਟ ਮੁਤਾਬਕ ਇਹ ਹਵਾਲਾ ਹਿੰਦੂਆਂ ਦੇ ਵਿਸ਼ਵਾਸ ਕਿ ਵਿਵਾਦਤ ਥਾਂ ਭਗਵਾਨ ਰਾਮ ਦੇ ਜਨਮ ਅਸਥਾਨ ਨਾਲ ਸਬੰਧਤ ਹੈ, ਦੀ ਹਮਾਇਤ ਕਰਦਾ ਹੈ। ਗੁਰੂ ਨਾਨਕ ਦੇਵ ਜੀ ਦੇ ਅਯੁੱਧਿਆ ਦੌਰੇ ਦਾ ਜ਼ਿਕਰ ਉਸ ਸਮੇਂ ਹੋ ਰਿਹਾ ਹੈ ਜਦੋਂ ਦੁਨੀਆਂ ਭਰ 'ਚ ਉਨ੍ਹਾਂ ਦਾ 550ਵਾਂ ਪ੍ਰਕਾਸ਼ ਪੁਰਬ ਮਨਾਇਆ ਜਾ ਰਿਹਾ ਹੈ।



ਸੁਪਰੀਮ ਕੋਰਟ ਨੇ ਕਿਹਾ ਕਿ ਜਨਮ ਸਾਖੀਆਂ 'ਚ ਇਸ ਗੱਲ ਦਾ ਜ਼ਿਕਰ ਹੈ ਕਿ ਗੁਰੂ ਨਾਨਕ ਦੇਵ ਜੀ ਅਯੁੱਧਿਆ ਗਏ ਸਨ ਜਿਥੇ ਉਨ੍ਹਾਂ ਭਗਵਾਨ ਰਾਮ ਦੇ ਜਨਮ ਅਸਥਾਨ ਦੇ ਦਰਸ਼ਨ ਕੀਤੇ ਸਨ। ਇਹ ਹਵਾਲੇ ਕੇਸ ਦੌਰਾਨ ਸਾਂਝੇ ਕੀਤੇ ਗਏ ਹਨ। ਚੀਫ਼ ਜਸਟਿਸ ਰੰਜਨ ਗੋਗੋਈ ਦੀ ਅਗਵਾਈ ਹੇਠਲੇ ਪੰਜ ਜੱਜਾਂ 'ਤੇ ਆਧਾਰਿਤ ਸੰਵਿਧਾਨਕ ਬੈਂਚ ਨੇ ਕਿਹਾ ਕਿ ਇਕ ਜੱਜ ਨੇ ਭਗਵਾਨ ਰਾਮ ਦੇ ਜਨਮ ਅਸਥਾਨ ਬਾਰੇ ਵੱਖਰੀ ਰਾਏ ਦਰਜ ਕਰਵਾਈ ਹੈ। ਇਸ ਜੱਜ ਦਾ ਨਾਮ ਨਹੀਂ ਦੱਸਿਆ ਗਿਆ ਹੈ ਪਰ ਉਸ ਨੇ ਕਿਹਾ ਕਿ ਰਾਮ ਜਨਮਭੂਮੀ ਦੀ ਅਸਲ ਥਾਂ ਬਾਰੇ ਕੋਈ ਪੁਖ਼ਤਾ ਸਮੱਗਰੀ ਨਹੀਂ ਹੈ ਪਰ ਗੁਰੂ ਨਾਨਕ ਦੇਵ ਜੀ ਦੇ ਅਯੁੱਧਿਆ ਜਾਣ ਤੋਂ ਸਾਬਿਤ ਹੁੰਦਾ ਹੈ ਕਿ ਸ਼ਰਧਾਲੂ 1528 ਈਸਵੀ ਤੋਂ ਪਹਿਲਾਂ ਵੀ ਉਥੇ ਭਗਵਾਨ ਰਾਮ ਦੀ ਜਨਮਭੂਮੀ ਦੇ ਦਰਸ਼ਨ ਕਰਨ ਜਾਂਦੇ ਸਨ। ਸੁਪਰੀਮ ਕੋਰਟ 'ਚ ਦੱਸਿਆ ਗਿਆ ਹੈ ਕਿ ਬਾਬਰੀ ਮਸਜਿਦ ਮੁਗਲ ਬਾਦਸ਼ਾਹ ਬਾਬਰ ਨੇ 1528 ਈਸਵੀ 'ਚ ਬਣਵਾਈ ਸੀ। ਜੱਜ ਨੇ ਕਿਹਾ ਕਿ ਭਗਵਾਨ ਰਾਮ ਦੇ ਜਨਮ ਅਸਥਾਨ ਬਾਬਤ ਵਾਲਮੀਕਿ ਰਾਮਾਇਣ ਅਤੇ ਸਕੰਦ ਪੁਰਾਣ ਸਮੇਤ ਹੋਰ ਧਾਰਮਿਕ ਗ੍ਰੰਥਾਂ ਤੋਂ ਮਿਲਦੇ ਵੇਰਵਿਆਂ ਨੂੰ ਆਧਾਰਹੀਣ ਨਹੀਂ ਮੰਨਿਆ ਜਾ ਸਕਦਾ ਹੈ। ਜ਼ਿਕਰਯੋਗ ਹੈ ਕਿ ਚਾਰ ਨੰਬਰ ਮੁਕੱਦਮੇ ਦੇ ਇਕ ਗਵਾਹ ਨੇ ਸਿੱਖ ਧਰਮ ਨਾਲ ਸਬੰਧਤ ਕਈ ਇਤਿਹਾਸਕ ਵੇਰਵਿਆਂ ਅਤੇ ਜਨਮ ਸਾਖੀਆਂ ਦਾ ਹਵਾਲਾ ਦਿੰਦਿਆਂ ਕਿਹਾ ਸੀ ਕਿ ਬਾਬਾ ਨਾਨਕ ਨੇ ਅਯੁੱਧਿਆ 'ਚ ਸ੍ਰੀ ਰਾਮ ਜਨਮਭੂਮੀ ਮੰਦਰ ਦੇ ਦਰਸ਼ਨ ਕੀਤੇ ਸਨ।

# ਗਿਆਰਾਂ ਯੂਨੀਵਰਸਿਟੀਆਂ 'ਚ ਸਥਾਪਿਤ ਹੋਵੇਗੀ ਗੁਰੂ ਨਾਨਕ ਚੇਅਰ

**ਕਪੂਰਥਲਾ–** ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪਹਿਲੇ ਪਾਤਿਸ਼ਾਹ ਦੇ ਨਾਂ 'ਤੇ 11 ਯੂਨੀਵਰਸਿਟੀਆਂ ਵਿਚ ਚੇਅਰ ਸਥਾਪਿਤ ਕਰਨ ਦਾ ਐਲਾਨ ਕੀਤਾ ਹੈ। ਇਨ੍ਹਾਂ ਵਿਚ ਇਕ 'ਵਰਸਿਟੀ ਇਰਾਨ ਦੀ ਹੈ।

ਜਦਕਿ ਸੱਤ ਪੰਜਾਬ ਦੀਆਂ ਤੇ 3 ਭਾਰਤ ਦੇ ਵੱਖ-ਵੱਖ ਰਾਜਾਂ ਦੀਆਂ ਹਨ। ਇਨ੍ਹਾਂ ਰਾਹੀਂ ਗੁਰੂ ਨਾਨਕ ਦੇਵ ਦੇ ਜੀਵਨ ਅਤੇ ਫ਼ਲਸਫ਼ੇ ਬਾਰੇ ਖੋਜ ਕੀਤੀ ਜਾਵੇਗੀ। ਪੰਜਾਬ ਤਕਨੀਕੀ ਯੂਨੀਵਰਸਿਟੀ 'ਚ ਅੱਜ ਸਮਾਗਮ ਦੌਰਾਨ ਮੁੱਖ ਮੰਤਰੀ ਨੇ ਦੇਸ਼-ਵਿਦੇਸ਼ ਦੀਆਂ 400 ਨਾਨਕ ਨਾਮਲੇਵਾ ਪੰਜਾਬੀ ਸ਼ਖ਼ਸੀਅਤਾਂ ਦਾ ਵੱਖੋ-ਵੱਖਰੇ ਖੇਤਰਾਂ ਵਿੱਚ ਯੋਗਦਾਨ ਲਈ ਸਨਮਾਨ ਵੀ ਕੀਤਾ। ਇਸ ਮੌਕੇ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬੀਆਂ ਨੂੰ ਆਪਣੀਆਂ ਜੜ੍ਹਾਂ ਨਾਲ ਜੁੜੇ ਰਹਿ ਕੇ ਦੇਸ਼ ਅਤੇ ਸੂਬੇ ਦੀ ਬਿਹਤਰੀ ਵਿੱਚ ਯੋਗਦਾਨ ਪਾਉਣ ਦੇ ਨਾਲ-ਨਾਲ ਨੌਜਵਾਨਾਂ ਨੂੰ ਅੱਗੇ ਵਧਣ ਦੇ ਮੌਕੇ ਮੁਹੱਈਆ ਕਰਵਾਉਣ 'ਚ ਯੋਗਦਾਨ ਪਾਉਣਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਅਗਲੀ ਪੀੜ੍ਹੀ ਨੂੰ ਗੁਰੂ ਨਾਨਕ ਦੇਵ ਦੀਆਂ ਸਿੱਖਿਆਵਾਂ ਅਤੇ ਬਾਣੀ ਨਾਲ ਜੋੜਨ ਦੇ ਯਤਨ ਕਰਨੇ ਚਾਹੀਦੇ ਹਨ। ਕੈਪਟਨ ਨੇ ਇਸ ਮੌਕੇ ਪਾਣੀ ਦੀ ਸਮੱਸਿਆ ਦਾ ਜ਼ਿਕਰ ਕਰਦਿਆਂ ਕਿਹਾ ਕਿ ਪੰਜਾਬ ਵਿਚ ਧਰਤੀ ਹੇਠਲੇ ਪਾਣੀ ਦਾ ਪੱਧਰ ਖ਼ਿਸਕਦਾ ਜਾ ਰਿਹਾ ਹੈ। ਇਸ ਦਾ ਹੱਲ ਲੱਭਣਾ ਸਾਡੀ ਸਾਰਿਆਂ ਦੀ ਸਾਂਝੀ ਜ਼ਿੰਮੇਵਾਰੀ ਹੈ। ਉਨ੍ਹਾਂ ਵਾਤਾਵਰਨ ਪ੍ਰਦੂਸ਼ਣ ਤੋਂ ਬਚਾਅ ਲਈ ਝੋਨੇ ਦੀ ਪਰਾਲੀ ਸਾੜਨਾ ਬੰਦ ਕਰਨ ਸਬੰਧੀ ਇਕੱਠਿਆਂ ਹੋ ਕੇ ਹੰਭਲਾ ਮਾਰਨ 'ਤੇ ਜ਼ੋਰ ਦਿੱਤਾ। ਇਸ ਮੌਕੇ ਮੁੱਖ ਮੰਤਰੀ ਵੱਲੋਂ ਦਲਬੀਰ ਸਿੰਘ ਪੰਨੂ ਦੀ ਕਿਤਾਬ 'ਦਿ ਸਿੱਖ ਹੈਰੀਟੇਜ ਬਿਓਂਡ ਬਾਰਡਰ' ਤੇ ਇਰਾਨੀ ਲੇਖਕ ਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਬਾਰੇ ਲਿਖੀ ਇਕ ਪੁਸਤਕ ਵੀ ਰਿਲੀਜ਼ ਕੀਤੀ ਗਈ। ਇਸ ਤੋਂ ਪਹਿਲਾ ਸਮਾਗਮ ਨੂੰ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਖ-ਵੱਖ ਸ਼ਖ਼ਸੀਅਤਾਂ ਦਾ ਸਨਮਾਨ ਕਰਦਿਆਂ ਮਾਣ ਮਹਿਸੂਸ ਕਰਦੀ ਹੈ।

# ਸਤਿਗੁਰੂ ਨਾਮਦੇਵ ਜੀ

## 'ਨਾਮੇ ਸੋਈ ਸੇਵਿਆ ਜਹ ਦੇਹੁਰਾ ਨਾ ਮਸੀਤਿ'।।



ਪ੍ਰੋ. ਐਚ.ਐਲ.ਕਪੂਰ

ਦੱਖਣ ਤੋਂ ਪੈਦਾ ਹੋਏ ਭਗਤੀ ਮੱਤ ਦੇ ਅਧਿਆਤਮਵਾਦ ਦਾ ਕੇਂਦਰ ਬਿੰਦੂ ਅਵਤਾਰਵਾਦ ਸੀ। ਪ੍ਰਮੁੱਖ ਮੰਨੇ ਜਾਂਦੇ ਤਿੰਨ ਦੇਵਤਿਆਂ ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਵਿਚੋਂ ਵਿਸ਼ਨੂੰ ਨੂੰ ਈਸ਼ਵਰ ਰੂਪ ਦੀ ਮਾਨਤਾ ਦਿੱਤੀ ਗਈ। ਇਹੋ ਵਿਸ਼ਵਾਸ ਵੈਸ਼ਨਵ ਭਗਤੀ ਮੱਤ ਦੇ ਅਧਿਆਤਮਵਾਦ ਦਾ ਮੂਲ ਆਧਾਰ ਬਣਿਆ। ਭਗਤੀ ਮੱਤ ਦਾ ਦੂਸਰਾ ਨਾਮ ਵੈਸ਼ਨਵ ਧਰਮ ਹੈ। ਭਗਤਾਂ ਨੂੰ ਵੈਸ਼ਨਵ ਵੀ ਕਿਹਾ ਜਾਂਦਾ ਹੈ। ਕੁਝ ਦੇਵਤਿਆਂ ਦੀ ਪੂਜਾ, ਖਾਸ ਕਰ 'ਰੁਦ੍ਰ' ਦੀ ਪੂਜਾ ਜਿਸ ਨੂੰ ਪਿੱਛੋਂ ਸ਼ਿਵ ਜੀ ਹੀ ਮੰਨਿਆ ਜਾਣ ਲੱਗਾ, ਆਰੀਆ ਦੇ ਆਉਣ ਅਤੇ ਉਸ ਦੇ ਵਧਣ ਫੁੱਲਣ ਤੋਂ ਪਹਿਲਾਂ ਹੋਣ ਦੇ ਸਬੂਤ ਵਿਦਵਾਨਾਂ ਨੇ ਲੱਭੇ ਹਨ। ਦੱਖਣੀ ਭਾਰਤ ਵਿਚ ਦੇਵਤਾਵਾਦ ਦਾ ਭਾਰੀ ਬੋਲਬਾਲਾ ਹੁਣ ਤੱਕ ਰਿਹਾ ਹੈ। ਕੁਦਰਤ ਦੀ ਬਖਸ਼ੀ ਹਰ ਦਾਤ ਕੁਝ ਵੀ ਮਹੱਤਵ ਤੇ ਵਿਲੱਖਣਤਾ ਰੱਖਦੀ ਸ਼ਕਤੀ, ਦੇਵਤਾ ਮੰਨ ਲਈ ਜਾਂਦੀ ਸੀ। ਦਰਖਤਾਂ ਨੂੰ ਬਨ ਦੇਵਤਾ, ਪਹਾੜਾਂ ਨੂੰ ਗਿਰਦੇਵਤਾ, ਇੰਦਰ ਨੂੰ ਮੀਂਹ ਪਾਉਣ ਵਾਲਾ ਦੇਵਤਾ ਮੰਨਿਆ ਜਾਂਦਾ ਸੀ। ਵਾਯੂ, ਸੂਰਜ, ਚੰਦ, ਨਦੀ, ਦਰਿਆ ਸਭ ਚੀਜ਼ਾਂ ਦੇਵਤੇ ਮੰਨ ਕੇ ਪੂਜੀਆਂ ਜਾਂਦੀਆਂ ਸਨ। ਦੱਖਣ ਦੇਸ਼, ਜਿਸ ਵਿਚ ਵਰਤਮਾਨ ਆਂਧਰਾ, ਕਰਨਾਟਕਾ, ਤਾਮਿਲ, ਕੇਰਲਾ ਅਤੇ ਕੁਝ ਇਸ ਵੇਲੇ ਦੇ ਮਹਾਂਰਾਸ਼ਟਰ ਦਾ ਭਾਗ ਆਉਂਦਾ ਹੈ, ਵੈਸ਼ਨਵ ਧਰਮ ਦੀ ਮੁਢਲੀ ਕਰਮ ਭੂਮੀ ਰਹੀ ਹੈ।

ਵੈਦਿਕ ਧਰਮ ਮਰਿਆਦਾ, ਜੀਵਾਂ ਤੋਂ ਮਨੁੱਖਾਂ ਤੱਕ ਦੀਆਂ ਕੁਰਬਾਨੀਆਂ, ਸ਼ਰੁਤੀਆਂ ਸਿਮਰਤੀ ਦੀ ਮਰਿਆਦਾ, ਬ੍ਰਾਹਮਣੀ ਧਰਮ, ਪਿੱਛੋਂ ਪ੍ਰੋਹਤਵਾਦ ਦੇ ਅਡੰਬਰ ਇਕ ਤੋਂ ਵਧੀਕ ਦਖਲ ਅੰਦਾਜ਼ ਰਹੇ। ਬਿਨਾਂ ਪ੍ਰੋਹਤ ਦੀ ਵਿਚੋਲਗੀ ਤੋਂ ਕੀਤੇ ਕਿਸੇ ਤਰ੍ਹਾਂ ਦੇ ਧਰਮ ਦਾ ਕਰਮ, ਪੁੰਨਦਾਨ ਉਚੇਚੇ ਕਰਕੇ ਪ੍ਰਵਾਨ ਹੋਣਾ ਨਹੀਂ ਮੰਨਿਆ ਜਾਂਦਾ ਸੀ। ਇਸ ਕਿਸਮ ਦੇ ਅਡੰਬਰੀ, ਕਰਮਕਾਂਡੀ, ਬ੍ਰਾਹਮਣੀ, ਸ਼ਾਸਤਰੀ, ਧਰਮਾਂ ਦੇ ਜਾਲ ਦੀਆਂ ਤੰਦਾਂ ਬੁੱਧ ਮੱਤ ਨੇ ਤੋੜੀਆਂ, ਵਿਅਕਤੀ ਦੇ ਚਿੰਤਨ ਨੂੰ ਸੁਤੰਤਰਤਾ, ਧਰਮ ਦੇ ਇਖ਼ਲਾਕੀ ਪੱਖ ਨੂੰ ਪ੍ਰਮੁੱਖਤਾ ਦਿੱਤੀ। ਬੋਧ ਮੱਤ ਦਾ ਸੁੰਨਵਾਦੀ ਚਿੰਤਨ, ਧਾਰਮਿਕ ਸਮਾਜ ਦੇ ਭਗਤੀ ਭਾਵ ਉਤੇ ਨਾਸਤਿਕਤਾ ਦੇ ਪ੍ਰਭਾਵ ਪਾਉਂਦੀ ਸੀ। ਇਸ ਦੀਆਂ ਸ਼ਾਖਾਂ, ਸਿੱਧਾਂ, ਨਾਥਾਂ, ਯੋਗੀਆਂ ਉਤੇ ਤਾਂ ਅਸਰ ਹੋਣੇ ਹੀ ਸਨ, ਉਸ ਸਮੇਂ ਦੇ ਪ੍ਰਬੁੱਧ ਵਿਦਵਾਨ ਸ਼ੰਕਰਾਚਾਰੀਆ ਜਿਹਿਆਂ ਦੇ 'ਦਰਸ਼ਨ' ਵਿਚ ਵੀ ਕਈ ਅੰਸ਼ ਰਲ਼ ਗਏ ਸੀ, ਜਿਸ ਕਾਰਨ ਸ਼ੰਕਰਾਚਾਰੀਆ ਨੂੰ ਅੰਦਰੋਂ ਬੋਧੀ ਹੋਣ ਦੀ ਤੁਹਮਤ ਝੱਲਣੀ ਪਈ ਸੀ। ਪਰ ਇਹ ਗੱਲ ਯਕੀਨਨ ਹੋ ਕੇ ਸ਼ੰਕਰਾਚਾਰੀਆ ਵਰਗੇ ਅਚਾਰੀਆ ਨੇ ਹੀ ਭਾਰਤ ਵਿਚੋਂ ਆਪਣੀ ਵਿਦਵਤਾ ਨਾਲ ਤੇ ਆਪਣੇ 'ਦਰਸ਼ਨ' ਦੁਆਰਾ ਬੁੱਧਮਤ ਤੇ ਜੈਨ ਮੱਤ ਦੀ ਭਾਜ ਲੁਆਈ। ਗਿਆਨ ਤੇ ਮੰਤਕ ਦੇ ਬਲ ਨਾਲ ਹੀ ਭਾਰਤ ਵਿਚੋਂ ਇਹਨਾਂ ਧਰਮਾਂ ਦੀਆਂ ਜੜ੍ਹਾਂ ਉਖਾੜ ਦਿੱਤੀਆਂ। ਆਪਣੇ ਮੱਤ ਅਦਵੈਤਵਾਦ ਦਾ ਪ੍ਰਭਾਵ ਹਰ ਥਾਂ ਫੈਲਾਇਆ, ਗੀਤਾ ਅਤੇ ਬ੍ਰਹਿਮਸੂਤਰ ਦੇ 'ਭਾਸ਼' ਲਿਖ ਕੇ ਵੈਦਿਕ ਧਰਮ ਨੂੰ ਨਵੀਂ ਪਰਿਭਾਸ਼ਾ ਦਿੱਤੀ। ਆਪਣੇ ਮੱਤ ਨੂੰ ਸਾਰਥਕ ਆਧਾਰ ਦਿੱਤੇ। ਪ੍ਰਾਚੀਨ ਵੈਦਿਕ ਧਰਮ ਨੂੰ ਨਵੇਂ ਅਰਥ ਦੇ ਕੇ ਮੁੜ ਸੁਰਜੀਤ ਕੀਤਾ। ਬੋਧਾਂ ਤੇ ਜੈਨੀ ਪ੍ਰਚਾਰਕਾਂ ਦੀਆਂ ਦਲੀਲਾਂ, ਤਰਕਾਂ ਦਾ ਖੰਡਨ ਕਰਕੇ ਆਪਣੇ ਵਿਚਾਰਾਂ ਨੂੰ ਠੀਕ ਦੱਸਿਆ। ਉਨ੍ਹਾਂ ਕਿਹਾ ਵੈਦ ਮੱਤ ਜਾਂ ਵੇਦਾਂਤ ਦਾ ਗਿਆਨ ਹੀ ਜੀਵ ਲਈ ਮੁਕਤੀ ਦਾਤਾ ਹੈ।

ਸ਼ੰਕਰਾਚਾਰੀਆ ਨੇ 'ਚਾਰ ਮੱਠ' ਅਦਵੈਤ ਮੱਤ ਦੇ ਵਿਚਾਰਾਂ ਦੇ ਵਿਸਥਾਰ ਲਈ ਸਥਾਪਤ ਕੀਤੇ। ਮਠਾਂ ਦੇ ਨਾਲ ਹੀ ਉਚੀ ਤੇ ਸੂਖਮ ਧਾਰਮਿਕ ਵਿੱਦਿਆ ਦੇ ਪ੍ਰਬੰਧ ਕੀਤੇ ਗਏ। 'ਸ਼੍ਰਿੰਗੇਰੀ' ਮੱਠ ਨਾਲ ਸਬੰਧਤ ਮਹਾਂ-ਵਿਦਿਆਲੇ ਵਿਚ ਰਾਮਾਨੁਜ ਨੇ ਵਿੱਦਿਆ ਪ੍ਰਾਪਤ ਕਰਨੀ ਆਰੰਭੀ। (ਰਾਮਾਨੁਜ ਦਾ ਜੀਵਨ ਕਾਲ 1019 ਈਸਵੀ, ਜਨਮ ਨਗਰ ਮਦਰਾਸ ਪਾਸ ਤੇਰੂਕੰਦਰ ਹੈ)

ਰਾਮਾਨੁਜ ਨੇ ਆਪਣੀ ਪਾਰਖੂ ਚੇਤਨਾ ਨਾਲ ਸਮਝ ਲਿਆ ਕਿ ਤੁਸੀਂ ਸ਼ੰਕਰਾਚਾਰੀਆ ਦੀ ਅਦਵੈਤਵਾਦੀ ਵਿਚਾਰਧਾਰਾ ਦਾ ਪ੍ਰਚਾਰਕ ਨਹੀਂ ਬਣਨਾ ਸਗੋਂ ਸ਼ੰਕਰਾਚਾਰੀਆ ਵੱਲੋਂ ਫੈਲਾਏ ਜਾ ਰਹੇ ਪ੍ਰਛੰਨ-ਬੋਧਮਤੀ ਨਾ-ਸਤਕਵਾਦ ਦਾ ਵਿਰੋਧ ਵੀ ਕਰਨਾ ਹੈ। ਸ਼ੰਕਰਾਚਾਰੀਆ ਜੀਵ ਦੇ ਬੰਧਨ ਦਾ ਕਾਰਨ ਅਵਿੱਦਿਆ ਨੂੰ ਮੰਨਦਾ ਸੀ। ਇਹ ਵੀ ਕਹਿੰਦਾ ਸੀ ਕਿ ਅਵਿੱਦਿਆ ਦਾ ਨਾਸ਼ ਗਿਆਨ ਕਰਦਾ ਹੈ। ਹੋਰ ਕਿਸੇ ਕਰਮ ਨਾਲ ਜੀਵ ਦੇ ਬੰਧਨ ਨਹੀਂ ਟੁੱਟਦੇ। ਰਾਮਾਨੁਜ ਸਰਗੁਣਵਾਦੀ, ਭਗਤੀ ਉਪਾਸਨਾ ਰਾਹੀਂ ਮੁਕਤੀ ਸੰਭਵ ਮੰਨਦੇ ਸਨ।

ਕੁਝ ਸਮੇਂ ਪਿੱਛੋਂ ਸਰਗੁਣਵਾਦੀ ਧਾਰਾ ਦੀਆਂ ਦੋ ਸ਼ਾਖਾਵਾਂ ਹੋ ਗਈਆਂ 'ਆਲਵਰ' ਭਗਤਾਂ ਦਾ ਇਕ ਦਲ ਵੈਸ਼ਨਵ, ਦੂਜਾ ਸ਼ੰਕਰਾਚਾਰੀਆ ਨੂੰ, ਮਹਾਨ ਸ਼ੰਕਰ (ਰੁਦ੍ਰ-ਸ਼ਿਵਜੀ) ਦਾ ਅਵਤਾਰ ਮੰਨਣ ਵਾਲਿਆਂ ਦਾ ਸ਼ੈਵਮਤ। ਇਸ ਵਿਚਾਰਧਾਰਾ ਦੇ ਵਖਰੇਵੇਂ ਕਾਰਨ ਵੈਸ਼ਨਵ ਅਤੇ ਸ਼ੈਵਮਤੀ ਭਗਤੀ ਦਲਾਂ ਵਿਚਕਾਰ ਮਾਰੂ ਝਗੜੇ ਸ਼ੁਰੂ ਹੋ ਗਏ। ਤਾਮਿਲ ਇਲਾਕਿਆਂ ਵਿਚ ਸ਼ੈਵਾਂ ਦਾ ਜ਼ੋਰ ਵੱਧ ਜਾਣ ਕਾਰਨ ਰਾਮਾਨੁਜ ਨੂੰ ਆਪਣੀ ਜਾਨ ਦਾ ਖ਼ਤਰਾ ਪੈਦਾ ਹੋ ਗਿਆ ਤੇ ਉਹ ਮਦਰਾਸ ਛੱਡ ਕੇ ਮੈਸੂਰ ਪਾਸ ਸ੍ਰੀ ਰੰਗਮਪੁਰ ਵਿਖੇ ਆਪਣਾ ਟਿਕਾਣਾ ਬਣਾ ਲਿਆ।

ਰਾਮਾਨੁਜ ਜੀ ਨੇ ਸਰਗੁਣ ਭਗਤੀ ਨੂੰ ਉਪਾਸਨਾ ਦੀ ਉੱਚ ਕੋਟੀ ਦੇ ਸ਼ਾਸਤ੍ਰੀ ਅਰਥਾਂ ਦੀ ਕਸਵੱਟੀ ਉਤੇ ਪੂਰੇ ਉਤਰਨ ਦੇ ਆਧਾਰ ਵੀ ਦਿੱਤੇ। ਨਾਲ ਹੀ ਨਾਰੀ ਤੱਤਵ ਦਾ ਸੁਮੇਲ ਵੀ ਪ੍ਰਗਟਾ ਦਿੱਤਾ। ਨਰਾਇਣ ਅਤੇ ਲੱਛਮੀ ਦੀ ਲੀਲਾ ਨੂੰ ਭਗਤੀ ਮੱਤ ਦਾ ਮੂਲ ਰੂਪ ਮੰਨਿਆ ਗਿਆ। ਚਿੰਤਨ ਪੱਖੋਂ ਮੌਲਿਕ ਰੂਪ ਇਹ ਦਿੱਤਾ- ਜੀਵ, ਬ੍ਰਹਮ ਭਗਤੀ ਦਾ ਉਹ ਸਬੰਧ ਹੈ, ਜੋ ਅੱਗ ਕੋਲੇ ਅਤੇ ਉਸ ਵਿਚੋਂ ਨਿਕਲਣ ਵਾਲੀਆਂ ਚਿਣਗਾਂ ਦਾ ਤਪਸ਼ ਦਾ ਹੁੰਦਾ ਹੈ। ਭਗਤੀ ਉਹ ਉਪਾਸਨਾ ਹੈ ਜੋ ਅੱਗ ਵਿਚ ਪੈ ਕੇ ਅੱਗ ਬਣ ਜਾਂਦੀ ਹੈ, ਭਾਵੇਂ ਉਹ ਖੁਦ ਅੱਗ ਨਹੀਂ ਹੁੰਦੀ। ਵਿਸ਼ਨੂੰ ਲਕਸ਼ਮੀ ਦੀ ਕਲਪਨਾ ਨੇ ਅੱਗੇ ਚੱਲ ਕੇ ਕ੍ਰਿਸ਼ਨ ਲੀਲਾ ਅਤੇ 'ਰਾਧਾ ਕ੍ਰਿਸ਼ਨ' ਦੀ ਭਗਤੀ ਨੂੰ ਉਭਾਰਿਆ ਅਤੇ ਉਪਾਸਨਾ ਦਾ ਜਾਪ ਮੰਤਰ 'ਰਾਧਾ ਕ੍ਰਿਸ਼ਨ' ਦਾ ਮੰਤਰ ਦਿੱਤਾ। ਰਾਧਾ ਭਗਤੀ ਨੂੰ ਪ੍ਰਚਾਰਨ ਹਿਤ ਵਧੇਰੇ ਕੰਮ ਨਿੰਬਾਰਕ ਅਚਾਰੀਆ ਦਾ ਸੀ। ਇਸ ਤਰ੍ਹਾਂ ਕ੍ਰਿਸ਼ਨ ਜੀ ਨੂੰ, ਵਿਸ਼ਣੂ ਦਾ ਇਸ ਧਰਤੀ ਉਤੇ ਪਰਉਪਕਾਰ ਕਰਨ ਲਈ, 'ਭਗਤ ਹੇਤ ਅਵਤਾਰ' ਧਾਰ ਕੇ ਆਉਣਾ ਅਤੇ ਕ੍ਰਿਸ਼ਨ ਭਗਤੀ ਨੂੰ ਪ੍ਰਾਪਤੀ ਦਾ ਸਾਧਨ ਪ੍ਰਚਾਰਿਆ ਜਾਣ ਲੱਗਾ। ਇਸ ਤਰ੍ਹਾਂ 'ਰਾਧਾ ਕ੍ਰਿਸ਼ਨ' ਭਗਤੀ ਦੀ ਇਸ ਸ਼ਾਖ ਉਤੇ ਬਿਰਹਾ ਦੇ ਭੰਵਰੇ ਮੰਡਰਾਉਂਦੇ, ਪ੍ਰੇਮ ਪ੍ਰੀਤ ਦੀਆਂ ਗੂੰਜਾਂ ਪਾਉਣ ਲੱਗੇ।



ਉਕਤ ਭਗਤੀ ਦੀ ਇਸ ਵਿਧੀ ਨਾਲ, ਕ੍ਰਿਸ਼ਨ ਜੀ ਨਾਲ ਜੋੜ ਕੇ ਅਨੇਕ ਕਿਸਮ ਦੀਆਂ ਕਲਪਿਤ ਤੇ ਦੈਵੀ ਸ਼ਕਤੀਆਂ ਜੋੜ ਲਈਆਂ ਗਈਆਂ। ਧੜਾਧੜ ਰਾਜ ਘਰਾਣਿਆਂ ਤੇ ਆਮ ਜਨਤਾ ਨੇ ਦੱਖਣ ਵਿਚ ਪੌਰਾਣਿਕ ਦੇਵਤਿਆਂ ਦੇ ਨਾਮਾਂ ਤੇ ਮੰਦਰਾਂ ਦੀ ਉਸਾਰੀ ਕਰ ਲਈ ਅਤੇ ਭਗਤੀ ਦੀਆਂ ਨੌਂ ਰੀਤਾਂ ਬਣਾਈਆਂ ਗਈਆਂ। ਸ਼੍ਰੀਮਦ ਭਗਵਤ ਨੇ ਭਗਤੀ ਦੇ ਨੌਂ ਪ੍ਰਕਾਰ ਇਹ ਦੱਸੇ ਹਨ: - ਸ਼੍ਰਵਣ ਕਰਨਾ, ਕੀਰਤਨ, ਸਿਮਰਨ, ਚਰਨ ਸੇਵਾ, ਅਰਚਾ ਬੰਦਨਾ, ਦਾਸਭਾਵ, ਸਾਖਾਭਾਵ, ਆਤਮ, ਨਿਵੇਦਨ। ਇਸ ਨਾਲ ਅੰਧ-ਵਿਸ਼ਵਾਸ ਅਤੇ ਸਰੀਰ ਨੂੰ ਕਸ਼ਟ ਦੇਣ ਵਾਲੇ ਕਰਮ ਜਾਂ ਕੁਕਰਮਾਂ ਵਾਲੀ ਕਰਮਕਾਂਡੀ ਦੀਆਂ ਭਗਤੀ ਦੀਆਂ ਅਨੇਕਾਂ ਦੁੱਖ ਭਰੀਆਂ ਰੀਤਾਂ ਚੱਲੀਆਂ ਜਿਵੇਂ:- ਸਿਰ ਪਰਨੇ ਚੱਲ ਕੇ ਦੇਵ ਪੂਜਾ ਕਰਨੀ, ਅਸ਼ਟਾਂਗ ਪ੍ਰਣਾਮ ਕਰਦੇ ਹੋਇਆਂ ਲੰਮੇ ਪੈ ਕੇ ਉੱਠਣਾ ਫਿਰ ਲੇਟ ਕੇ ਯਾਤਰਾ ਕਰਨੀ, ਜੀਭ ਕੱਟ ਕੇ ਦੇਵਤੇ ਨੂੰ ਚੜ੍ਹਾਉਣੀ, ਬੁੱਲ੍ਹ ਸੀਓਂ ਲੈਣੇ, ਇਕ ਤੋਂ ਵੱਧ ਦੂਜੇ ਸਰੀਰਕ ਕਸ਼ਟਾਂ ਨੂੰ ਭਗਤੀ ਮੰਨਿਆ ਜਾਣ ਲੱਗਾ। ਮੂਰਤੀਆਂ ਦੀ ਸਥਾਪਨਾ ਨੇ ਸਾਰੇ ਹੱਦ-ਬੰਨ੍ਹੇ ਪਾਰ ਕਰ ਦਿੱਤੇ। ਇੱਥੇ ਇਤਿਹਾਸਕਾਰ 'ਸੇਰਿੰਗ' ਲਿਖਦਾ ਹੈ- "ਭਾਰਤ ਦੇ ਲੋਕਾਂ ਨਾਲੋਂ ਮੂਰਤੀਆਂ ਵਧੇਰੇ ਹਨ।" ਸੱਤਵੀਂ-ਅੱਠਵੀਂ ਸਦੀ ਵਿਚ ਮੂਰਤੀ ਪੂਜਾ ਸਿਖਰਾਂ ਤੇ ਪੁੱਜ ਗਈ। ਜਿਸ ਵੀ ਭਗਤ ਵਿਚ ਜਿਹੋ-ਜਿਹੀ ਭਾਵਨਾ ਉਤਪੰਨ ਹੋਈ, ਉਸੇ ਤਰ੍ਹਾਂ ਦੀ ਉਸ ਨੇ ਮੂਰਤੀ ਖੜ੍ਹੀ ਕਰ ਲਈ।

ਬ੍ਰਾਹਮਣਾਂ ਦਾ ਆਪਣੀਆਂ ਗਰਜ਼ਾਂ ਪੂਰੀਆਂ ਕਰਨ ਲਈ ਇਸ ਕਿਸਮ ਦੀ ਦੇਵ ਭਗਤੀ ਨੂੰ ਉਤਸ਼ਾਹ ਦਿੰਦੇ ਰਹਿਣਾ ਕੁਦਰਤੀ ਸੀ। ਜਨ ਸਧਾਰਨ ਤੋਂ ਲੈ ਕੇ ਵਿਸ਼ੇਸ਼ ਜਾਤੀਆਂ ਦੀ ਪੂਜਾ-ਅਰਚਨਾ, ਪ੍ਰੋਹਿਤ ਅਚਾਰੀਆ ਵਿਧੀ ਅਨੁਸਾਰ , ਜੋ ਬ੍ਰਾਹਮਣ ਕਿਰਿਆ ਕਰਾਉਂਦੇ ਸਨ ਉਹੋ ਸਫਲ ਕਰਮ ਮੰਨੇ ਜਾਂਦੇ ਸਨ। ਬ੍ਰਾਹਮਣਾਂ ਦੇ ਝੁੰਡ ਮੰਦਰਾਂ ਦੇ ਆਸ ਪਾਸ ਮੰਡਰਾਉਂਦੇ ਰਹਿੰਦੇ ਸਨ। ਛੂਤ-ਛਾਤ ਦੇ ਭੂਤ ਤੋਂ ਕੁਲੀਨ ਲੋਕ ਡਰਦੇ ਸਨ। ਅਛੂਤਾਂ ਨੂੰ ਮਾਰਗਾਂ ਉਤੇ ਤੁਰਨ ਸਮੇਂ, ਪੈਰਾਂ ਦੇ ਚਿੰਨ੍ਹ ਮਿਟਾਉਣ ਲਈ ਆਪਣੇ ਪਿੱਛੇ ਛਾਪੇ ਬੰਨ੍ਹ ਕੇ ਚੱਲਣਾ ਪੈਂਦਾ ਸੀ, ਤਾਂ ਕਿ ਭ੍ਰਿਸ਼ਟ ਲੋਕਾਂ ਦੀ ਪੈੜ ਦੀ ਮਿੱਟੀ ਕੁਲੀਨ ਲੋਕਾਂ ਨੂੰ ਭਿੱਟ ਨਾ ਚਾੜ੍ਹ ਦੇਵੇ। ਪਰ ਰਾਮਾਨੁਜ ਜੀ ਨੇ ਇਸ ਪੱਖੋਂ ਉਦਾਰਤਾ ਦਿਖਾਈ ਤੇ ਐਲਾਨ ਕੀਤਾ ਕਿ ਸਭ ਜਨ ਸਧਾਰਨ ਲਈ ਭਗਤੀ ਦੇ ਦੁਆਰ ਖੁੱਲ੍ਹੇ ਹਨ। ਪ੍ਰੰਤੂ ਬ੍ਰਾਹਮਣ ਪ੍ਰਭਾਵੀ ਸਮਾਜ ਵਿਚ, ਇਸ ਭਗਤੀ ਦੀ ਖੁੱਲ੍ਹ ਦੀ, ਰੱਜ ਕੇ ਵਿਰੋਧਤਾ ਹੋਈ।

ਭਗਤੀ ਮੱਤ ਦੇ ਇਸ ਸੰਖੇਪ ਜਿਹੇ ਪਿਛੋਕੜ ਤੋਂ ਜਾਣੂ ਹੋਣਾ ਇਸ ਲਈ ਜ਼ਰੂਰੀ ਸੀ, ਕਿਉਂਕਿ 'ਗੁਰੂ ਗ੍ਰੰਥ ਸਾਹਿਬ' ਵਿਚ ਜਿਹਨਾਂ ਭਗਤਾਂ ਦੀ ਬਾਣੀ ਦਰਜ ਹੈ, ਜਿਸ ਆਚਾਰੀਆ ਦੇ ਪਹਿਲਾਂ ਪ੍ਰਮੁੱਖ ਚੇਲੇ ਸਨ, ਉਹਨਾਂ ਦਾ ਪਿੱਛਾ ਰਾਮਾਨੰਦ ਤੋਂ ਰਾਮਾਨੁਜ ਨਾਲ ਜੁੜਦਾ ਹੈ।

ਸਵਾਮੀ ਰਾਮਾਨੰਦ ਦੇ ਅਚਾਰੀਆ ਰਾਮਾਨੁਜ ਪੱਧਤੀ ਦੇ ਚੌਧਵੇਂ ਅਚਾਰੀਆ ਸਨ। ਇਹਨਾਂ ਭਗਤਾਂ ਦੇ ਸਮਕਾਲੀ ਨਾਮਦੇਵ ਜੀ ਤੇ ਤ੍ਰਿਲੋਚਨ ਜੀ ਵੀ ਸਨ। ਇਹਨਾਂ ਮਹਾਨ ਭਗਤਾਂ ਦੀ ਬਾਣੀ ਵੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਬੇਸ਼ੱਕ ਨਾਮਦੇਵ ਜੀ ਤੇ ਤ੍ਰਿਚੋਲਨ ਜੀ, ਮਹਾਂਰਾਸ਼ਟਰੀ (ਦੱਖਣੀ) ਵੱਖਰੀ ਪੱਧਤੀ ਦੀ ਸ਼ਾਖ ਦੇ ਫੁੱਲ ਸਨ, ਪ੍ਰੰਤੂ ਉਹਨਾਂ ਦਾ ਰਾਮਾਨੰਦ ਜੀ ਨਾਲ ਮੇਲ ਹੋਣ ਦੇ ਵੀ ਪ੍ਰਮਾਣ ਮਿਲਦੇ ਹਨ। ਇਸ ਤੋਂ ਉੱਤਰੀ ਭਾਰਤ ਤੇ ਦੱਖਣ ਦੇ ਭਗਤਾਂ ਦੇ ਸਮਕਾਲੀ ਹੋਣ ਦੀ ਭੂਮਿਕਾ ਵੀ ਸਾਹਮਣੇ ਆਉਂਦੀ ਹੈ। ਭਗਤ ਰਾਮਾਨੰਦ ਜੀ, ਰਾਮ ਭਗਤੀ ਸ਼ਾਖਾ ਨੂੰ ਬੜੇ ਜ਼ੋਰ ਨਾਲ ਪ੍ਰਚੱਲਿਤ ਕਰਨ ਵਾਲੇ ਮੁਢਲੇ ਆਚਾਰੀਆ ਮੰਨੇ ਜਾਂਦੇ ਹਨ। ਰਾਮਾਨੰਦ ਜੀ ਨੇ ਆਪਣੀ ਪੁਰਾਣੀ ਸੰਪਰਦਾਇ- ਰਾਮਾਨੁਜੀ ਕ੍ਰਿਸ਼ਨ ਭਗਤੀ ਤੋਂ ਵੱਖਰੀ ਰਾਮ ਭਗਤ ਸ਼ਾਖਾ ਖੜ੍ਹੀ ਕੀਤੀ ਅਤੇ ਜਾਤ-ਪਾਤ ਦਾ ਬੰਧਨ ਤੋੜ ਕੇ ਭਗਤੀ ਲਈ ਕਥਿਤ ਸ਼ੂਦਰਾਂ ਤੇ ਅਛੂਤਾਂ ਨੂੰ ਸ਼ਾਮਲ ਕਰਕੇ, ਉਦਾਰਵਾਦੀ ਹੋਣ ਦਾ ਕਰਮ ਕੀਤਾ। ਇਸ ਤਰ੍ਹਾਂ ਕ੍ਰਿਸ਼ਨ ਭਗਤੀ ਤੋਂ ਜੋ ਭਗਤੀ ਮੱਤ ਦੀ ਪਹਿਲੀ ਪ੍ਰਚਲ ਪ੍ਰਣਾਲੀ ਸੀ ਦੀ ਲੀਹ ਤੋੜਨ ਵਾਲੇ ਹੋਣ ਕਾਰਨ, ਰਾਮਾਨੰਦ ਜੀ ਆਪਣਾ ਵਿਸ਼ੇਸ਼ ਸਥਾਨ ਰੱਖਦੇ ਹਨ। ਇਸ ਤਰ੍ਹਾਂ ਰਾਮਾਨੰਦ ਜੀ ਉਤਰੀ ਭਾਰਤ ਵਿਚ ਭਗਤ ਮੰਡਲੀ ਦੀ ਪ੍ਰਥਮ ਸ਼ਖਸੀਅਤ ਸਨ। ਪਹਿਲਾ ਇਹ ਸਰਗੁਣਵਾਦੀ ਸਨ ਤੇ ਬਾਅਦ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਮੇਲ ਹੋਣ ਉਪਰੰਤ ਪ੍ਰਭਾਵਿਤ ਹੋ ਕੇ ਨਿਰਗੁਣਵਾਦੀ ਬਣ ਗਏ। ਜੋ ਅੰਤ ਵਿਚ ਇਹ ਗੁਰਮਤਿ ਦੇ ਧਾਰਨੀ ਬਣ ਕੇ ਪ੍ਰਵਾਨ ਚੜ੍ਹੇ। ਇਨ੍ਹਾਂ ਸਭ ਭਗਤਾਂ ਦੀ ਬਾਣੀ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਦਰਜ ਹੈ।

ਇਤਿਹਾਸਕਾਰਾਂ ਅਨੁਸਾਰ ਪਹਿਲੀ ਵਾਰ ਨਾਮਦੇਵ ਜੀ ਦਾ ਗੁਰੂ ਨਾਨਕ ਦੇਵ ਜੀ ਨਾਲ ਮੇਲ ਦੱਖਣ ਦੇ ਕੁਮਾਰ ਤੀਰਥ ਉਤੇ ਹੋਇਆ। ਦੂਜੀ ਵਾਰ ਜਨਮਸਾਖੀ ਮਿਹਰਬਾਨ ਜੀ ਵਾਲੀ ਅਨੁਸਾਰ ਅਯੁੱਧਿਆ ਵਿਚ ਮੇਲ ਹੋਇਆ। ਅਯੁੱਧਿਆ ਵਿਚ ਗੁਰੂ ਨਾਨਕ ਦੇਵ ਜੀ ਨਾਲ ਮਿਲਾਪ ਕਰਨ ਲਈ ਸ੍ਰੀ ਸੈਣ ਜੀ ਗੁਰੂ ਨਾਨਕ ਦੇਵ ਜੀ ਤੋਂ ਮਿਲਾਪ ਕਰਨ ਦੀ ਆਗਿਆ ਲੈਣ ਲਈ ਸਾਰੀ ਭਗਤ ਮੰਡਲੀ ਵੱਲੋਂ ਗਏ। ਇਸ ਵਿਚ ਸ੍ਰੀ ਨਾਮਦੇਵ ਜੀ ਵੀ ਸ਼ਾਮਲ ਸਨ। ਇਹਨਾਂ ਮਿਲਣੀਆਂ ਵਿਚ ਸਭ ਭਗਤ ਗੁਰੂਆਂ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸ਼ਖਸੀਅਤ ਤੇ ਨਿਰਗੁਣ ਵਿਚਾਰਧਾਰਾ ਦਾ ਪ੍ਰਭਾਵ ਪਿਆ। ਖੂਬ ਵਿਚਾਰ ਵਟਾਂਦਰਾ ਹੋਇਆ। ਇਸ ਸਚਿਆਈ ਦਾ ਵਰਣਨ ਖੁਦ ਨਾਮਦੇਵ ਜੀ ਦੀ ਬਾਣੀ ਦੀ ਇਸ ਸੱਤਰ ਤੋਂ ਮਿਲਦਾ ਹੈ- "ਗਿਆਨ ਅੰਜਨੁ ਸੋ ਕਉ ਗੁਰਿ ਦੀਨਾ।"

'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਨਾਮਦੇਵ ਜੀ ਦੀ ਬਾਣੀ 'ਚ ਰਾਗਾਂ ਵਿਚ ਆਉਂਦੀ ਹੈ। ਰਾਗਾਂ ਦੇ ਨਾਂ ਇਸ ਪ੍ਰਕਾਰ ਹਨ:- 1. ਗੌਂਡ, 2. ਮਾਲੀ ਗਉੜਾ, 3. ਮਾਰੂ, 4. ਭੈਰਉ, 5. ਬਸੰਤ, 6. ਸਾਰੰਗ, 7. ਮਲਾਰ, 8. ਕਾਨੜਾ, 9. ਪ੍ਰਭਾਤੀ, 10. ਗਾਉੜੀ, 11 ਆਸਾ, 12. ਗੁਜਰੀ, 13. ਸੋਰਠ, 14. ਧਨਾਸਰੀ, 15. ਟੋਡੀ, 16. ਤਿਲੰਗ, 17. ਬਿਲਾਵਲ, 18. ਰਾਮਕਲੀ। ਕੁੱਲ ਪਦੇ 61 ਹਨ। ਤਿੰਨ ਸ਼ਲੋਕ ਕਬੀਰ ਜੀ ਦੇ ਸ਼ਲੋਕਾਂ ਵਿਚ ਲਿਖੇ ਹੋਏ ਹਨ।

ਨਾਮਦੇਵ ਜੀ ਦੀ ਸਰਲ ਜਿਹੀ ਹਿੰਦੀ ਵਿਚ ਮਿਲਦੀ ਹੋਰ ਬਾਹਰਲੀ ਬਾਣੀ ਸ਼ਾਮਲ ਕਰਕੇ ਕੁੱਲ ਪਦੇ 234 ਕਹੇ ਜਾਂਦੇ ਹਨ। ਹਿੰਦੀ ਅਤੇ ਮਰਾਠੀ ਵਿਦਵਾਨ ਨਾਮਦੇਵ ਜੀ ਦੀ ਇਸ ਰਚਨਾ ਨੂੰ 'ਹਿੰਦੀ ਪਦਾਵਲੀ' ਦਾ ਨਾਮ ਦਿੰਦੇ ਹਨ। ਮਰਾਠੀ ਵਿਚ ਨਾਮਦੇਵ ਜੀ ਦੇ ਨਾਮ ਹੇਠ 'ਅਭੰਗਾਂ' (ਗੀਤਾ) ਦੀ ਗਿਣਤੀ 25 ਹਜ਼ਾਰ ਤੱਕ ਚਲਦੀ ਹੈ। ਮਰਾਠੀ ਦੇ ਕਵੀ, ਸੰਤ ਭਗਤ, ਰਚਨਾਕਾਰ ਘੱਟੋ ਘੱਟ ਛੇ ਨਾਮਦੇਵ ਪ੍ਰਸਿੱਧ ਹਨ। ਕਿਉਂਕਿ 'ਅਭੰਗ' ਸਾਰਿਆਂ ਦੇ ਇਕੱਠੇ ਕੀਤੇ ਹੋਏ ਹਨ। ਇਸ ਗੱਲ ਦਾ ਪਤਾ ਲਾਉਣਾ ਕਿਸ ਸੰਤ ਭਗਤ ਜਾਂ ਰਚਨਾਕਾਰ ਦੇ ਕਿੰਨੇ 'ਅਭੰਗ' ਹਨ ਇਕ ਲੰਮੀ ਪੜਤਾਲ ਦਾ ਵਿਸ਼ਾ ਹੈ। ਇਸ ਗੱਲ ਦਾ ਨਿਰਣਾ ਅਜੇ ਤੱਕ ਨਹੀਂ ਹੋ ਸਕਿਆ ਤੇ ਨਿਰਣੇ ਕਰਨਾ ਵੀ ਅਸੰਭਵ ਜਾਪਦਾ ਹੈ। ਮਹਾਂਰਾਸ਼ਟਰ ਸਰਕਾਰ ਨੇ ਇਕ ਵੱਡ-ਆਕਾਰੀ ਗ੍ਰੰਥ 'ਨਾਮਦੇਵ ਗਾਥਾ' ਜਿਸ ਦੇ 1150 ਸਫ਼ੇ ਹਨ, ਛਾਪਿਆ ਹੈ। ਜਿਸ ਵਿਚ ਇੱਧਰੋਂ ਉਧਰੋਂ ਜੋ ਵੀ ਨਾਮਦੇਵ ਦੇ ਨਾਮ ਨਾਲ ਰਚਨਾ ਮਿਲਦੀ ਸੀ, ਸਭ ਕੁਝ ਇਕੱਠਾ ਕਰਕੇ ਛਾਪ ਦਿੱਤਾ ਹੈ। ਹਿੰਦੀ ਪਦੇ, ਜਿਹਨਾਂ ਵਿਚ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਾਲੇ ਪਦੇ ਵੀ ਸ਼ਾਮਲ ਹਨ।

'ਪ੍ਰਾਚੀਨ ਮਰਾਠੀ ਸੰਤ ਕਵੀ' ਅਨੁਸਾਰ ਨਾਮਦੇਵ ਜੀ ਛੇ ਹੋਏ ਹਨ। ਜਿਹਨਾਂ ਦੇ 'ਅਭੰਗ' ਮਰਾਠੀ ਵਿਚ ਗਾਏ ਜਾਂਦੇ ਹਨ। 'ਹਿੰਦੀ ਨਿਰਗੁਣ ਕਾਵਯ, ਕਾ ਪ੍ਰਾਰੰਭ ਔਰ ਨਾਮਦੇਵ ਜੀ ਕੀ ਹਿੰਦੀ ਕਵਿਤਾ।' ਡਾ. ਸੰ. ਕੇ. ਅਡੇਕਰ ਦਾ ਪੀ. ਐਚ. ਡੀ. ਦਾ ਖੋਜ ਨਿਬੰਧ ਹੈ, ਇਸ ਪੂਰੇ ਨਿਬੰਧ ਵਿਚ ਛੇ ਨਾਮਦੇਵ ਹੋਣ ਦੀ ਪੁਸ਼ਟੀ ਵੇਰਵੇ ਦੇ ਕੇ ਇਸ ਤਰ੍ਹਾਂ ਕੀਤੀ ਗਈ ਹੈ-

ਪਹਿਲੇ ਨਾਮਦੇਵ ਨੂੰ ਗਿਆਨੇਸ਼ਵਰ ਦਾ ਸਮਕਾਲੀ ਦੱਸਿਆ ਹੈ। ਵੇਹ ਕੁਛ ਅਭੰਗੋਂ ਮੇਂ ਆਪਨੇ ਨਾਮ ਕਾ ਉਲੇਖ ਕੇਵਲ 'ਨਾਮਾ' ਸ਼ਬਦ ਸੇ ਕਰਤੇ ਹੈ। ਕੁਝ ਅਭੰਗੋਂ ਮੇਂ ਅਪਨੇ ਨਾਮ ਕਾ ਉਲੇਖ "ਵਿਸਹਾਰ ਨਾਮਾ' ਸ਼ਬਦ ਸੇ ਕਰਤੇ ਹੈ ਤਥਾ ਵਿਸ਼ਣੂਦਾਸ ਨਾਮਾ ਆਦਿ ਮੁਦ੍ਰਾਯੋ ਦੁਆਰਾ ਅਪਨਾ ਪ੍ਰੀਚਯ ਦੇਤੇ ਹੈਂ।"

ਦੂਜੇ ਵਿਸ਼ਣੂਦਾਸ ਨਾਮ, 'ਨਾਮਦੇਵ ਕੇ ਮਰਾਠੀ ਅਭੰਗ ਤਥਾ ਹਿੰਦੀ ਪਦੋਂ ਮੇਂ ਵਿਸ਼ਣੂ ਦਾਸ ਨਾਮਾ ਕਾ ਨਾਮ ਬਾਰ-ਬਾਰ ਆਇਆ ਹੈ। ਉਨ ਕਾ ਕਾਲ 1580-1633 ਕੇ ਮਧਯ ਹੈ ਦੋਨੋਂ ਮੇਂ ਢਾਈ ਸੌ ਵਰਸ਼ ਕਾ ਅੰਤਰ ਹੈ।'

ਤੀਜਾ ਨਾਮ ਪਾਠਕ: ਸੰਤ ਇਕਾਨਾਥ ਕ੍ਰਿਤ ਮਾਲਾ ਵਿਚ ਇਸ ਨਾਮੇ ਦਾ ਉਲੇਖ ਆਉਂਦਾ ਹੈ।

ਚੌਥਾ ਨਾਮਦੇਵ ਸਿੰਪੀ- 'ਮਹਾਨ ਭਾਵੀ ਪੰਥੀ ਏਕ ਅਨਯ ਵਿਅਕਤੀ ਨਾਮਦੇਵ ਭੀ ਪ੍ਰਸਿੱਧ ਹੈ ਜਿਸ ਦਾ ਉਲੇਖ ਮਹਾਨ ਭਾਵ ਪੰਥੀ ਗਿਆਨੇਸ਼ਵਰ ਕਾਲ ਕਾ ਮਾਨਤੇ ਹੈਂ, ਅਪਨੇ ਆਪ ਕੋ ਵਿਸਨੂੰਦਾਸ ਨਾਮਾ ਜੀ ਲਿਖਤੇ ਹੈਂ।

(ਗਿਆਨਦੇਵ ਅਤੇ ਗਿਆਨੇਸ਼ਵਰ ਨੂੰ ਇਕ ਮੰਨਣ ਵਾਲਿਆਂ ਦਾ ਹੀ ਇਹ ਮਤ ਹੋ ਸਕਦਾ ਹੈ। ਅਸਲ ਵਿਚ ਇਹੋ ਹੀ ਉਹ ਨਾਮਦੇਵ ਹਨ ਜਿਹਨਾਂ ਨੂੰ ਪਛਾਨਣਾ ਹੈ।)

ਪੰਜਵਾਂ ਨਾਮਦੇਵ ਮਹਾਨ ਭਾਵ ਪੰਥੀ ਏਕ ਔਰ ਨਾਮਦੇਵ ਭੀ ਪ੍ਰਸਿੱਧ ਹੈ, ਜਿਸ ਕਾ ਉਲੇਖ ਮਹਾਨ ਭਾਵ ਪੰਥ ਕੇ ਪ੍ਰਸਿੱਧ ਗ੍ਰੰਥ 'ਬਿਠੁਲ ਬੀਰੁ ਕਥਨ' ਨਾਮ ਪ੍ਰਕਰਣ ਮੇਂ ਆਤਾ ਹੈ। ਯਹ ਕੋਲੀ (ਮਛੂਆ ਜਾਤੀ ਕਾ ਥਾ)

ਛੇਵਾਂ ਬਲਕ੍ਰੀੜਾ ਕਰਤਾ ਨਾਮਦੇਵ, ਇਸ ਕੇ ਬਾਲ ਲੀਲਾ ਕੇ ਅਭੰਗ ਬਹੁਤ ਹੀ ਮਧੁਰ ਹੈ ਕਿੰਤੂ ਇਨ ਅਭੰਗੋਂ ਕੀ ਭਾਸ਼ਾ ਪ੍ਰਾਚੀਨ ਪ੍ਰਤੀਤ ਹੋਤੀ ਹੈ। ਉਸ ਨੇ ਆਪਨੇ ਏਕ ਅਭੰਗ ਮੇਂ ਵਿਸੋਵਾ ਖੇਤਰ ਕਾ ਉਲੇਖ ਕੀਆ ਹੈ।

ਅਸੀਂ ਇਨ੍ਹਾਂ ਛੇ ਨਾਮਦੇਵਾਂ ਵਿਚੋਂ ਉਸ ਨਾਮਦੇਵ ਦੀ ਪਛਾਣ ਕਰਨੀ ਹੈ, ਜਿਸ ਨਾਮਦੇਵ ਦੀ ਬਾਣੀ 'ਗੁਰੂ ਗ੍ਰੰਥ ਸਾਹਿਬ' ਵਿਚ ਦਰਜ ਹੈ, ਉਹ ਨਾਮਦੇਵ ਜੀ ਕਿਹੜੇ ਹਨ? 'ਸਕਲ ਸੰਤ ਗਾਥਾ' ਗ੍ਰੰਥ ਵਿਚ ਨਾਮਦੇਵ ਛਾਪ ਹੇਠਾਂ ਪੰਝੀ ਹਜ਼ਾਰ ਅਭੰਗ ਦੱਸੇ ਹੋਏ ਹਨ। ਇਨ੍ਹਾਂ ਵਿਚ ਪੰਜ ਸੌ, ਵੱਧ ਤੋਂ ਵੱਧ ਛੇ ਸੌ ਅਭੰਗ ਹੀ ਉਸ ਅਸਲ ਨਾਮਦੇਵ ਦੇ ਮੰਨੇ ਜਾਂਦੇ ਹਨ, ਜੋ ਸਿੰਪੀ (ਛੀਂਬਾ) ਸੀ। ਜਿਸ ਨਾਲ ਕਈ ਚਮਤਕਾਰ ਜੁੜੇ ਹੋਏ ਹਨ। ਕਈ ਨਾਮਦੇਵ ਹੋਣ ਕਾਰਨ ਇਕ ਦੂਜੇ ਨਾਲ ਪ੍ਰਸੰਗ ਅਤੇ ਰਚਨਾ ਮੇਲਣ ਦੀ ਖਿੱਚੋਤਾਣ ਖੋ-ਜਕਾਰਾਂ ਵਿਚ ਚਲਦੀ ਆ ਰਹੀ ਹੈ। ਅਲੱਗ ਅਲੱਗ ਖੋਜਕਾਰਾਂ ਤੇ ਵਿਦਵਾਨਾਂ ਦੀ ਅਲੱਗ ਅਲੱਗ ਰਾਏ ਹੈ ਕਿ 'ਗੁਰੂ ਗ੍ਰੰਥ ਸਾਹਿਬ' ਵਿਚ ਜੋ ਬਾਣੀ ਨਾਮਦੇਵ ਜੀ ਦੀ ਆਈ ਹੈ, ਉਹ ਉਕਤ ਦੱਸੇ ਗਏ ਚੌਥੇ ਸਥਾਨ ਤੇ ਆਏ ਨਾਮਦੇਵ ਸਿੰਪੀ ਜੀ ਦੀ ਹੈ, ਜੋ ਗਿਆਨਦੇਵ ਵੈਸ਼ਣਵ ਦੇ ਸਮਕਾਲੀ ਸਨ। ਇਸ ਗੱਲ ਨੂੰ ਮਹਾਨ ਵਿਦਵਾਨ ਸ੍ਰੀ ਭਾਰਦਵਾਜ ਨੇ ਆਪਣੀ ਪੁਸਤਕ 'ਗਿਆਨੇਸ਼ਵਰ ਵ ਗਿਆਨ ਦੇਵ' ਵਿਚ ਉਦਾਹਰਣਾਂ ਸਹਿਤ ਪ੍ਰਮਾਣ ਦੇ ਕੇ ਦੱਸਿਆ ਹੈ। ਉਹਨਾਂ ਦੇ ਕਥਨ ਯਥਾਰਥ ਦੇ ਕਾਫੀ ਨੇੜੇ ਮੰਨੇ ਜਾਂਦੇ ਹਨ।

ਨਾਮ ਛੀਂਬਾ ਕਬੀਰੁ ਜੋਲਾਹਾ ਪੂਰੇ ਗੁਰ ਤੇ ਰਾਤ ਪਾਈ।।
ਬ੍ਰਹਮ ਕੇ ਬੇਤੇ ਸਬਦੁ ਪਛਾਣਹਿ ਹਉਮੈ ਜਾਤਿ ਗਵਾਈ।।
ਸੁਰਿ ਨਰ ਤਿਨ ਕੀ ਬਾਣੀ ਅਵਹਿ ਕੋਇ ਨ ਮੇਟੇ ਭਾਈ।।

'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਭਗਤਾਂ ਦਾ ਸਭ ਤੋਂ ਪਹਿਲਾ ਉਕਤ ਵਰਣਨ ਮਹਲਾ ਤੀਜਾ ਗੁਰੂ ਅਮਰਦਾਸ ਜੀ ਦੀ ਬਾਣੀ ਸਿਰੀ ਰਾਗ, ਵਿਚ ਆਇਆ ਹੈ। ਗੁਰੂ ਨਾਨਕ ਦੇਵ ਜੀ ਤੇ ਗੁਰੂ ਅੰਗਦ ਦੇਵ ਜੀ ਨੇ ਆਪਣੀ ਬਾਣੀ ਵਿਚ ਕਿਸੇ ਭਗਤ ਦਾ ਜਾਂ ਉਨ੍ਹਾਂ ਦੀ ਬਾਣੀ ਦਾ ਕੋਈ ਜ਼ਿਕਰ ਨਹੀਂ ਕੀਤਾ।

ਇਸ ਤੋਂ ਪਤਾ ਚਲਦਾ ਹੈ ਕਿ ਗੁਰੂ ਅਮਰਦਾਸ ਜੀ ਦੇ ਸਮੇਂ ਤੋਂ ਭਗਤਾਂ ਦੀ ਬਾਣੀ, ਗੁਰਬਾਣੀ ਦੀਆਂ ਪੋਥੀਆਂ ਵਿਚ ਲਿਖੇ ਜਾਣ ਦਾ ਕਰਮ ਚੱਲਿਆ। ਆਦਿ ਬੀੜ ਦੀ ਰਚਨਾ ਵੇਲੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਿੱਖਾਂ ਦੀ ਭਗਤ ਮਾਲਾ ਤੇ ਹੋਰ ਪ੍ਰਾਚੀਨ ਗ੍ਰੰਥਾਂ ਮੁਤਾਬਕ ਸ਼ਬਦ ਤੇ ਬਾਣੀਆਂ ਇਕੱ-ਠੀਆਂ ਕਰਨ ਲਈ ਦੂਰ-ਦੂਰ ਤੱਕ ਹੁਕਮ ਭੇਜੇ, ਭਾਈ ਪੈੜਾ ਕੋਹਲੀ ਜਿਹੇ ਸਿੱਖਾਂ ਨੂੰ ਲੰਕਾ ਭੇਜ ਕੇ ਪ੍ਰਾਣ ਸੰਗਲੀ ਆਦਿ ਰਚਨਾਵਾਂ ਮੰਗਵਾਈਆਂ।

ਸ੍ਰੀ ਨਾਮਦੇਵ ਜੀ ਦੀ ਬਾਣੀ ਵਿਚੋਂ ਸਾਨੂੰ ਜੀਵਨ ਜਾਂਚ ਸਿੱਖਣ ਲਈ ਤੇ ਅਧਿਆਤਮਕ ਜੀਵਨ ਜਿਊਣ ਲਈ ਅਨੇਕ ਪ੍ਰਕਾਰ ਦੀ ਸੇਧ ਮਿਲਦੀ ਹੈ।

ਉਹਨਾਂ ਸਿੱਖਿਆਵਾਂ ਤੇ ਅਮਲ ਕਰਕੇ ਵਧੀਆ ਮਾਨਵ ਬਣਿਆ ਜਾ ਸਕਦਾ ਹੈ। ਉਨ੍ਹਾਂ ਦੀ ਬਾਣੀ ਜੋ ਯੋਧਪੁਰ ਵਾਲੀ ਪੋਥੀ ਵਿਚ ਦਰਜ ਹੈ, ਉਸ ਵਿਚੋਂ ਕੁਝ ਟੂਕਾਂ ਨਿਮਨ ਲਿਖਤ ਅਨੁਸਾਰ ਹਨ:-

ਸਾਚਾ ਤੁਮਹਾਰ ਨਾਉ ਹੈ, ਝੂਠਾ ਸਭ ਸੰਸਾਰ।।
ਮਨਸ਼ਾ ਬਾਚਾ ਉਨਮੁਨਾ, ਕਲਿ ਕੇਵਲ ਨਾਮ ਆਧਾਰ।।
ਦੁਨੀਆਂ ਮੈ ਦੋ ਜੁਗੁਘਣਾ, ਦਾਰਣਦੁਖ ਅਧਿਕ ਅਪਾਰ।।
ਚਰਨ ਕਵਲ ਕੀ ਮੌਜ ਮੈ ਮੋਹਿ ਰਾਖਹੁ ਸਿਰਜਨਹਾਰ।।

**(ਬਾਕੀ ਅਗਲੇ ਸਫੇ ਤੇ)**

# ਬਾਬੇ ਨਾਨਕ ਨੇ 38 ਹਜ਼ਾਰ ਮੀਲ ਦਾ ਪੈਂਡਾ ਤਹਿ ਕਰਕੇ ਲੋਕਾਂ ਨੂੰ ਜਗਾਇਆ!

ਸ੍ਰੀ ਗੁਰੂ ਨਾਨਕ ਦੇਵ ਜੀ 550ਵਾਂ ਪ੍ਰਕਾਸ਼ ਪੁਰਬ ਵੱਡੇ ਪੱਧਰ ’ਤੇ ਮਨਾਇਆ ਗਿਆ। 550ਵੇਂ ਪ੍ਰਕਾਸ਼ ਪੁਰਬ ਨੂੰ ਲੈ ਕੇ ਸੰਗਤਾਂ ’ਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ। ਉਥੇ ਹੀ ਕਰਤਾਰਪੁਰ ਕੋਰੀਡੋਰ ਖੁੱਲ੍ਹਣ ਕਰਕੇ ਸੰਗਤਾਂ ਬੇਹੱਦ ਉਤਸ਼ਾਹਤ ਹਨ। ਦੱਸਣਯੋਗ ਹੈ ਕਿ ਜਾਤ-ਪਾਤ ਦੇ ਖਿਲਾਫ ਆਵਾਜ਼ ਚੁੱਕਣ ਵਾਲੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਤਮਾਮ ਸਮੱਸਿਆਵਾਂ ਨਾਲ ਘਿਰੇ ਸਮਾਜ ਨੂੰ ਜਗਾਉਣ ਲਈ 38 ਹਜ਼ਾਰ ਮੀਲ ਦੀ ਪੈਦਲ ਯਾਤਰਾ ਕਰਕੇ 4 ਉਦਾਸੀਆਂ ਕੀਤੀਆਂ ਸਨ ਅਤੇ ਦੁਨੀਆ ਨੂੰ ’ਸਰਬਤ ਦੇ ਭਲੇ’ ਦਾ ਸੰਦੇਸ਼ ਦਿੱਤਾ ਸੀ। ਗੁਰੂ ਜੀ ਨੇ ਦਰਜਨ ਭਰ ਦੇਸ਼ਾਂ ਦੇ 248 ਪ੍ਰਮੁੱਖ ਨਗਰਾਂ ਦੀ ਸੈਰ ਕਰਕੇ ਸਮਾਜ ਦੇ ਵਿਕਾਸ ਲਈ ਕਈ ਕ੍ਰਾਂਤੀਕਾਰੀ ਕਦਮ ਚੁੱਕੇ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪਹਿਲੇ ਪੜ੍ਹਾਅ ’ਚ 79, ਦੂਜੇ ’ਚ 75, ਤੀਜੇ ’ਚ 35 ਅਤੇ ਚੌਥੇ ’ਚ 59 ਸਥਾਨਾਂ ਦੀ ਯਾਤਰਾ ਕਰਕੇ ਪਰਮਾਤਮਾ ਇਕ ਦਾ ਸੰਦੇਸ਼ ਦਿੱਤਾ।

### 1500 ਈ. ’ਚ ਕੀਤੀ ਬਾਬੇ ਨਾਨਕ ਨੇ ਪਹਿਲੀ ਉਦਾਸੀ

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਪਹਿਲੀ ਉਦਾਸੀ 1500 ਈ. ’ਚ ਸ੍ਰੀ ਗੋਇੰਦਵਾਲ ਸਾਹਿਬ (ਅੰਮ੍ਰਿਤਸਰ) ਦੇ ਛਾਂਗਾ-ਮਾਂਗਾ ਦੇ ਜੰਗਲਾਂ ਤੋਂ ਕੀਤੀ। ਇਸ ਦੇ ਬਾਅਦ ਗੁੱਜਰਾਂਵਾਲਾ ਹੁੰਦੇ ਹੋਏ ਲਾਹੌਰ ਪਹੁੰਚੇ। ਉਥੋਂ ਕੁਰੂਕਸ਼ੇਤਰ, ਕਰਨਾਲ, ਹਰਿਦੁਆਰ, ਦਿੱਲੀ, ਆਗਰਾ, ਮਥੁਰਾ, ਅਲੀਗੜ, ਲਖਨਊ, ਕਾਨਪੁਰ, ਅਯੁੱਧਿਆ, ਇਲਾਹਾ-ਬਾਦ, ਪ੍ਰਯਾਗ, ਬਨਾਰਸ, ਛਪਰਾ, ਹਾਜੀਪੁਰ, ਪਟਨਾ ਤੋਂ ਗਯਾ ਗਏ। ਉਥੋਂ ਭਾਗਲਪੁਰ, ਗੁਹਾਟੀ, ਇੰਫਾਲ, ਅਗਰਤਲਾ, ਢਾਕਾ, ਜਬਲਪੁਰ, ਚਿਤਰਕੂਟ, ਸਾਗਰ, ਭੋਪਾਲ, ਧੌਲਪੁਰ, ਭਰਤਪੁਰ, ਜੀਂਦ, ਕੈਥਲ ਹੁੰਦੇ ਹੋਏ 5 ਸਾਲ ਬਾਅਦ 1505 ’ਚ ਵਾਪਸ ਸੁਲਤਾਨਪੁਰ ਲੋਧੀ ਪਹੁੰਚੇ।

### 1506 ਈ. ’ਚ ਕੀਤੀ ਦੂਜੀ ਉਦਾਸੀ ਦੀ ਸ਼ੁਰੂਆਤ

ਸੁਲਤਾਨਪੁਰ ਲੋਧੀ ਦੀ ਧਰਤੀ ਤੋਂ ਬਾਬੇ ਨਾਨਕ ਨੇ ਦੂਜੀ ਉਦਾਸੀ 1506 ਈ. ’ਚ ਸ਼ੁਰੂ ਕੀਤੀ। ਸਭ ਤੋਂ ਪਹਿਲਾਂ ਉਹ ਬਠਿੰਡਾ ਤੋਂ ਸਿਰਸਾ ਹੁੰਦੇ ਹੋਏ ਬੀਕਾਨੇਰ ਪਹੁੰਚੇ। ਉਥੋਂ ਜੈਸਲਮੇਰ, ਜੋਧਪੁਰ, ਪੁਸ਼ਕਰ, ਅਜਮੇਰ, ਚਿਤੌੜਗੜ੍ਹ, ਇੰਦੌਰ, ਹੋਸ਼ੰਗਾਬਾਦ, ਅਮਰਾਵਤੀ, ਬੀਦਰ, ਗੋਲਕੁੰਡਾ, ਹੈਦਰਾਬਾਦ, ਵਿਜੇਵਾੜਾ, ਤਿਰੁਪਤੀ, ਮਦਰਾਸ, ਪੁਡੂਚੇਰੀ, ਤੰਜੋਰੀ, ਊਜੈਨ, ਅਹਿਮਦਾਬਾਦ, ਬਾਂਸਵਾੜਾ, ਅਮਰਾਵਤੀ, ਅਕੋਲਾ, ਬੀਦਰ, ਤਿਰੂਚਿਰਾਪੱਲੀ, ਰਾਮੇਸ਼ਵਰ, ਟ੍ਰਿਕੋਮਾਲੀ, ਤ੍ਰਿਵੇਂਦਰਮ, ਕੋਚੀਨ, ਕੋਇਮਬਟੂਰ, ਕਾਲੀਕਟ, ਮੈਸੂਰ, ਬੈਂਗਲੁਰੂ, ਗੋਆ, ਪੁਣੇ, ਮੁੰਬਈ, ਸੂਰਤ, ਬੜੌਦਾ, ਜੂਨਾਗੜ, ਸੋਮਨਾਥ, ਦੁਆਰਕਾ, ਮੁਲਤਾਨ, ਪਾਕਪਟਨ ਅਤੇ ਤਲੰਵਡੀ ਹੁੰਦੇ ਹੋਏ 1509 ਨੂੰ ਸੁਲਤਾਨਪੁਰ ਲੋਧੀ ਵਾਪਸ ਪਹੁੰਚੇ।

### 1514 ’ਚ ਕੀਤੀ ਤੀਜੀ ਉਦਾਸੀ ਦੀ ਸ਼ੁਰੂਆਤ

1514 ਨੂੰ ਤੀਜੀ ਉਦਾਸੀ ਸ੍ਰੀ ਕਰਤਾਰਪੁਰ ਤੋਂ ਕਲਾਨੌਰ, ਕਾਂਗੜਾ ਤੋਂ ਹੁੰਦੇ ਹੋਏ ਪਾਲਮਪੁਰ ਪਹੁੰਚੇ ਅਤੇ ਉਥੋਂ ਚੰਬਾ, ਕੁਲੂ, ਮੰਡੀ, ਰਿਵਾਲਸਰ, ਰੋਪੜ, ਦੇਹਰਾਦੂਨ, ਮਸੂਰੀ, ਗੰਗੋਤਰੀ, ਬਦਰੀਨਾਥ ਅਲਮੋੜਾ, ਰਾਨੀਖੇਤ, ਕਾਠਮਾਂਡੂ, ਮਾਨਸਰੋਵਰ, ਲੇਹ, ਤਾਸ਼ਕੰਦ, ਕਿਸ਼ਤਵਾੜ, ਭਦਰਵਾਹ, ਵੈਸ਼ਨੋਦੇਵੀ, ਰਿਆਸੀ, ਜੰਮੂ ਤੋਂ ਹੁੰਦੇ ਹੋਏ 1516 ਨੂੰ ਵਾਪਸ ਕਰਤਾਰਪੁਰ ਪਹੁੰਚੇ।

### 1518 ’ਚ ਬਾਬੇ ਨਾਨਕ ਨੇ ਚੌਥੀ ਉਦਾਸੀ ਦੀ ਸ਼ੁਰੂਆਤ

ਸ੍ਰੀ ਗੁਰੂ ਨਾਨਕ ਦੇਵ ਜੀ ਨੇ 1518 ਤੋਂ ਆਪਣੀ ਚੌਥੀ ਉਦਾਸੀ ਕਰਤਾਰਪੁਰ ਤੋਂ ਸ਼ੁਰੂ ਕੀਤੀ ਅਤੇ ਹੈਦਰਾਬਾਦ, ਦੇਵਲ (ਕਰਾਚੀ) ਮੱਕਾ, ਜੱਦਾ, ਮਦੀਨਾ, ਯਰੂਸ਼ਲਮ, ਦਮਸ਼ਿਕ, ਪਾਰਚਿਨਾਰ (ਪੇਸ਼ਾਵਰ) ਤੋਂ ਹੁੰਦੇ ਹੋਏ ਬਗਦਾਦ ਪਹੁੰਚੇ। ਉਥੋਂ ਤੇਹਰਾਨ, ਸਮਰਕਦ, ਕਾਬੁਲ, ਕੰਧਾਰ, ਪੇਸ਼ਾਵਰ ਤੋਂ ਹੋ ਕੇ ਵਾਪਸ ਕਰਤਾਰਪੁਰ ਵਾਪਸ ਆਏ। ਆਪਣੀਆਂ ਇਨ੍ਹਾਂ ਉਦਾਸੀਆਂ ਦੇ ਜ਼ਰੀਏ ਸ੍ਰੀ ਗੁਰੂ ਨਾਨਕ ਦੇਵ ਜੀ ਜਾਤ-ਪਾਤ ਖਿਲਾਫ ਆਵਾਜ਼ ਬੁਲੰਦ ਕਰਦੇ ਹੋਏ ’ਸਰਬਤ ਦੇ ਭਲਾ’ ਦਾ ਸੰਦੇਸ਼ ਦਿੱਤਾ। ਅੱਜ ਜਿੱਥੇ ਅਸੀਂ ਗੁਰੂ ਨਾਨਕ ਦੇਵ ਜੀ ਦਾ 550ਵਾਂ ਪੁਰਬ ਮਨਾਇਆ ਹੈ ਓਥੇ ਸੋਚਣ ਵਾਲੀ ਗੱਲ ਇਹ ਵੀ ਹੈ ਕਿ ਜੋ ਸਿੱਖਿਆਵਾਂ ਗੁਰੂ ਸਹਿਬ ਨੇ ਸਾਨੂੰ ਦਿੱਤੀਆਂ ਸਨ ਕੀ ਅਸੀਂ ਉਹਨਾਂ ਨੂੰ ਅਪਣਾਇਆ ਵੀ ਹੈ..? ਗੁਰੂ ਨਾਨਕ ਦੇਵ ਜੀ ਦੀ ਸਾਰੀ ਬਾਣੀ ਲੋਕਾਂ ਨੂੰ ਵਹਿਮਾਂ, ਭਰਮਾਂ, ਕਰਾਮਾਤਾਂ ਚੋ ਕੱਢਣ ਸਬੰਧੀ ਰਚੀ ਹੋਈ ਹੈ। ਅੱਜ ਬੜੇ ਦੁੱਖ ਨਾਲ ਕਹਿਣਾ ਪੈ ਰਿਹਾ ਕਿ ਅਸੀਂ ਬਾਬੇ ਨੂੰ ਕਰਾਮਾਤੀ ਬਣਾ ਦਿੱਤਾ, ਬਾਬੇ ਦੀ ਬਾਣੀ ਦੀਆਂ ਤੁਕਾਂ ਲੈਕੇ ਤਵੀਤ ਦਿੱਤੇ ਜਾ ਰਹੇ ਹਨ। ਬਾਬੇ ਦੇ ਅਸਲੀ ਫਲਸਫ਼ੇ ਕਿਰਤ ਕਰੋ, ਵੰਡ ਛਕੋ ਜਾ ’ਮਾਨਸ ਕੀ ਜਾਤ ਸਭਿ ਏਕੇ ਪਹਿਚਾਨ ਬੋ’ ਦੇ ਉਲਟ ਵਿਹਲੜਾਂ ਨੇ ਜਾਤ ਪਾਤ ਦੇ ਅਧਾਰ ਤੇ ਡੇਰੇ ਬਣਾ ਲਏ ’ਤੇ ਇੱਥੋ ਪੁੱਤ ਵੰਡੇ ਜਾ ਰਹੇ ਨੇ। ਬਾਬੇ ਨਾਨਕ ਨੇ ਔਰਤ ਦੇ ਹੱਕ ਵਿੱਚ ਹਾਂ ਦਾ ਨਾਅਰਾ ਮਾਰਿਆ ਅਤੇ ਸ਼ਬਦ ਉਚਾਰਿਆ ’ਸੋ ਕਿਉਂ ਮੰਦਾ ਆਖੀਐ ਜਿਤ ਜੰਮੇ ਰਾਜਾਨ’ ਪਰ ਅੱਜ ਅਖੌਤੀ ਪ੍ਰਚਾਰਕ ਔਰਤਾਂ ਦੇ ਕੀਰਤਨ ਕਰਨ ਨੂੰ ਲੈਕੇ ਭੱਦੀਆਂ ਟਿੱਪਣੀਆਂ ਕਰ ਰਹੇ ਨੇ।ਅੱਜ ਬਾਬੇ ਨਾਨਕ ਨੂੰ ਹਰ ਕੋਈ ਮੰਨਦਾ ਪਰ ਬਾਬੇ ਦਾ ਕਿਹਾ ਕੋਈ ਮੰਨਕੇ ਰਾਜ਼ੀ ਨਹੀਂ। ਅੱਜ 72 ਸਾਲਾਂ ਪਿੱਛੋਂ ਕਰਤਾਰਪੁਰ ਦਾ ਲਾਂਘਾ ਖੁੱਲ੍ਹਿਆ, ਕੰਡਿਆ਼ਲੀ ਤਾਰ ਨੂੰ ਢਾਹਕੇ ਪੁੱਲ ਉਸਰੇ ਤੇ ਦੋਵਾਂ ਪੰਜਾਬਾਂ ਦੀ ਫੇਰ ਜੱਫੀ ਪਈ। ਆਓ ਇਸ ਮੁਬਾਰਕ ਮੌਕੇ ਬਾਬੇ ਨਾਨਕ ਦਾ ਅਸਲੀ ਉਪਦੇਸ਼ ਮੰਨਦੇ ਵਹਿਮਾਂ, ਭਰਮਾਂ, ਕਰਾਮ-ਾਤਾਂ, ਜਾਤ ਪਾਤ ਦੇ ਬੰਧਨ ਨੂੰ ਪਰੇ ਕਰੀਏ ਤੇ ਬਾਬੇ ਨਾਨਕ ਦੇ ਅਸਲੀ ਫ਼ਲਸਫ਼ੇ ਵੰਡ ਛਕੋ ਕਿਰਤ ਕਰੋ ਤੇ ਪਹਿਰਾ ਦੇਈਏ ਅਤੇ ਸਰਬੱਤ ਦਾ ਭਲਾ ਮੰਗੀਏ। ਸਭਨਾਂ ਨੂੰ 550ਵੇਂ ਪੁਰਬ ਦੀਆਂ ਬਹੁਤ ਬਹੁਤ ਵਧਾਈਆ।



ਗੁਰਿੰਦਰਜੀਤ ਸਿੰਘ
‘ਨੀਟਾ ਮਾਛੀਕੇ’
559-333-5776

# ਸਤਿਗੁਰੂ ਨਾਮਦੇਵ ਜੀ

ਮੈ ਤੋ ਬਿਚ ਪਰਦਾ ਕਿਹਾ ਲੋਭ ਬਛਾਈ ਕਾਮ॥
ਕੋ ਏਕ ਹਰਿਜਨ ਉਬਰੇ, ਜਿਨਿ ਸਿਮਰਿਆ ਨਿਹਚਲ ਰਾਮ॥
ਲੋਕ ਬੇਦ ਕੇ ਸੰਗ ਬ੍ਰਹਮਾ, ਸਲਿਲ ਮੋਹ ਕਾ ਧਾਰ॥
ਜਨ ਨਾਮਦੇਵ ਕੇ ਸਵਾਮੀ ਬੀਠੁਲਾ, ਮੋਹਿ ਖੇਵਿ ਉਤਾਰੋ ਪਾਰ॥

ਉਕਤ ਪਦਾ ਨਾਮਦੇਵ ਜੀ ਦੀ ਪਰਪੱਕ ਅਧਿਆਤਮਕ ਅਵਸਥਾ ਦਾ ਪ੍ਰਮਾਣ ਹੈ। ਇਸਦਾ ਕਾਵਿ ਰੂਪ ਭੀ ਸਲੋਕਾਂ ਵਾਲਾ ਹੀ ਹੈ।

ਬਿਸਨੁਦਾਸ ਨਾਮਪਦ ਦੀ ਵਰਤੋਂ ਵੀ ਇਕ ਤੁਕ ਵਿਚ ਆਈ ਹੈ ਜਿਸ ਤੋਂ ਨਾਮਦੇਵ ਜੀ ਦੇ ਵੈਸ਼ਨਵ ਹੋਣ ਦਾ ਪਤਾ ਲੱਗਦਾ ਹੈ।

ਬਿਸਨੁ ਦਾਸ ਨਾਮਾ ਇਹਿਆ ਸੰਗੇ ਭੇਟੀ ਲਾ ਸੇਈ॥

ਇਕਾਦਸ਼ੀ ਵਰਤ ਜੋ ਨਾਮਦੇਵ ਜੀ ਪਹਿਲਾਂ ਰੱਖਦੇ ਰਹੇ, ਫਿਰ ਵਿਰੋਧੀ ਹੋ ਗਏ, ਬਾਹਰਲੀ ਬਾਣੀ ਵਿਚ ਭੀ ਵਿਰੋਧੀ ਪ੍ਰਭਾਵੀ ਜ਼ਿਕਰ ਆਉਂਦਾ ਹੈ:-

'ਏਕਾਦਸ਼ੀ ਵਰਤ ਕਰੇ ਕਾਹੇ ਕੋ ਤੀਰਥ ਜਾਈ॥’’

ਗੁਰੂ ਸ਼ਬਦ ਨੂੰ ਬੈਕੁੰਠ ਦਾ ਸਾਧਨ ਮੰਨਿਆ ਹੈ-

ਗੁਰੂ ਕੈ ਸ਼ਬਦ ਬੈਕੁੰਠ ਨਿ ਸਰਦੀ।
ਹਿਰਦੈ ਰਾਗ ਪ੍ਰੇਮ ਰਸ ਬਾਣੀ॥

ਸਤਿਨਾਮ ਸ਼ਬਦ ਦੀ ਵਰਤੋਂ ਭੀ, ਜੋਧਪੁਰੀ ਪੋਥੀ ਦੇ ਇਨ੍ਹਾਂ ਪਦਿਆਂ ਵਿਚ ਆਈ ਹੈ:-

ਭਣਤ ਨਾਮਦਿਉ ਛੀਪਾ ਕਹੇਰੇ ਪੁਕਾਰੇ ਮੀਤਾ।
ਹਿਰਦੇ ਮੇ ਰੰਗ ਹਿਰਦੈ ਛੀਪਾ ਕਹੇ ਰੇ ਪੁਕਾਰੇ ਮੀਤਾ॥

ਜੀਵਨ ਮੁਕਤ ਹੋਏ ਬਿਨਾਂ- ਨਾਮਦੇਵ ਜੀ ਦਾ ਕਥਨ ਹੈ, ਮੈਨੂੰ ਪ੍ਰਤੀਤ ਨਹੀਂ ਆ ਸਕਦੀ:-

ਯਹੁ ਪ੍ਰਤੀਤ ਮੋਹਿ ਨਹੀਂ ਆਵੈ, ਜੀਵਨ ਮੁਕਤ ਨਾ ਪਾਇ॥

ਗੁਰ ਪ੍ਰਸਾਦਿ ਦਾ ਵਰਣਨ ਢੁਕਵੇਂ ਢੰਗ ਨਾਲ ਇਸ ਬਾਣੀ ਵਿਚ ਕਈ ਵਾਰ ਆਇਆ ਹੈ:-

ਪ੍ਰਣਵਤ ਨਾਮਦੇਵ ਗੁਰੂ ਪ੍ਰਸਾਦਿ ਜੋ ਖੋਜੈ ਸੋ ਪਾਵੈ।
ਪ੍ਰਣਵਤ ਨਾਮਦੇਵ ਗੁਰਪ੍ਰਸਾਦਿ ਪਾਇਆ, ਤਿਨਹੀ ਲੁਕਾਇਆ॥

ਜੋਤ ਪ੍ਰਗਟ ਹੋਣ ਅਤੇ ਅਮਰ ਪਦ ਪਰਸ ਲੈਣ ਲੈਣ ਦੀ ਪਰਪੱਕ ਅਨੁਭਵੀ ਅਨੁਭੂਤੀ ਭੀ ਪ੍ਰਗਟ ਹੋਈ ਹੈ:-

ਦੀਵੈ ਪਰਵੈ ਤੇਲ ਕੇ ਬਾਤੀ। ਜੋਤ ਸਰੂਪ ਬੋਲੇ ਦਿਨ ਰਾਤੀ॥
ਭਗਤ ਨਾਮਦੇਵ ਅਮਰ ਪਦ ਪਰਸਿਆ। ਪਯੰਡ ਭਇਆ ਮੁਕਤਿ ਹੋਇਆ ਤਦ ਦਰਸਾਇਆ॥

ਤੀਰਥਾਂ ਤੇ ਭ੍ਰਮਣ ਬਾਰੇ ਤ੍ਰਿਲੋਚਨ ਜੀ ਨੂੰ ਸੰਬੋਧਨ ਕਰਕੇ ਕਿਹਾ ਹੈ:-

ਭਨਤ ਨਾਮਦੇਵ ਸੁਨਤੁ ਤ੍ਰਲੋਚਨ ਏ ਤੀਰਥ ਸਭ ਅਭਿਕੇ ਭੋਜਨ॥
ਪ੍ਰਣਵਤ ਨਾਮਾ ਧਰਮ ਤਤ ਹੈ, ਸਤਿਗੁਰ ਨਿਕਟ ਬਿਠਾਇਲਾ॥

ਬ੍ਰਾਹਮਣੀ ਕਰਮਕਾਂਡ ਨੂੰ ਥਾਂ-ਥਾਂ ਨਕਾਰਿਆ ਹੈ, ਕਿਹਾ ਹੈ ਉਹ ਤਤ ਨਹੀਂ ਪੀਂਦੇ ਜਾਤੀ ਅਭਿਮਾਨ ਵਿਚ ਹੀ ਮਸਤ ਰਹਿੰਦੇ ਹਨ:-

ਬ੍ਰਹਮਨ ਮਦ ਭਰਿਆ ਸਖਾ ਤਤ ਨਾ ਪੀਵੈ ਤਤ ਮਾਤਲ ਵਰਵਾ॥
ਹਰਿਕੋ ਦਾਸ ਭਣੈ ਨਾਮਾ॥ ਰਾਮ ਨਾਮ ਬਿਨ ਔਰ ਨਾ ਜਾਨਾ॥

ਕੀਟ ਪਤੰਗਾਂ ਦੀ ਭੀ ਹਰਿ ਜਸ ਸੁਣਨ ਕਰਕੇ ਮੁਕਤੀ ਹੁੰਦੀ ਦੱਸੀ ਗਈ ਹੈ-

ਕੀਟ ਪਤੰਗ ਸੁਨਤ ਗਤ ਪਾਵੈ, ਗੋਬਿੰਦ ਜਸ ਨਿਸਤਾਰੈ॥
ਅਜਮਲ ਗਨਕਾ ਸੂਕ ਪੰਖੀ ਰਸਨਾ ਨਾਮ ਉਚਾਰੈ॥

ਹਰਿ ਭਜਨ ਲਈ ਪ੍ਰੇਰਨਾ ਦਿੰਦਿਆਂ ਕਿਹਾ ਹੈ, ਹੇ ਪ੍ਰਾਣੀ ਤੂੰ ਅਨੇਕਾਂ ਵਾਰੀ ਪਸ਼ੂ ਹੋ ਕੇ ਜੰਮਿਆ ਹੈ। ਸਤਿਗੁਰੂ ਸਰਨ ਪੈ ਕੇ ਨਾਮ ਜਪ:-

ਅਨੇਕ ਬਾਰ ਪਸ਼ੂ ਹ੍ਵੈ ਔਤਰਯੋ। ਲਾਖ ਚਉਰਾਸੀ ਭ੍ਰਮਤ ਫਿਰਯੋ॥
ਪਾਇਓ ਨਹੀ ਕਹੀ ਵਿਸਰਾਮ। ਸਤਿਗੁਰ ਸਰਨਿ ਸਰਨਿ ਗਹਿਓ ਨਹੀਂ ਰਾਮ॥

ਰਾਮ ਕਲਿਆਨ ਵਿਚ ਪਦੇ ਦੀ ਪਹਿਲੀ ਤੁਕ ਹੈ:-

ਨਾਚ ਰੇ ਮਨ ਰਾਮ ਕੇ ਆਗੇ। ਗਿਆਨ ਵਿਚਾਰ ਜੋਗ ਆਗੈ॥

ਉਕਤ ਪਦਿਆਂ ਵਿਚ ਸਰਗੁਣ ਤੇ ਨਿਰਗੁਣ ਦੋਹਾਂ ਦੀ ਝਲਕ ਮਿਲਦੀ ਹੈ।

ਨਾਮਦੇਵ ਜੀ ਕਈ ਹੋਏ ਹਨ ਉਕਤ ਕਥਨਾਂ ਵਿਚ ਇਸ ਦੀ ਵਿਆਖਿਆ ਕਰ ਦਿੱਤੀ ਗਈ ਹੈ ਕਿ ਨਾਮਦੇਵ ਛੇ ਹੋਏ ਹਨ। ਪਰ ਕਿਸ ਨਾਮਦੇਵ ਜੀ ਦੀ ਬਾਣੀ 'ਗੁਰੂ ਗ੍ਰੰਥ ਸਾਹਿਬ’ ਵਿਚ ਪ੍ਰਵਾਨ ਚੜ੍ਹੀ। ਇਸ ਗੱਲ ਦੀ ਪਛਾਣ ਕਰਨੀ ਕੋਈ ਸੌਖੀ ਗੱਲ ਨਹੀਂ ਹੈ। ਦੂਸਰੀ ਮੁਸ਼ਕਲ ਉਨ੍ਹਾਂ ਦੇ ਜਨਮ ਸਮੇਂ ਅਤੇ ਜਨਮ ਭੂਮੀ ਬਾਰੇ ਹੈ। ਕਿਉਂਕਿ ਮਹਾਰਾਸ਼ਟਰ (ਪਹਿਲਾਂ ਪੂਨਾ ਪ੍ਰਾਂਤ) ਸਤਾਰਾ, ਪੰਡਰਪੁਰ ਆਦਿਕ ਅਤੇ ਬਰਾੜ ਇਲਾਕੇ ਵਿਚ ਛੇ-ਸੱਤ ਨਾਮਦੇਵ ਹੋਏ ਹਨ। ਭਗਤ ਨਾਮਦੇਵ ਦੇ ਨਾਂ ਨੂੰ ਚਮਤਕਾਰੀ ਪ੍ਰਸਿੱਧੀ ਪ੍ਰਾਪਤ ਹੋ ਜਾਣ ਕਾਰਨ, ਸਾਰਿਆਂ ਨਾਮਦੇਵਾਂ ਨੂੰ ਇਕੋ ਕੜੀ ਵਿਚ ਰੱਖ ਲਿਆ ਹੈ। ਹਾਲਾਂਕਿ ਇਨ੍ਹਾਂ ਦੇ ਜਨਮ ਸਥਾਨ ਕਈ ਹੋ ਸਕਦੇ ਹਨ। ਇਹ ਵੀ ਕੋਈ ਵੱਡੀ ਗੱਲ ਨਹੀਂ ਸਾਰੀਆਂ ਥਾਂਵਾਂ ਹੀ ਠੀਕ ਹੋਣ ਕਿਸੇ ਨਾਮਦੇਵ ਦਾ ਕੋਈ ਜਨਮ ਸਥਾਨ ਤਾਂ ਹੋਵੇਗਾ ਹੀ। ਕਿਉਂਕਿ ਨਾਮਦੇਵ ਅਨੇਕਾਂ ਹੋਏ ਹਨ। ਇਸ ਲਈ ਉਹਨਾਂ ਦੇ ਜਨਮ ਸਥਾਨ, ਮਰਨ ਸਥੱਲ ਜਾਂ ਸਮਾਧੀਆਂ ਭੀ ਕਈ ਹੋਣੀਆਂ ਚਾਹੀਦੀਆਂ ਹਨ। ਇਤਿਹਾਸਕਾਰਾਂ ਨੇ ਉਹਨਾਂ ਦੇ ਪਿਤਾ ਦਾ ਨਾਮ ਬਿਠਲ ਪੰਤ ਤੇ ਮਾਤਾ ਦਾ ਨਾਮ ਹੁਕਮੀ ਦੱਸਿਆ ਹੈ। ਭਗਤਮਾਲਾ ਦੇ ਲੇਖਕ ਨੇ ਉਹਨਾਂ ਦੇ ਜਨਮ ਦਾ ਸਮਾਂ 1545 ਸੰਮਤ ਲਿਖਿਆ ਹੈ ਤੇ ਕਿਸੇ ਕਿਸੇ ਨੇ 1500 ਸੰਮਤ ਵੀ ਲਿਖਿਆ ਹੈ। ਉਸ ਸਮੇਂ ਭਾਰਤ ਵਰਸ਼ ਤੇ ਸਿਕੰਦਰ ਲੋਧੀ ਦਾ ਰਾਜ ਸੀ। ਨਾਮਦੇਵ ਜੀ ਦੇ ਵੰਸ਼ਜ ਅਜੇ ਵੀ ਪੰਡਰਪੁਰ ਵਿਚ ਹਨ, ਉਹਨਾਂ ਨੂੰ ਨਾਮਦਾਸੀ ਕਹਿੰਦੇ ਹਨ।

ਨਾਮਦੇਵ ਜੀ ਮਹਾਂਰਾਸ਼ਟਰ ਤੋਂ ਪੰਜਾਬ ਆਏ ਤੇ ਇੱਥੇ ਘੁਮਾਦ ਪਿੰਡ ਵਿਚ ਵੀਹ-ਪੰਝੀ ਵਰ੍ਹੇ ਰਹਿ ਕੇ ਅੰਤ ਨੂੰ ਇਥੇ ਹੀ ਸਮਾ ਗਏ। ਇਸ ਦੀ ਸਚਾਈ ਨੂੰ ਮਹਾਰਾਸ਼ਟਰ ਵਿਚ ਪੰਡਰਪੁਰ ਤੇ ਹੋਰ ਕਈ ਥਾਈਂ ਬਣਾਈਆਂ ਸਮਾਧੀਆਂ ਭਰਮਾਂ ਵਿਚ ਪਾ ਦਿੰਦੀਆਂ ਹਨ। ਭਾਵੇਂ ਮੁੜ-ਘਿੜ ਇਹੋ ਮੰਨਣਾ ਪੈਂਦਾ ਹੈ ਤੇ ਠੀਕ ਵੀ ਬੈਠਦਾ ਹੈ ਕਿ ਨਾਮਦੇਵ ਜੀ ਘੁਮਾਣ ਪਿੰਡ ਵੀ ਸਮਾਏ ਸਨ। ਹੋਰ ਥਾਂਵਾਂ ਉਤੇ ਦੂਜੇ ਨਾਮਦੇਵ (ਕਵੀ) ਦੇਵ-ਭਗਤ, ਬੇਸ਼ੱਕ ਸਮਾਏ ਹੋਣ।

ਨਾਮਦੇਵ ਜੀ ਦਾ ਗੁਰੂ ਕੌਣ ਹੈ? ਇਹ ਵੀ ਇਕ ਬਹੁਤ ਵੱਡਾ ਝਮੇਲਾ ਹੈ। ਗਹਿਨੀ ਨਾਥ, ਸੋਪਨ ਦੇਵ ਜਾਂ ਗਿਆਨ ਦੇਵ ਜਾਂ ਗਿਆਨ ਦੇਵ ਦਾ ਪਿਤਾ ਖੇਚਰ ਦਾਸ? ਇਸ ਪ੍ਰਤੀ ਦਿੱਤੀਆਂ ਸਾਰੀਆਂ ਉਦਾਹਰਣਾਂ ਇਕ ਦੂਜੀ ਨੂੰ ਕੱਟਦੀਆਂ ਹਨ। ਇਹ ਨਿਰਣਾ ਵੀ ਨਾਮਦੇਵ ਜੀ ਦੀ ਬਾਣੀ ਹੀ ਕਰਦੀ ਹੈ। ਜਿਸ ਵਿਚ ਉਹ ਸਤਿਗੁਰੂ ਦੀ ਪ੍ਰਾਪਤੀ ਤੇ ਉਸ ਤੋਂ ਸਤਿਨਾਮ ਦਾ ਜਾਪ ਹਾਸਲ ਹੋਇਆ ਮੰਨਦੇ ਹਨ।

ਨਾਮਦੇਵ ਜੀ ਦੇ ਜੀਵਨ ਨਾਲ ਕਈ ਚਮਤਕਾਰੀ ਘਟਨਾਵਾਂ ਜੋੜੀਆਂ ਜਾਂਦੀਆਂ ਹਨ ਤੇ ਨਾਲ ਹੀ ਕਈ ਹੈਰਾਨ ਕਰ ਦੇਣ ਵਾਲੀਆਂ ਕਥਾਵਾਂ ਵੀ ਜੋੜੀਆਂ ਜਾਂਦੀਆਂ ਹਨ, ਜਿਵੇਂ ਗਊ ਜੀਵਾਉਣ ਦਾ ਚਮਤਕਾਰ, ਦੁਆਰ ਘੁੰਮਣ ਦੀ ਘਟਨਾ, ਠਾਕੁਰ ਨੂੰ ਦੁੱਧ ਪਿਲਾਉਣ ਦੀ ਘਟਨਾ, ਛੰਪਰੀ ਉਡਣ ਦਾ ਚਮਤਕਾਰ ਤੇ ਫਿਰ 'ਦੇਵ ਗਣ’ ਆਏ ਤੇ ਛੱਪਰੀ ਬਣ ਗਈ। ਨਾਮਦੇਵ ਜੀ ਨੂੰ ਭਗਤੀ ਕਰਨ ਤੋਂ ਹਟਾਉਣ ਲਈ ਉਹਨਾਂ ਨੂੰ ਦੇਹੁਰੇ ਵਿਚੋਂ ਧੱਕੇ ਮਾਰ ਕੇ ਕੱਢਣਾ, ਕੁਲੀਨ ਲੋਕਾਂ ਤੇ ਬ੍ਰਾਹਮਣਾਂ ਦੇ ਵਿਰੋਧੀ ਦੀ, ਵਿਰੋਧ ਇਸ ਲਈ ਉਭਰਦਾ ਸੀ ਕਿ ਨਾਮਦੇਵ ਜੀ ਨੀਵੀਂ ਜਾਤੀ ਦੇ ਹੋ ਕੇ ਭਗਤੀ ਜਿਹੇ ਉੱਚੇ ਕਰਮ ਧਰਮ ਕਿਉਂ ਕਰਦਾ ਹੈ? ਨਾਮਦੇਵ ਜੀ ਨੂੰ ਇਸ ਅਪਮਾਨ ਨੇ ਝੰਜੋੜਿਆ ਅਤੇ ਆਪਣੀ ਨੀਵੀਂ ਤੇ ਹੀਣ ਜਾਤੀ ਨੂੰ ਕੋਸਿਆ:-

ਹਸਤ ਖੇਲਤ ਤੇਰੇ ਦੇਹੁਰੇ ਆਇਆ॥
ਭਗਤਿ ਕਰਤ ਨਾਮਾ ਪਕਰਿ ਉਠਾਇਆ॥
ਹੀਨੜੀ ਜਾਤ ਮੇਰੀ ਜਾਇਮ ਰਾਇਆ॥
ਛੀਪੇ ਕੇ ਜਨਮਿ ਕਾਹੇ ਕਉ ਆਇਆ॥
ਲੈ ਕਮਲੀ ਚਲਿਓ ਪਲਟਾਇ॥
ਦੇਹੁਰੇ ਪਾਛੈ ਬੈਠਾ ਜਾਇ॥
ਜਿਉ ਜਿਉ ਨਾਮਾ ਹਰਿ ਗੁਣ ਉਚਰੈ॥
ਭਗਤ ਜਨਾਂ ਕਉ ਦੇਹੁਰਾ ਫਿਰੈ॥

ਔਢਾ ਪਿੰਡ ਵਿਚ ਉਹ ਦੇਹੁਰਾ ਮੌਜੂਦ ਹੈ। ਜਿਸ ਦਾ ਦੁਆਰ ਨਾਮਦੇਵ ਜੀ ਦੀ ਭਗਤੀ ਨਾਲ ਘੁੰਮ ਗਿਆ। ਇਸ ਦੀ ਹਾਮੀ ਵਿਦਵਾਨ ਵੀ ਭਰਦੇ ਹਨ। ਸਥਾਨਕ ਲੋਕਾਂ ਵਿਚ ਲੋਕ ਕਥਾ ਵੀ ਇਹੀ ਹੈ।

ਗਊ ਨੂੰ ਜੀਵਾਉਣ ਦਾ ਚਮਤਕਾਰ ਤਾਂ ਬਹੁਤ ਹੀ ਪ੍ਰਸਿੱਧ ਹੈ। ਇਸ ਦੀ ਉਦਾਹਰਣ ਉਹਨਾਂ ਦੀ ਆਪਣੀ ਬਾਣੀ ਜੋ 'ਗੁਰੂ ਗ੍ਰੰਥ ਸਾਹਿਬ’ ਵਿਚ ਦਰਜ ਹੈ ਇਵੇਂ ਹੈ:-

ਸੁਲਤਾਨ ਪੂਛੇ ਸੁਨ ਵੀ ਨਾਮਾ॥ ਦੇਖਉ ਰਾਮ ਤੁਮਾਰੇ ਕਾਮਾ’’
ਨਾਮ ਸੁਲਤਾਨੇ ਬਾਧਿਲਾ॥ ਦੇਖਉ ਤੇਰਾ ਹਰਿ ਬੀਠੁਲਾ॥
ਬਿਸਮਿਲ ਗਊ ਦੇਹ ਜੀਵਾਇ॥ ਨਾਤਰ ਗਰਦਨਿ ਮਾਰਉ ਠਾਇ॥

ਕਹਿਰ ਤ ਮੁਈ ਗਊ ਦੇਉ ਜੀਆਇ॥ ਸਭ ਕੋਈ ਦੇਖੈ ਪਤੀਆਇ॥
ਨਾਮਾ ਪ੍ਰਣਮੈ ਸੇਲ ਮਸੇਲ॥ ਗਊ ਦੁਹਾਈ ਬਛਰਾ ਮੇਲਿ॥
ਦੂਧਰਿ ਦੂਹਿ ਜਬ ਮਟੁਕੀ ਭਰੀ॥ ਲੇ ਬਾਦਸ਼ਾਹ ਕੇ ਆਗੈ ਧਰੀ॥

ਨਾਮੇ ਕੀ ਕੀਰਤਿ ਰਹੀ ਸੰਸਾਰਿ॥
ਭਗਤ ਜਨਾਂ ਲੈ ਉਧਰਿਆ ਪਾਰਿ॥
ਸਗਲ ਕਲੇਸ਼ ਨਿੰਦਕ ਭਇਆ ਖੇਦੁ॥
ਨਾਮੇ ਨਾਰਾਇਣ ਨਾਹੀ ਭੇਦੁ॥

ਨਾਮਦੇਵ ਜੀ ਨੇ ਪਹਿਲਾਂ ਆਪਣੀ ਬਾਣੀ ਵਿਚ ਕ੍ਰਿਸ਼ਨ ਜੀ ਅਤੇ ਰਾਮਚੰਦਰ ਜੀ ਦਾ ਅਵਤਾਰਾਂ ਦੇ ਰੂਪ ਵਿਚ ਜ਼ਿਕਰ ਕੀਤਾ ਹੈ। ਬਾਅਦ ਵਿਚ ਇਹਨਾਂ ਦਾ ਕਰੜਾ ਵਿਰੋਧ ਵੀ ਕੀਤਾ ਹੈ। ਬਾਣੀ ਦਾ ਇਹ ਰੂਪ ਪ੍ਰਸਪਰ ਅੰਤਰੀਵ ਵਿਰੋਧ ਦਰਸਾਉਂਦਾ ਹੈ। ਰਾਮ ਚੰਦਰ ਜੀ ਦਾ ਰਾਵਣ ਨੂੰ ਮਾਰ ਕੇ ਲੰਕਾ ਨੂੰ ਫਤਿਹ ਕਰਕੇ ਬਭੀਖਨ ਨੂੰ ਰਾਜ ਦੇਣਾ, ਵੱਡਾ ਕਾਰਨਾਮਾ ਕਿਹਾ ਜਾਂਦਾ ਹੈ। ਨਾਮਦੇਵ ਜੀ ਨੇ ਇਸ ਦਾ ਵਰਣਨ ਕੀਤਾ ਹੈ:

ਨਾਮੇ ਕੇ ਸੁਆਮੀ ਸੀਮਾ ਬਹੋਰੀ ਲੰਕ ਭਭੀਖਣ ਆਪਿਓ ਹੋ॥
ਜਸਰਥ ਰਾਇ ਨੰਦ ਦੀਓ ਅਭੈ ਪਦੁ ਰਾਜ ਭਭੀਖਣ ਅਧਿਕ ਕਰਿਓ॥
ਗੌਤਮ ਨਾਰ ਅਹਿਲਿਆ ਤਾਰੀ ਪਾਵਨ ਕੇਤਕ ਤਾਰੀਅਲੇ॥

ਉਕਤ ਕਥਨਾਂ ਦੇ ਉਲਟ ਨਾਮਦੇਵ ਜੀ ਭਗਤੀ ਰਸ ਵਿਚ ਲੀਨ ਹੋ ਕੇ ਇੰਝ ਵੀ ਬਿਆਨ ਕਰਦੇ ਹਨ:-

ਪਾਂਡੇ ਤੁਮਰਾ ਰਾਮਨੰਦੁ ਸੋ ਭੀ ਆਵਤ ਦੇਖਿਆ ਥਾ॥
ਰਾਵਨ ਸੇਤੀ ਸਰਬਰ ਹੋਈ ਘਰ ਕੀ ਜੋਇ ਗਵਾਈ ਥੀ।

ਆਰੰਭਕ ਪੜਾਅ ਉਤੇ ਨਾਮਦੇਵ ਜੀ ਦੀ ਬਾਣੀ ਵਿਚ ਕ੍ਰਿਸ਼ਨ ਭਗਤੀ ਛਾਈ ਹੋਈ ਸੀ। ਇਸ ਸਮੇਂ ਵਿਚ ਭਗਤਾਂ ਤੇ, ਜਗਿਆਸੂਆਂ ਤੇ ਹਸਤੀਆਂ ਦੇ ਕਾਰਜ ਸਵਰੇ ਮੰਨੇ ਜਾਂਦੇ ਹਨ, ਵਿਸ਼ਣੂ ਦੇ ਅਵਤਾਰ, ਕ੍ਰਿਸ਼ਨ ਜੀ ਨੂੰ ਸਹਾਈ ਹੋਇ ਮੰਨਿਆ ਹੈ:-

ਦੇਵਾ ਪਾਹਨ ਤਾਰੀਅਲੈ॥ ਰਾਮ ਕਹਤ ਜਨ ਕਸ ਨ ਤਰੇ॥
ਤਾਰੀਲੇ ਗਨਿਕਾ ਬਿਨੁ ਰੂਪ ਕੁਬਿਜਾ ਬਿਆਧਿ ਅਜਾਮਲੁ ਤਾਰੀਅਲੇ॥
ਚਰਨ ਬਧਿਕ ਜਨ ਤੇਊ ਮੁਕਤਿ ਭਏ ਹਉ ਬਲਿ ਬਲਿ ਜਿਨ ਰਾਮ ਕਹੇ॥
ਦਾਸੀ ਸੁਤ ਜਨੁ ਬਿਦਰੁ ਸੁਦਾਮਾ, ਉਗ੍ਰਸੈਨ ਕਉ ਰਾਜ ਦੀਏ॥
ਜਪੁਹੀਨ ਤਪਹੀਨ ਕੁਲ ਹੀਨ ਕ੍ਰਮਹੀਨ ਨਾਮੇ ਕੇ ਸੁਆਮੀ ਤੇਊ ਤਰੇ॥

ਜੋ ਭਗਤ ਪਹਿਲਾ ਕ੍ਰਿਸ਼ਨ ਜੀ ਦੇ ਉਪਾਸ਼ਕ ਅਤੇ ਰਾਮ ਜੀ ਅਰਾਧਕ ਹੋਏ, ਕੋਈ ਭੀ ਪ੍ਰਾਣੀ ਨਾਮ ਸਾਧਨਾ ਰਾਹੀਂ ਪਰਮਪਦ ਨੂੰ ਪ੍ਰਾਪਤ ਹੋ ਸਕਦਾ ਹੈ, ਪਹਿਲਾਂ ਭਾਵੇਂ ਉਹ ਬੁੱਤ-ਪੂਜ ਹੋਵੇ ਜਾਂ ਅਵਤਾਰ ਪ੍ਰਸਤ ਜਾਂ ਹੋਰ ਦੇਵੀ ਦੇਵਤਿਆਂ ਦਾ ਉਪਾਸ਼ਕ, ਗੁਰਬਾਣੀ ਇਸ ਉਦਾਰਤਾ ਦਾ ਪ੍ਰਮਾਣ ਹੈ:-

ਜਗਤ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ॥
ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ॥

ਨਾਮਦੇਵ ਜੀ ਦਾ ਨਿਮਨ ਲਿਖਤ ਪਦਾ ਅਧਿਆਤਮਕ ਰਹੱਸ ਭਰਿਆ ਹੈ, ਜਿਸ ਵਿਚੋਂ ਉਹਨਾਂ ਦੇ ਨਿਰਗੁਣਵਾਦੀ ਹੋਣ ਦਾ ਝਲਕਾਰਾ ਪ੍ਰਤੱਖ ਨਜ਼ਰ ਆਉਂਦਾ ਹੈ:-

ਪਾਂਡੇ ਤੁਮਰਾ ਰਾਮਚੰਦ ਸੋਭੀ ਆਵਤੁ ਦੇਖਿਆ ਥਾ॥
ਰਾਵਨ ਸੇਤੀ ਸਰਬਰ ਹੋਈ ਘਰ ਕੀ ਜੋਇ ਗਵਾਈ ਥੀ॥
ਹਿੰਦੂ ਅੰਨ੍ਹਾ ਤੁਰਕੂ ਕਾਣਾ॥ ਦੁਹਾਂ ਤੇ ਗਿਆਨੀ ਸਿਆਣਾ॥
ਹਿੰਦੂ ਪੂਜੇ ਦੇਹੁਰਾ ਮੁਸਲਮਾਣ ਮਸੀਤਿ॥
ਨਾਮੇ ਸੋਈ ਸੇਵਿਆ ਜਹ ਦੇਹੁਰਾ ਨਾ ਮਸੀਤਿ॥

ਉਪਰੋਕਤ ਵਿਆਖਿਆ ਇਹ ਸਪਸ਼ਟ ਕਰਦੀ ਹੈ ਕਿ ਨਾਮਦੇਵ ਜੀ ਪਹਿਲਾਂ ਸਰਗੁਣਵਾਦੀ ਸਨ ਤੇ ਬਾਅਦ ਵਿਚ ਗੁਰੂ ਨਾਨਕ ਦੇਵ ਜੀ ਦੇ ਮੇਲ ਤੇ ਗੋਸ਼ਟੀ ਦੇ ਪ੍ਰਭਾਵ ਨਾਲ ਉਹ ਨਿਰਗੁਣਵਾਦੀ ਵਿਚਾਰਧਾਰਾ ਦੇ ਧਾਰਨੀ ਬਣ ਗਏ। ਉਕਤ ਟੂਕਾਂ ਤੋਂ ਇਲਾਵਾ ਉਹਨਾਂ ਦੀ ਬਾਣੀ ਵਿਚ ਹੋਰ ਬੇਅੰਤ ਟੂਕਾਂ ਹਨ ਜੋ ਨਾਮਦੇਵ ਜੀ ਨੂੰ ਸਰਗੁਣ ਤੋਂ ਨਿਰਗੁਣ ਦੇ 'ਦਰਸ਼ਨ’ ਵਿਚ ਪ੍ਰਗਟ ਕਰਦੀਆਂ ਹਨ। ਇਸੇ ਲਈ ਸਨਾਤਨੀ ਖਿਆਲਾਂ ਦੇ ਵੈਸ਼ਨਵ ਪੰਥੀਆਂ ਨੂੰ ਭਗਤਾਂ ਦਾ ਪਹਿਲਾ ਸਰਗੁਣਵਾਦੀ ਹੋਣ ਤੋਂ ਪਿੱਛੋਂ ਨਿਰਗੁਣਵਾਦੀ ਬਣ ਜਾਣਾ ਵਧੇਰੇ ਰੜਕਦਾ ਹੈ। ਨਾਮਦੇਵ ਜੀ ਦਾ ਛੂਤ-ਛਾਤ ਨੂੰ ਮਿਟਾਉਣ ਦਾ ਉਪਰਾਲਾ ਤੇ ਸਮਾਜਿਕ ਬਰਾਬਰੀ ਦਾ ਸਿਧਾਂਤ ਵੀ ਕੁਲੀਨ ਉੱਚ ਜਾਤੀਆਂ ਨੂੰ ਵੀ ਰੜਕਦਾ ਸੀ। ਲੱਗਭੱਗ ਭਗਤੀ ਲਹਿਰ ਦੇ ਸਾਰੇ ਭਗਤਾਂ ਨੇ ਸਮਾਜਿਕ ਬਰਾਬਰੀ ਲਈ ਆਪਣੀ ਆਵਾਜ਼ ਨੂੰ ਬੁਲੰਦ ਕੀਤਾ ਤੇ ਇਸ ਵਿਚ ਪ੍ਰਾਪਤੀ ਵੀ ਪਾਈ।

ਨਾਮਦੇਵ ਜੀ ਦੀ ਆਰੰਭਕ ਬਾਣੀ ਵਿਚ ਜੀਵਨ ਦਾ ਨਿੱਜੀ ਪਿਛੋਕੜ ਹੈ। ਫਿਰ ਜੀਵਨ ਦੇ ਵਿਸ਼ਾਲ ਤਜਰਬੇ ਤੋਂ ਬਾਅਦ ਸਰਗੁਣ ਤੋਂ ਨਿਰਗੁਣ ਤੱਕ ਦੇ ਵਿਕਾਸ ਦੀ ਗਾਥਾ ਹੈ। ਨਾਮਦੇਵ ਜੀ ਦੀ ਬਾਣੀ ਨੂੰ ਅਨੇਕਾਂ ਪੱਖਾਂ ਤੋਂ ਸਮਝਣ ਬਾਅਦ ਪਤਾ ਲੱਗਦਾ ਹੈ ਕਿ ਉਹ ਆਪਣੇ ਇਸ਼ਟ ਦੇਵ ਦੇ ਗੁਣ ਗਾਉਂਦੇ ਹਨ। ਉਹ ਉਸ ਦੀ ਅਰਾਧਨਾ ਤੇ ਪੂਜਾ ਅਰਚਨਾ ਕਰਦੇ ਹਨ।

ਬਿਰਹਾ ਵਿਚ ਆਪਣੇ ਇਸ਼ਟ ਦੇਵ ਲਈ ਤੜਫਦੇ ਹਨ ਤੇ ਉਸ ਲਈ ਆਦਰਸ਼ਕ ਪ੍ਰੀਤ ਹੰਢਾਉਂਦੇ ਹਨ। ਉਹਨਾਂ ਵਿਚ ਸ਼ਰਧਾ ਤੇ ਜਗਿਆਸਾ ਹੈ ਅਤੇ ਆਪਣੇ ਇਸ਼ਟ ਦੇਵ ਲਈ ਵਲਵਲੇ ਦੇ ਦੇਸ਼ ਵਿਚ ਉਡਾਰੀਆਂ ਵੀ ਮਾਰਦੇ ਹਨ। ਪਰ ਉਹਨਾਂ ਨੇ ਪਰਮ ਆਨੰਦ ਦੇ ਗੁੱਝੇ ਭੇਦ ਵੀ ਲੁਕੋ ਕੇ ਨਹੀਂ ਰੱਖੇ। ਉਹ ਅਵਤਾਰਵਾਦ ਦੀ ਬਿਖੜੀ ਘਾਟੀ ਵਿਚੋਂ ਵੀ ਲੰਘੇ। ਉਹਨਾਂ ਨੇ ਠਾਕੁਰ ਪੂਜਾ ਤੋਂ ਲੈ ਕੇ, ਜੋ ਇਕ ਪੱਥਰ ਪੂਜਣ ਦੀ ਭਗਤੀ ਵੀ ਆਰੰਭਕ ਕਿਰਿਆ ਸੀ ਤੇ ਬਾਅਦ ਵਿਚ ਅਵਤਾਰਾਂ ਸ੍ਰੀ ਕ੍ਰਿਸ਼ਨ ਜੀ ਤੇ ਸ੍ਰੀ ਰਾਮਚੰਦਰ ਜੀ ਦੇ ਗੁਣ ਗਾਉਣ ਵਾਲੀ ਭਾਵਨਾ ਨਾਲ ਆਪਣੀ ਆਤਮਾ ਨੂੰ ਤ੍ਰਿਪਤਾਇਆ। ਫਿਰ ਨਿਰਗੁਣਵਾਦੀ ਬਣ ਕੇ ਉਸ ਅਕਾਲ ਪੁਰਖ ਪਾਰ ਬ੍ਰਹਮ ਦੀ ਪ੍ਰਾਪਤੀ ਵੀ ਕੀਤੀ ਤੇ ਇਸਦਾ ਆਨੰਦ ਵੀ ਮਾਣਿਆ। ਸਮੁੱਚੀ ਮਾਨਵਤਾ ਲਈ ਉਹਨਾਂ ਦਾ ਇਹ ਉੱਚਾ ਤੇ ਸੁੱਚਾ 'ਦਰਸ਼ਨ’ ਸਦਾ ਪ੍ਰੇਰਨਾ ਸਰੋਤ ਬਣਿਆ ਰਹੇਗਾ।

# SHRI GURU RAVIDASS TEMPLE

# 1480 HAYNE AVENUE, YUBA CITY, CA 95993



## ਸਤਿਗੁਰੂ ਨਾਮ ਦੇਵ ਮਹਾਰਾਜ ਜੀ ਦਾ ਪ੍ਰਕਾਸ਼ ਪੁਰਬ

## 15, 16, 17 ਨਵੰਬਰ 2019 ਨੂੰ

ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਜੀ ਦੇ ਸਹਿਯੋਗ ਨਾਲ ਧੰਨ ਧੰਨ ਸਤਿਗੁਰੂ ਨਾਮ ਦੇਵ ਮਹਾਰਾਜ ਜੀ ਦਾ ਪ੍ਰਕਾਸ਼ ਪੁਰਬ ਮਿਤੀ 15, 16, 17 ਨਵੰਬਰ ਦਿਨ ਸ਼ੁੱਕਰਵਾਰ, ਸ਼ਨਿਚਰਵਾਰ ਅਤੇ ਐਤਵਾਰ ਨੂੰ ਧੰਨ ਧੰਨ ਸਤਿਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੀ ਪਾਵਨ ਪਵਿੱਤਰ ਛਤਰ ਛਾਇਆ ਹੇਠ ਬੜੀ ਧੂੰਮ ਧਾਮ ਨਾਲ ਮਨਾਇਆ ਜਾ ਰਿਹਾ ਹੈ, ਜਿਸ ਵਿਚ 15 ਨਵੰਬਰ ਦਿਨ ਸ਼ੁੱਕਰਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਆਰੰਭ ਕੀਤੇ ਜਾਣਗੇ, ਜਿਹਨਾਂ ਦੇ ਭੋਗ 17 ਨਵੰਬਰ ਦਿਨ ਐਤਵਾਰ ਨੂੰ ਪਾਏ ਜਾਣਗੇ। ਭੋਗ ਉਪਰੰਤ ਮਹਾਨ ਕੀਰਤਨ ਦਰਬਾਰ ਸਜਾਏ ਜਾਣਗੇ, ਜਿਸ ਵਿਚ ਪੰਥ ਪ੍ਰਸਿੱਧ ਰਾਗੀ, ਢਾਡੀ, ਕਥਾਵਾਚਕ ਹਰਿ ਜੱਸ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ ਜੀ।



**ਇਹਨਾਂ ਸਮਾਗਮਾਂ ਵਿਚ ਜੇ ਕਿਸੇ ਗੁਰਮੁਖ ਪਰਿਵਾਰ ਨੇ ਕੋਈ ਵੀ ਸੇਵਾ ਲੈਣੀ ਹੋਵੇ, ਉਹ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਨਾਲ ਸੰਪਰਕ ਕਰ ਸਕਦੇ ਹਨ ਜੀ।**

ਗੁਰੂ ਘਰ 530 674 2564, ਦਲਵਿੰਦਰ ਰੱਲ੍ਹ (ਪ੍ਰਧਾਨ ਗੁਰੂ ਘਰ) 530 933 3938,
ਸ਼ਿੰਗਾਰਾ ਸਿੰਘ ਰੱਲ੍ਹ (ਜਨਰਲ ਸਕੱਤਰ) 530 713 1823, ਪ੍ਰਸ਼ੋਤਮ ਸੂਦ (ਚੇਅਰਮੈਨ) 530 845 4508,
ਰਾਮ ਸੇਵਕ ਭਾਟੀਆ (ਹੈਡ ਕੈਸ਼ੀਅਰ) 530 682 3612

RE/MAX Gold

Each Office Independently Owned and Operated

ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ

**Dil Nijjar** REALTOR ®
CalBRE # 01418648

Honesty Starts From Here
SELL OR BUY
Residential • Business • Commercial
Lease • Investment Property and Land
Serving in Greater Sacramento area since 2004



**Cell: 916-628-2210**
**Fax: 916-745-3424**
**Office: 916-285-1000**
Email : Dil.Realtor@gmail.com

2081 Arena Blvd # 100 Sacramento, CA 95834

## Chicago's Pizza with a Twist

Call: 1-209-398-2221








Parvinder Dhesi    Kulwant Sandhu

1471 B St., Unit B, Livingston, CA 95334

# ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ



ਸ੍ਰੀ ਗੁਰੂ ਨਾਨਕ ਦੇਵ ਜੀ ਵਿਸ਼ਵ ਦੀਆਂ ਉਨ੍ਹਾਂ ਮਹਾਨ ਸਖਸ਼ੀਅਤਾਂ 'ਚੋਂ ਇੱਕ ਹਨ ਜਿਨ੍ਹਾਂ ਦੀ ਫਿਲਾਸਫੀ/ਵਿਚਾਰਾਂ ਸਦਕਾ ਸਮਾਜ 'ਚ ਯੁੱਗ ਪਲਟਾਊ ਪਰਿਵਰਤਨਾਂ ਨੂੰ ਮਹਿਸੂਸ ਕੀਤਾ ਜਾ ਸਕਦਾ ਹੈ। ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਜਦੋਂ 1469 ਈ. 'ਚ ਪਿਤਾ ਕਲਿਆਣ ਦਾਸ ਜੀ (ਮਹਿਤਾ ਕਾਲੂ) ਦੇ ਘਰ ਮਾਤਾ ਤ੍ਰਿਪਤਾ ਦੇਵੀ ਜੀ ਦੀ ਕੁਖੋਂ ਰਾਇ ਭੋਇ ਦੀ ਤਲਵੰਡੀ (ਨਨਕਾਣਾ ਸਾਹਿਬ ਜੋ ਕੇ ਅੱਜ ਪਾਕਿਸਤਾਨ ਵਿੱਚ ਸਥਿਤ ਹੈ) 'ਚ ਜਨਮ ਲਿਆ ਤਾਂ ਉਸ ਸਮੇਂ ਹਾਕਮਾਂ ਵੱਲੋਂ ਲੋਕਾਂ ਤੇ ਘੋਰ ਅੱਤਿਆਚਾਰ ਕੀਤੇ ਜਾ ਰਹੇ ਸਨ। ਸਮਾਜ ਚਾਰ ਵਰਨਾਂ ਵਿੱਚ ਵੰਡਿਆ ਹੋਇਆ ਸੀ। ਚਾਰੋਂ ਪਾਸੇ ਪਾਪ, ਅਨ੍ਹਿਆ ਦਾ ਬੋਲਬਾਲਾ ਸੀ। ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਸਮਾਜਿਕ, ਰਾਜਨੀਤਿਕ ਅਤੇ ਧਾਰਮਿਕ ਬੁਰਾਈਆਂ ਵਿਰੁੱਧ ਸੰਘਰਸ਼ ਕਰਕੇ ਲੋਕਾਂ ਨੂੰ ਸਿੱਧੇ ਰਾਹ ਪਾਇਆ। ਵਰਨ ਵਿਵਸਥਾ ਦੇ ਕਾਰਨ ਉਸ ਸਮੇਂ ਦੇ ਸਮਾਜ 'ਚ ਸਮਾਨਤਾ, ਸੁਤੰਤਰਤਾ ਆਦਿ ਲੋਕਤੰਤਰੀ ਸਿਧਾਤਾਂ ਦੀ ਕੋਈ ਹੋਂਦ ਨਹੀਂ ਸੀ। ਗੁਰੂ ਨਾਨਕ ਦੇਵ ਜੀ ਨੇ ਵਰਨ ਵਿਵਸਥਾ ਦਾ ਵਿਰੋਧ ਕਰਦੇ ਹੋਏ ਧਰਤੀ ਤੇ ਜਨਮੇ ਹਰੇਕ ਮਨੁੱਖ ਦੇ ਬਰਾਬਰਤਾ ਦੀ ਗੱਲ ਤੇ ਜੋਰ ਦਿੱਤਾ ਇਸ ਤਰ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਭਾਰਤ ਵਿੱਚ ਲੋਕਤੰਤਰੀ ਸਿਧਾਤਾਂ ਦਾ ਜਨਮ ਦਾਤਾ ਕਿਹਾ ਜਾ ਸਕਦਾ ਹੈ। ਇਸੀ ਤਰ੍ਹਾ ਉਸ ਸਮੇਂ ਇਸਤਰੀ ਜਾਤੀ ਦੀ ਹੋ ਰਹੀ ਦੁਰਦਸ਼ਾ ਦੇ ਕਾਰਨ ਆਪ ਜੀ ਨੇ ਕਿਹਾ, ਉਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨੁ"।



ਮੁਹੰਮਦ ਬਸ਼ੀਰ
91-94171-58300

ਸ਼੍ਰੀ ਗੁਰੂ ਨਾਨਕ ਦੇਵ ਜੀ ਬਚਪਨ ਤੋਂ ਹੀ ਤੀਖਣ ਬੁੱਧੀ ਦੇ ਮਾਲਕ ਸਨ ਉਹਨਾਂ ਨੇ ਛੋਟੀ ਉਮਰੇ ਹੀ ਉਸ ਸਮੇਂ ਦੇ ਪ੍ਰਚਲਤ ਖੋਖਲੇ ਸਮਾਜਿਕ ਰੀਤੀ ਰਿਵਾਜਾਂ ਅਤੇ ਕਦਰਾਂ ਕੀਮਤਾਂ ਦੀ ਚੀਰ-ਫਾੜ ਕੀਤੀ ਅਤੇ ਸਮਾਜ ਵਿੱਚ ਪ੍ਰਚਲਤ ਸਮਾਜਿਕ, ਧਾਰਮਿਕ ਕੁਰੀਤੀਆਂ ਨੂੰ ਖਤਮ ਕਰਕੇ ਨਵੇਂ ਆਯਾਮ ਸਥਾਪਤ ਕਰਨ ਦੀ ਠਾਣੀ। ਉਹਨਾਂ ਹਰ ਮਾਮਲੇ 'ਚ ਵਿਵੇਕ ਬੁੱਧੀ ਦੀ ਵਰਤੋਂ ਕਰਦੇ ਹੋਏ ਦਲੀਲ ਨਾਲ ਸੱਚ ਅਤੇ ਝੂਠ ਦਾ ਨਿਰਣਾ ਕੀਤਾ। ਉਹਨਾਂ ਹਿੰਦੂ ਸਮਾਜ ਵਿੱਚ ਆ ਚੁੱਕੀਆਂ ਸਮਾਜਿਕ ਬੁਰਾਈਆਂ ਅਤੇ ਅੰਧ ਵਿਸ਼ਵਾਸਾਂ ਦਾ ਪੂਰੀ ਦਿੜ੍ਹਤਾ ਨਾਲ ਵਿਰੋਧ ਕੀਤਾ। 30 ਸਾਲ ਦੀ ਉਮਰ 'ਚ ਹੀ ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਭਾਰਤ ਦੇ ਕਈ ਪ੍ਰਸਿਧ ਸਥਾਨਾਂ ਸਮੇਤ ਅਫਗਾਨਿਸਤਾਨ, ਸ਼੍ਰੀ ਲੰਕਾਂ, ਚੀਨ, ਬਰਮਾ, ਮਿਸਰ, ਅਰਬ, ਤੁਰਕੀ, ਈਰਾਨ ਆਦਿ ਦੇਸ਼ਾਂ ਵਿਦੇਸ਼ਾਂ ਦੀ ਪੈਦਲ ਯਾਤਰਾ ਕਰਦੇ ਹੋਏ ਸਾਰੇ ਮੱਤਾਂ/ਧਰਮਾਂ ਦਾ ਬਹੁਤ ਹੀ ਡੂੰਘਾਈ ਨਾਲ ਅਧਿਐਨ ਕੀਤਾ। ਸਮੇਂ ਦੇ ਨਾਲ ਇਨ੍ਹਾਂ ਮੱਤਾਂ ਨੂੰ ਮੰਨਣ ਵਾਲਿਆਂ ਵਿਚ ਆ ਚੁੱਕੀਆਂ ਬੁਰਾਈਆਂ ਨੂੰ ਸਿਰੇ ਤੋਂ ਨਕਾਰਦੇ ਹੋਏ ਇੱਕ ਵੱਖਰੇ ਮੱਤ ਦੀ ਸਥਾਪਨਾ ਕੀਤੀ। ਜਿਸ ਮੱਤ ਚ ਸਾਰੇ ਮੱਤਾਂ ਦੇ ਸਰਬੋਤਮ ਸਿਧਾਤਾਂ ਨੂੰ ਲਿਆ ਗਿਆ ਹੈ। ਸ਼੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਸ਼ੁਰੂ ਕੀਤੇ ਮੱਤ ਨੂੰ ਸਿੱਖ ਧਰਮ ਅਤੇ ਇਸ ਧਰਮ ਦੇ ਮੰਨਣ ਵਾਲਿਆਂ ਨੂੰ ਸਿੱਖ ਕਿਹਾ ਜਾਂਦਾ ਹੈ। ਉਹਨਾਂ ਨੇ ਕਿਸੇ ਵੀ ਵਿਅਕਤੀ, ਸੰਗਠਨ, ਸਮਾਜ ਜਾਂ ਕੌਮ ਦੀ ਬਰਬਾਦੀ ਦਾ ਕਾਰਨ ਉਸ ਵਿਅਕਤੀ, ਸੰਗਠਨ, ਸਮਾਜ ਜਾਂ ਕੌਮ ਵਿੱਚ ਚੰਗੇ ਗੁਣਾਂ ਦਾ ਖਾਤਮਾ ਹੋਣ ਨੂੰ ਮੰਨਿਆ ਹੈ। ਉਨ੍ਹਾਂ ਅਨੁਸਾਰ ਇੱਕ ਆਦਰਸ਼ ਮੱਤ ਜਾਂ ਵਿਚਾਰਧਾਰਾ ਦਾ ਨਿਸ਼ਾਨਾ ਆਦਰਸ਼ ਸਮਾਜਿਕ ਜੀਵਨ ਦੀ ਸਥਾਪਨਾ ਹੁੰਦਾ ਹੈ। ਜਿਸ ਨਾਲ ਇੱਕ ਸੱਭਿਆਚਾਰਕ ਜਾਂ ਕਲਿਆਣਕਾਰੀ ਸਮਾਜ ਜਾਂ ਰਾਜ ਦੀ ਸਥਾਪਨਾ ਕੀਤੀ ਜਾ ਸਕੇ। ਸ਼੍ਰੀ ਗੁਰੂ ਨਾਨਕ ਦੇਵ ਜੀ ਇੱਕ ਸਰਬਪੱਖੀ ਸਖਸ਼ੀਅਤ ਦੇ ਮਾਲਕ ਸਨ। ਉਹ ਇਕ ਉੱਚ ਕੋਟੀ ਦੇ ਮਨੋ-ਵਿਗਿਆਨੀ, ਮਹਾਨ ਸਮਾਜ ਸੁਧਾਰਕ, ਲੋਕਾਂ ਤੇ ਅੱਤਿਆਚਾਰਾਂ ਦਾ ਵਿਰੋਧ ਕਰਨ ਵਾਲੇ, ਲੋਕਤੰਤਰੀ ਸਿਧਾਤਾਂ ਦੇ ਜਨਮ ਦਾਤਾ, ਧਾਰਮਿਕ ਨੇਤਾ, ਉੱਘੇ ਵਿਦਵਾਨ, ਇੱਕ ਕ੍ਰਾਂਤੀਕਾਰੀ ਨੇਤਾ, ਵਾਤਾਵਰਨ ਪ੍ਰੇਮੀ ਅਤੇ ਵਿਸ਼ਵਭਾਈਚਾਰੇ ਦੇ ਸਿਧਾਂਤ ਨੂੰ ਮੰਨਣ ਵਾਲੇ ਸਨ। ਸ਼੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਦਰਸਾਈਆਂ ਗਈਆਂ ਜਾਣਕਾਰੀਆਂ ਵੱਖ-ਵੱਖ ਖੇਤਰਾਂ ਦੇ ਖੋਜਕਾਰਾਂ ਲਈ ਅੱਜ ਵੀ ਮਾਰਗਦਰਸ਼ਕ ਬਣੀਆਂ ਹੋਈਆਂ ਹਨ।ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਕਿਹਾ ਸੀ, ਉਪਾਤਾਲਾ ਪਾਤਾਲ ਲਖ ਆਗਾਸਾ ਆਗਾਸ" । ਇਹ ਤੁੱਕ ਦੇ ਅਧਿਐਨ ਤੋਂ ਬਾਅਦ ਕਈ ਵਿਗਿਆਨੀ ਅਨੇਕਾਂ ਪਤਾਲਾਂ ਅਤੇ ਅਸਮਾਨਾਂ ਦੀ ਖੋਜ 'ਚ ਲੱਗੇ ਹੋਏ ਹਨ। ਇਸੀ ਤਰ੍ਹਾਂ ਉਹਨਾਂ ਨੇ ਕਿਹਾ,ਉਕਿਵ ਸਚਿਆਰਾ ਹੋਈਐ" ਭਾਵ ਸੱਚ ਕੀ ਹੈ ਇਸਦੀ ਪ੍ਰਾਪਤੀ ਕਿਵੇਂ ਹੋ ਸਕਦੀ ਹੈ। ਸਚਿਆਰਾ ਭਾਵ ਆਦਰਸ਼ਕ ਮਨੁੱਖ ਕਿਵੇਂ ਬਣਾਇਆ ਜਾ ਸਕਦਾ ਹੈ। ਉਹ ਸਮੁੱਚੇ ਸਮਾਜ ਦੇ ਦਰਦ ਨੂੰ ਅਪਣਾ ਦਰਦ ਮਹਿਸੂਸ ਕਰਦੇ ਸਨ। ਦੀਨ ਦੁਖੀਆਂ ਦੇ ਦਰਦਾਂ ਨੂੰ ਮਹਿਸੂਸ ਕਰਦੇ ਹੋਏ ਹੀ ਉਹ ਥਾਂ ਥਾਂ ਘੁੰਮਦੇ ਰਹੇ। ਉਨ੍ਹਾਂ ਦਾ ਮੁੱਢਲਾ ਧਰਮ ਨਾ ਹਿੰਦੂ ਸੀ ਤੇ ਨਾ ਹੀ ਮੁਸਲਮਾਨ ਸਗੋਂ ਮਨੁੱਖਤਾ ਸੀ। ਉਨ੍ਹਾਂ ਨੇ ਲੋਕਾਂ ਨੂੰ ਕਿਰਤ ਕਰੋ, ਨਾਮ ਜਪੋ, ਵੰਡ ਛਕੋ ਦਾ ਬਹੁਤ ਹੀ ਪ੍ਰਭਾਵਸ਼ਾਲੀ ਨਾਅਰਾ ਦਿੱਤਾ।ਸ਼੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਦਿੱਤੇ ਫਲਸਫੇ ਨੂੰ ਕਦੇ ਵੀ ਕਿਸੇ ਇੱਕ ਧਰਮ ਨਾਲ ਜੋੜਣ ਦਾ ਭਾਵ ਉਨ੍ਹਾਂ ਦੇ ਵਿਚਾਰਾਂ ਦੇ ਘੇਰੇ ਨੂੰ ਸੰਕੀਰਨ ਕਰਨ ਸਮਾਨ ਹੋਵੇਗਾ ਕਿਉਂਕਿ ਮੂਲ ਰੂਪ 'ਚ ਉਨ੍ਹਾਂ ਦੇ ਵਿਚਾਰ ਕਿਸੇ ਮੱਤ ਲਈ ਨਹੀਂ ਸਗੋਂ ਸਮੁੱਚੀ ਮਨੁੱਖਤਾ ਲਈ ਹਨ ਤਾਂ ਕੇ ਸਮੁੱਚੀ ਮਨੁੱਖਤਾ ਦਾ ਕਲਿਆਣ ਹੋ ਸਕੇ। ਗੁਰੂ ਜੀ ਰਾਇ ਬੁਲਾਰ (ਇੱਕ ਭੱਟੀ ਰਾਜਪੂਤ ਮੁਸਲਮਾਨ ਜਿਸ ਦੀ ਸਰਦਾਰੀ 'ਚ ਤਲਵੰਡੀ ਦਾ ਸਾਰਾ ਇਲਾਕਾ ਸੀ) ਨੂੰ ਆਪਣੇ ਪਿਤਾ ਸਮਾਨ ਸਮਝਦੇ ਸਨ। ਉਨ੍ਹਾਂ ਨੇ ਹੀ ਨਨਕਾਣਾ ਸਾਹਿਬ ਦੀ 750 ਮੁਰੱਬੇ ਜਮੀਨ ਗੁਰੂ ਜੀ ਨੂੰ ਭੇਟ ਕਰ ਦਿੱਤੀ ਸੀ। ਗੁਰੂ ਜੀ ਨੇ ਆਪਣੇ ਸਮੁੱਚੇ ਜੀਵਨ 'ਚ ਕਦੇ ਵੀ ਪੂਰਨ ਰੂਪ 'ਚ ਕਿਸੇ ਵੀ ਮੱਤ ਦੀ ਵਿਰੋਧਤਾ ਨਹੀਂ ਕੀਤੀ ਸਗੋਂ ਵੱਖ-ਵੱਖ ਮੱਤਾਂ 'ਚ ਸਮੇਂ ਦੇ ਨਾਲ ਪ੍ਰਵੇਸ਼ ਕੀਤੇ ਕਰਮ-ਕਾਂਡਾ ਅਤੇ ਅੰਧ ਵਿਸ਼ਵਾਸ਼ਾਂ ਦੀ ਵਿਰੋਧਤਾ ਕੀਤੀ ਸੀ। ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ 'ਚ ਕਿਸੇ ਵੀ ਸਥਾਨ ਤੇ ਆਸਤਕ ਨਾਸਤਕ ਦਾ ਬਖੇੜਾ ਖੜ੍ਹਾ ਕਰਨ ਦਾ ਯਤਨ ਨਹੀਂ ਕੀਤਾ ਸਗੋਂ ਕਰਮਾਂ ਦੇ ਆਧਾਰ ਤੇ ਮਨਮੁੱਖ ਅਤੇ ਗੁਰਮੁੱਖ ਮਨੁੱਖ ਦਾ ਜ਼ਿਕਰ ਕੀਤਾ ਹੈ। ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਮਨੁੱਖੀ ਸਮਾਜ 'ਚ ਫੈਲੀ ਧਾਰਮਕ ਕੱਟੜਤਾ, ਵਰਨ ਵੰਡ, ਜਾਤ-ਪਾਤ, ਊਚ-ਨੀਚ, ਮੂਰਤੀ ਪੂਜਾ, ਅੰਧਵਿਸ਼ਵਾਸ਼ਾਂ ਦਾ ਖਾਤਮਾ ਕਰਨ ਲਈ ਇੱਕ ਨਵਾਂ ਨਰੋਆ ਸਰਵ ਸਾਂਝਾ ਹਰ ਪੱਖ ਤੋਂ ਸਮਾਨਤਾ ਦੇ ਸਿਧਾਂਤ ਤੇ ਅਧਾਰਤ, ਭਾਈਚਾਰਕ ਸਾਂਝ, ਪ੍ਰੇਮ ਅਤੇ ਸਦਭਾਵਨਾ ਨਾਲ ਲਬਰੇਜ਼ ਆਦਰਸ਼ ਸਮਾਜ ਸਿਰਜਨ ਦੇ ਨਜਰੀਏ ਨਾਲ ਪੂਰੀ ਦੁਨੀਆਂ ਦਾ ਦੌਰਾ ਕੀਤਾ ਅਤੇ ਥਾਂ-ਥਾਂ ਜਾ ਕੇ ਆਪਣੇ ਮਨੋਰਥ ਨੂੰ ਲੋਕਾਂ ਸਾਹਮਣੇ ਰੱਖਿਆ। ਜਿਸ ਨੂੰ ਲੋਕਾਂ ਦਾ ਭਰਵਾਂ ਹੁੰਗਾਰਾਂ ਮਿਲਿਆ। ਆਮ ਲੋਕਾਂ ਤੋਂ ਇਲਾਵਾ ਕੁਝ ਲੁਟੇਰੀ ਜਮਾਤ ਦੇ ਲੋਕ ਵੀ ਗੁਰੂ ਜੀ ਦੀ ਸਖਸ਼ੀਅਤ ਤੋਂ ਪ੍ਰਭਾਵਤ ਹੋ ਕੇ ਗੁਰੂ ਜੀ ਦੇ ਸਿੱਖ ਬਣ ਗਏ। ਕੁਝ ਨਾ ਸਮਝ ਲੋਕਾਂ ਨੇ ਗੁਰੂ ਜੀ ਦੀ ਸੋਚ ਦੇ ਸੂਰਜ ਨੂੰ ਹਨੇਰੇ ਨਾਲ ਢੱਕਣ ਲਈ ਪੂਰੀ ਵਾਹ ਲਾਈ ਪਰ ਉਨ੍ਹਾਂ ਦੀ ਸੱਚੀ-ਸੁੱਚੀ ਸੋਚ ਦਾ ਸੂਰਜ ਹਨੇਰੇ ਅਤੇ ਧੁੰਦਾਂ ਨੂੰ ਪਾੜਦਾ ਹੋਇਆ ਆਪਣਾ ਚਾਨਣ ਬਖੇਰਦਾ ਰਿਹਾ। ਗੁਰੂ ਜੀ ਇੱਕ ਮਹਾਨ ਸੂਰਬੀਰ ਅਤੇ ਇਨਕਲਾਬੀ ਸਖਸ਼ੀਅਤ ਵੀ ਸਨ। ਉਨ੍ਹਾਂ ਨੇ ਆਪਣੀ ਕਲਮ ਰੂਪੀ ਤਲਵਾਰ ਨਾਲ ਬਾਬਰ ਦੇ ਜੁਲਮਾਂ ਦਾ ਡਟ ਕੇ ਮੁਕਾਬਲਾ ਕੀਤਾ। ਉਨ੍ਹਾਂ ਰਾਜਿਆਂ ਨੂੰ ਖੂੰ-ਖਾਰ ਸ਼ੇਰ ਅਤੇ ਵਜ਼ੀਰਾਂ ਆਦਿ ਨੂੰ ਬਹੁਤ ਹੀ ਦਲੇਰੀ ਨਾਲ ਕੁੱਤੇ ਕਹਿ ਕੇ ਸੰਬੋਧਨ ਕੀਤਾ। ਆਪ ਨੇ ਅਨੇਕਾਂ ਅਹੰਕਾਰੀ ਬ੍ਰਹਾਮਣਾਂ, ਮੌਲਵੀਆਂ, ਅਖੌਤੀ ਸਾਧੂਆਂ ਦਾ ਪਰਦਾ ਫਾਸ ਕੀਤਾ।ਸ਼੍ਰੀ ਗੁਰੂ ਨਾਨਕ ਦੇਵ ਜੀ ਹਮੇਸ਼ਾ

(ਬਾਕੀ ਸਫਾ 22 'ਤੇ)

# ਇਸਲਾਮ ਧਰਮ ਦੇ ਪੈਗੰਬਰ ਮੁਹੰਮਦ ਸਾਹਿਬ (ਸਲ.) ਦੇ ਜਨਮ ਅਤੇ ਜੋਤੀ-ਜੋਤ ਸਮਾਉਣ ਤੇ ਵਿਸ਼ੇਸ਼

ਨਵੰਬਰ 2019 ਦੇ ਮਹੀਨੇ 'ਚ ਵਿਸ਼ਵ ਦੀਆਂ ਦੋ ਮਹਾਨ ਸਖਸੀਅਤਾਂ ਦਾ ਜਨਮ ਦਿਹਾੜਾ ਮਨਾਇਆ ਜਾ ਰਿਹਾ ਹੈ। ਜਿਨ੍ਹਾਂ ਨੇ ਤਤਕਾਲੀ ਸਮਾਜ ਵਿੱਚ ਪ੍ਰਚਲਿਤ ਖੋਖਲੇ ਰੀਤੀ ਰਿਵਾਜਾਂ, ਅੰਧ ਵਿਸਵਾਸ਼ਾਂ, ਮੂਰਤੀ ਪੂਜਾ, ਲੋਕਾਂ ਤੇ ਹੋ ਰਹੇ ਅੱਤਿਆਚਾਰਾਂ ਦਾ ਨਾ ਸਿਰਫ ਡਟ ਕੇ ਵਿਰੋਧ ਕੀਤਾ ਸਗੋਂ ਸਾਂਝੀਵਾਲਤਾ, ਸਮਾਨਤਾ ਤੇ ਆਧਾਰਤ ਸਮਾਜ ਦੀ ਸਿਰਜਨਾ ਕਰਕੇ ਵਿਸ਼ਵ ਸਾਹਮਣੇ ਇੱਕ ਆਦਰਸ਼ ਪੇਸ਼ ਕੀਤਾ। ਇਹ ਦੋ ਸਖਸ਼ੀਅਤਾਂ ਹਨ ਸਿੱਖ ਧਰਮ ਦੇ ਬਾਣੀ ਸ਼੍ਰੀ ਗੁਰੂ ਨਾਨਕ ਦੇਵ ਜੀ ਜਿਨ੍ਹਾਂ ਦਾ 550ਵਾਂ ਜਨਮ ਦਿਵਸ ਪੂਰੇ ਵਿਸ਼ਵ 'ਚ ਬਹੁਤ ਉਤਸ਼ਾਹ ਅਤੇ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ ਅਤੇ ਇਸਲਾਮ ਧਰਮ ਦੇ ਪੈਗੰਬਰ ਮੁਹੰਮਦ ਸਾਹਿਬ (ਸਲ.) ਹਨ। ਇੱਥੇ ਇਹ ਗੱਲ ਵਿਸ਼ੇਸ਼ ਰੂਪ 'ਚ ਧਿਆਨ ਦੇਣ ਵਾਲੀ ਹੈ ਕਿ ਇਨ੍ਹਾਂ ਸਖਸ਼ੀਅਤਾਂ ਦੇ ਜਨਮ ਦਿਹਾੜੇ ਮਨਾਉਣ ਦਾ ਲਾਭ ਤਾਂ ਹੀ ਹੋ ਸਕਦਾ ਹੈ ਜੇਕਰ ਉਨ੍ਹਾਂ ਦੀ ਵਿਚਾਰਧਾਰਾ ਨੂੰ ਅਪਣਾ ਕੇ ਉਹਨਾਂ ਵੱਲੋਂ ਦਰਸਾਏ ਗਏ ਰਾਹ ਤੇ ਚੱਲ ਕੇ, ਉਨ੍ਹਾਂ ਦੇ ਸਿਰਜੇ ਆਦਰਸ਼ ਸਮਾਜ ਦੀ ਸਥਾਪਨਾ ਕਰਨ ਲਈ ਹਰ ਤਰ੍ਹਾਂ ਦੇ ਵੈਰ ਵਿਰੋਧ ਭੁਲਾ ਕੇ ਨੇਕ ਨਿਯਤ ਨਾਲ ਸੁਹਿਰਦ ਹੋ ਕੇ ਯਤਨ ਕੀਤੇ ਜਾਣ।

ਕੁਦਰਤ ਦਾ ਇਹ ਇੱਕ ਅਟੱਲ ਸਿਧਾਂਤ ਹੈ ਕਿ ਧਰਤੀ ਦੇ ਕਿਸੇ ਵੀ ਖੇਤਰ ਤੇ ਜਦੋਂ ਵੀ ਮਜ਼ਲੂਮਾਂ ਤੇ ਜੁਲਮ, ਜਿਆਦਤੀਆਂ, ਅੰਧ ਵਿਸ਼ਵਾਸ਼, ਅੱਤਿਆਚਾਰ, ਆਦਿ ਵੱਧ ਜਾਂਦੇ ਹਨ ਤਾਂ ਰੱਬ ਵੱਲੋਂ ਉਸ ਖੇਤਰ ਤੇ ਕਿਸੇ ਪੈਗੰਬਰ, ਅਵਤਾਰ ਆਦਿ ਨੂੰ ਭੇਜਿਆ ਜਾਂਦਾ ਹੈ ਤਾਂ ਕਿ ਧਰਤੀ ਤੋਂ ਜੁਲਮਾਂ ਦਾ ਖਾਤਮਾ ਕਰਕੇ ਲੋਕਾਂ ਤੇ ਹੁੰਦੇ ਅੱਤਿਆਚਾਰਾਂ ਨੂੰ ਖਤਮ ਕੀਤਾ ਜਾ ਸਕੇ। ਸੰਨ 571 ਈ. ਤੋਂ ਪਹਿਲਾਂ ਅਰਬ ਦੀ ਧਰਤੀ ਤੇ ਰਹਿਣ ਵਾਲੇ ਲੋਕ ਮਨੁੱਖੀ ਰੂਪ ਵਿੱਚ ਜਾਨਵਰ ਹੀ ਸਨ। ਛੋ-ਟੀਆਂ-ਛੋਟੀਆਂ ਗੱਲਾਂ ਤੇ ਕਬੀਲਿਆਂ ਵਿਚਕਾਰ ਸ਼ੁਰੂ ਹੋਈ ਲੜਾਈ ਪੀੜ੍ਹੀ ਦਰ ਪੀੜ੍ਹੀ ਸਦੀਆਂ ਤੱਕ ਚਲਦੀ ਰੱਖਣ ਦੀ ਪਰੰਪਰਾ ਪ੍ਰਚਲਿਤ ਸੀ। ਉਹਨਾਂ ਵਿੱਚ ਸਮਾਜਿਕ ਬੁਰਾਈਆਂ ਜਿਵੇਂ ਕਿ ਜਬਰ ਜ਼ਿਨਾਹ, ਸੂਦਖੋਰੀ, ਕੁੜੀਆਂ ਨੂੰ ਜਨਮ ਸਮੇਂ ਹੀ ਮਾਰ ਦੇਣਾ ਆਦਿ ਆਮ ਪਾਈਆਂ ਜਾਂਦੀਆਂ ਸਨ। ਮਨੁੱਖ ਮਨੁੱਖੀ ਖੂਨ ਤੱਕ ਪੀਣ ਨੂੰ ਬੁਰਾਈ ਨਹੀਂ ਸਮਝਦਾ ਸੀ। ਇਹਨਾਂ ਕਾਰਨਾਂ ਕਰਕੇ ਅਰਬ ਦੇ ਕਬੀਲਿਆਂ/ਲੋਕਾਂ ਤੇ ਕੋਈ ਵੀ ਸਾਸ਼ਕ ਰਾਜ ਕਰਨ ਨੂੰ ਵੀ ਤਿਆਰ ਨਹੀਂ ਸੀ। ਇਸ ਸਥਿਤੀ ਦੇ ਸਨਮੁੱਖ ਰੱਬ ਨੇ ਮੱਕਾ ਸ਼ਹਿਰ ਨੂੰ ਆਬਾਦ ਕਰਨ ਵਾਲੇ ਪੈਗੰਬਰ ਹਜ਼ਰਤ ਇਸਮਾਇਲ (ਅਲੈ.) ਦੀ ਚੱਲੀ ਆ ਰਹੀ ਜੱਦ ਦੇ ਇੱਕ ਕਬੀਲੇ 'ਬਨੀ ਹਾਸ਼ਿਮ' ਵਿੱਚ 20 ਅਪ੍ਰੈਲ 571 ਈ. (ਅਰਬੀ ਕੈਲੰਡਰ ਦੇ ਤੀਜੇ ਮਹੀਨੇ ਰਬੀ-ਉਲ-ਅੱਵਲ ਦੀ 12 ਤਾਰੀਖ ਦਿਨ ਸੋਮਵਾਰ) ਨੂੰ ਸਵ. ਅਬਦੁੱਲਾ (ਇਨ੍ਹਾਂ ਤੇ ਪਿਤਾ ਅਬਦੁੱਲਾ ਦਾ ਦਿਹਾਂਤ ਉਦੋਂ ਹੋ ਗਿਆ ਸੀ ਜਦੋਂ ਉਹ ਆਪਣੀ ਮਾਂ ਦੀ ਕੁੱਖ 'ਚ ਹੀ ਸਨ) ਦੀ ਸੁਪਤਨੀ ਬੀਬੀ ਆਮਨਾ ਦੀ ਕੁੱਖੋਂ ਇੱਕ ਬੱਚੇ ਨੂੰ ਪੈਦਾ ਕੀਤਾ। ਜਿਸ ਦਾ ਨਾਮ ਉਨ੍ਹਾਂ ਦੇ ਚਾਚਾ ਅਬੂ ਤਾਲਿਬ ਨੇ 'ਮੁਹੰਮਦ' ਰੱਖਿਆ। ਇਸ ਬਾਲਕ ਨੂੰ ਹੀ ਵੱਡਾ ਹੋ ਕਿ ਇਸਲਾਮ ਧਰਮ ਦੇ ਆਖਰੀ ਪੈਗੰਬਰ ਹੋਣ ਦਾ ਮਾਨ ਪ੍ਰਾਪਤ ਹੋਇਆ। ਆਪ 2 ਸਾਲ ਦੇ ਸਨ ਜਦੋਂ ਮਾਂ ਦਾ ਸਾਇਆ ਸਿਰ ਤੋਂ ਉੱਠ ਗਿਆ। ਤਦ ਆਪ ਦੀ ਪਰਵਰਿਸ਼ ਦਾ ਜਿੰਮਾ ਆਪ ਦੇ ਦਾਦਾ ਅਬਦੁਲ ਮੁਤਲਿਬ ਨੇ ਸੰਭਾਲਿਆ ਪਰ ਕੁਦਰਤ ਨੂੰ ਕੁਝ ਹੋਰ ਹੀ ਮੰਨਜ਼ੂਰ ਸੀ। ਜਦੋਂ ਆਪ ਦੀ ਉਮਰ 6 ਸਾਲ ਦੀ ਹੋਈ ਤਾਂ ਆਪ ਦੇ ਦਾਦਾ ਜੀ ਵੀ ਰੱਬ ਨੂੰ ਪਿਆਰੇ ਹੋ ਗਏ। ਅੱਗੇ ਆਪ ਜੀ ਦੀ ਪਰਵਰਿਸ਼ ਚਾਚੇ ਅਬੂ ਤਾਲਿਬ ਨੇ ਕੀਤੀ। ਆਪ ਬਚਪਨ ਤੋਂ ਹੀ ਸੱਚ ਬੋਲਣ, ਬਜ਼ੁਰਗਾਂ/ਬੇਸਹਾਰਾ/ਅੰਗਹੀਣਾਂ ਆਦਿ ਦੀ ਸੇਵਾ ਕਰਨ, ਕਿਸੇ ਨੂੰ ਧੋਖਾ ਨਾ ਦੇਣ, ਅਮਾਨਤ ਵਿੱਚ ਖਿਆਨਤ ਨਾ ਕਰਨ ਆਦਿ ਗੁਣਾਂ ਦੇ ਧਾਰਨੀ ਸਨ। ਜਿਸ ਕਰਕੇ ਸਾਰੇ ਮੱਕਾ ਵਾਸੀ ਆਪ ਨੂੰ ਅਮੀਨ (ਅਮਾਨਤਦਾਰ) ਅਤੇ ਸਾਦਿਕ (ਸੱਚ ਬੋਲਣ ਵਾਲਾ) ਮੰਨਦੇ ਸਨ। 20 ਸਾਲ ਦੀ ਉਮਰ ਵਿੱਚ ਆਪ ਵਪਾਰ ਕਰਨ ਦੇ ਮਕਸਦ ਨਾਲ ਸ਼ਾਮ (ਸੀਰੀਆ), ਇਰਾਕ, ਯਮਨ ਆਦਿ ਦੇਸ਼ਾਂ ਵਿੱਚ ਗਏ। ਸੱਚਾਈ, ਇਮਾਨਦਾਰੀ, ਦਿਆਨਤਦਾਰੀ ਨਾਲ ਵਪਾਰ ਕਰਨ ਕਾਰਨ ਆਪ ਪੂਰੇ ਅਰਬ ਵਿੱਚ ਪ੍ਰਸਿਧ ਹੋ ਗਏ। 25 ਸਾਲ ਦੀ ਉਮਰ ਵਿੱਚ ਆਪ ਦਾ ਨਿਕਾਹ ਬੀਬੀ ਖਦੀਜਾ (ਜੋ ਕਿ ਇੱਕ ਵਿਧਵਾ ਔਰਤ ਸੀ) ਨਾਲ ਹੋਇਆ। ਉਸ ਸਮੇਂ ਬੀਬੀ ਖਦੀਜਾ ਦੀ ਉਮਰ 40 ਸਾਲ ਦੀ ਸੀ। ਹਜ਼ਰਤ ਮੁਹੰਮਦ (ਸਲ.) ਅਕਸਰ ਰੱਬ ਦੀ ਭਗਤੀ ਕਰਨ ਅਤੇ ਸਮਾਜ ਵਿੱਚ ਪ੍ਰਚਲਿਤ ਬੁਰਾਈਆਂ ਨੂੰ ਖਤਮ ਕਰਨ ਲਈ ਸੋਚ-ਵਿਚਾਰ ਕਰਨ ਲਈ ਮੱਕੇ ਤੋਂ 3 ਕਿ.ਮੀ. ਦੀ ਦੂਰੀ ਤੇ ਸਥਿਤ ਇੱਕ ਗੁਫਾ (ਜਿਸਦਾ ਨਾਮ ਹਿਰਾ ਹੈ) ਵਿੱਚ ਜਾ ਬੈਠਦੇ ਸਨ। ਇੱਥੇ ਹੀ 40 ਸਾਲ ਦੀ ਉਮਰ ਵਿੱਚ ਰੱਬ ਵੱਲੋਂ ਆਪਣੇ ਫਰਿਸ਼ਤੇ ਜ਼ਿਬਰਾਇਲ (ਅਲੈ.) ਰਾਹੀਂ ਆਪ ਉੱਪਰ ਪਹਿਲੀ ਬਹੀ (ਰੱਬੀ ਸੰਦੇਸ਼) ਨਾਜ਼ਿਲ (ਉਤਾਰੀ ਗਈ) ਕੀਤੀ ਗਈ ਤੇ ਆਪ ਨੂੰ ਪੈਗੰਬਰੇ ਇਸਲਾਮ ਹੋਣ ਦੀ ਖੁਸ਼ਖਬਰੀ ਦਿੱਤੀ ਗਈ। ਇਸ ਸੰਦੇਸ਼ ਦੇ ਪ੍ਰਾਪਤ ਹੋਣ ਤੋਂ ਬਾਅਦ ਆਪ ਜੀ ਨੇ ਨਿਰੰਤਰ 23 ਸਾਲ ਬਹੁਤ ਹੀ ਯੋਜਨਾਪੂਰਨ ਢੰਗ ਨਾਲ, ਅਰਬ ਦੇ ਲੋਕਾਂ ਦੁਆਰਾ ਦਿੱਤੀਆਂ ਪ੍ਰੇਸ਼ਾਨੀਆਂ ਨੂੰ ਸਹਾਰਦੇ ਹੋਏ ਇਸਲਾਮ ਧਰਮ ਨੂੰ ਮੁਕੰਮਲ ਤੌਰ ਤੇ ਲੋਕਾਂ ਤੱਕ ਪਹੁੰਚਾਇਆ ਤੇ ਲੋਕਾਂ ਨੂੰ ਇੱਕ ਰੱਬ ਦੀ ਬੰਦਗੀ ਕਰਨ ਵੱਲ ਪ੍ਰੇਰਿਤ ਕੀਤਾ। ਆਪ ਜੀ ਦੀ ਮਿਹਨਤ ਅਤੇ ਉੱਚੇ ਚਰਿੱਤਰ ਸਦਕਾ ਲੋਕ ਧੜ੍ਹਾ-ਧੜ੍ਹ ਇਸਲਾਮ ਵਿੱਚ ਸ਼ਾਮਿਲ ਹੋਏ ਜਿਸ ਕਰਕੇ ਇਸਲਾਮ ਧਰਮ ਅੱਜ ਦੁਨੀਆਂ ਦਾ ਦੂਜਾ ਸਭ ਤੋਂ ਵੱਡਾ ਧਰਮ ਹੈ। ਆਪ ਜੀ ਦੇ ਪ੍ਰਚਾਰ ਸਦਕਾ ਪਹਿਲੇ ਹੀ ਦਿਨ ਆਪ ਦੇ ਦੋਸਤ ਅਬੂ-ਵਕਰ ਸਿਦੀਕ, ਆਪ ਦੀ ਪਤਨੀ ਬੀਬੀ ਖਦੀਜਾ ਅਤੇ ਉਹਨਾਂ ਦੇ ਚਚੇਰੇ ਭਰਾ ਅਲੀ ਨੂੰ ਇਸਲਾਮ ਵਿੱਚ ਸ਼ਾਮਿਲ ਹੋਣ ਦਾ ਮਾਣ ਪ੍ਰਾਪਤ ਹੋਇਆ।

ਇਸ ਤੋਂ ਬਾਅਦ ਤੌਹੀਦ ਪ੍ਰਸਤਾਂ (ਰੱਬ ਨੂੰ ਇੱਕ ਮੰਨਣ ਵਾਲੇ) ਦੀ ਗਿਣਤੀ ਵੱਧਦੀ ਗਈ। ਜਿਸ ਕਾਰਨ ਮੱਕੇ ਦੇ ਪਰੰਪਰਿਕ ਧਰਮਾਂ ਨੂੰ ਮੰਨਣ ਵਾਲੇ ਲੋਕ ਆਪ ਜੀ ਦੇ ਅਤੇ ਆਪ ਜੀ ਦੇ ਸਾਥੀਆਂ ਦੇ ਦੁਸ਼ਮਣ ਬਣ ਗਏ। ਆਪ ਜੀ ਨੂੰ ਲਗਭਗ 13 ਸਾਲ ਤੱਕ ਹਰ ਹਰਬਿਆਂ ਰਾਹੀਂ ਤੰਗ-ਪ੍ਰੇਸ਼ਾਨ ਕੀਤਾ ਗਿਆ। ਇਥੋਂ ਤੱਕ ਕਿ ਇੱਕ ਦਿਨ ਆਪ ਨੂੰ ਕਤਲ ਕਰਨ ਦੀ ਯੋਜਨਾ ਬਣਾਈ ਗਈ।ਜਿਸ ਕਾਰਨ ਰੱਬ ਦੁਆਰਾ ਬਹੀ ਦੇ ਰਾਹੀਂ ਪ੍ਰਾਪਤ ਹੋਏ ਹੁਕਮ ਅਨੁਸਾਰ ਆਪ ਆਪਣੇ ਸਾਥੀਆਂ ਸਮੇਤ ਮੱਕੇ ਤੋਂ ਹਿਜ਼ਰਤ ਕਰਕੇ ਮਦੀਨੇ ਚਲੇ ਗਏ। ਇਸੀ ਸਾਲ ਤੋਂ ਹਿਜ਼ਰੀ ਸੰਨ ਦਾ ਆਰੰਭ ਹੋਇਆ। ਮਦੀਨੇ ਜਾ ਕੇ ਆਪ ਨੇ ਇਸਲਾਮ ਧਰਮ ਦਾ ਪ੍ਰਚਾਰ ਜੋਰ-ਸ਼ੋਰ ਨਾਲ ਆਰੰਭ ਕਰ ਦਿੱਤਾ। ਜਿਸ ਕਾਰਨ ਇਸਲਾਮ ਧਰਮ ਮਦੀਨੇ ਦੇ ਬਾਹਰਲੇ ਇਲਾਕਿਆਂ ਤੱਕ ਵੀ ਫੈਲਣਾ ਸ਼ੁਰੂ ਹੋ ਗਿਆ। ਜਿਸ ਤੋਂ ਖਫਾ ਹੋ ਕਿ ਮੱਕੇ ਦੇ ਲੋਕਾਂ ਨੇ ਇਸਲਾਮ ਦੇ ਵੱਧਦੇ ਪ੍ਰਭਾਵ ਨੂੰ ਰੋਕਣ ਲਈ ਮਦੀਨੇ ਤੇ ਹਮਲਾ ਕਰਨ ਦੀ ਯੋਜਨਾ ਬਣਾਈ। ਮੁਹੰਮਦ (ਸਲ.) ਨੇ ਵਿਰੋਧੀਆਂ ਨਾਲ ਸਮਝੌਤਾ ਕਰਨ ਅਤੇ ਮੇਲ-ਮਿਲਾਪ ਵਧਾਉਣ ਦਾ ਕਈ ਵਾਰ ਯਤਨ ਕੀਤਾ ਪਰ ਸਫਲ ਨਾ ਹੋਏ। ਅੰਤ ਵਿੱਚ ਆਤਮ ਰੱਖਿਆ ਲਈ ਆਪ ਜੀ ਨੂੰ ਕਈ ਵਾਰ ਯੁੱਧ ਦੇ ਮੈਦਾਨ ਵਿੱਚ ਉੱਤਰਨਾ ਪਿਆ। ਪੈਗੰਬਰੇ ਇਸਲਾਮ ਨੇ ਜੰਗ ਲਈ ਵੀ ਮਾਨਵਤਾ ਪੂਰਨ ਨਿਯਮ ਬਣਾਏ। ਅਸੱਭਿਅਤਾ ਦੇ ਯੁੱਗ ਵਿੱਚ ਵੀ ਮਨੁੱਖੀ ਕਦਰਾਂ-ਕੀਮਤਾਂ ਨੂੰ ਜੰਗ ਦੇ ਮੈਦਾਨ ਵਿੱਚ ਵੀ ਲਾਗੂ ਕਰ ਕੇ ਅਨੋਖੀ ਮਿਸਾਲ ਪੇਸ਼ ਕੀਤੀ। ਆਪ ਨੇ ਆਪਣੇ ਸਾਥੀਆਂ ਨੂੰ ਜੰਗ ਸਬੰਧੀ ਸਖਤ ਨਿਯਮ ਅਪਣਾਉਣ ਦੇ ਆਦੇਸ਼ ਦਿੱਤੇ। ਆਪ ਨੇ ਕਿਹਾ ਕਿ ਯੁੱਧ ਦੇ ਮੈਦਾਨ ਵਿੱਚ ਕਿਸੇ ਲਾਸ਼ ਦੇ ਅੰਗ ਨਾ ਕੱਟੇ ਜਾਣ, ਕਿਸੇ ਨੂੰ ਧੋਖੇ ਜਾਂ ਵਿਸ਼ਵਾਸ਼ਘਾਤ ਨਾਲ ਕਤਲ ਨਾ ਕੀਤਾ ਜਾਵੇ, ਬੱਚੇ/ਬੁੱਢੇ/ਔਰਤਾਂ ਆਦਿ ਨੂੰ ਕਿਸੇ ਵੀ ਤਰ੍ਹਾਂ ਦਾ ਨੁਕਸਾਨ ਨਾ ਪਹੁੰਚਾਇਆ ਜਾਵੇ, ਖਜ਼ੂਰਾਂ ਅਤੇ ਹੋਰ ਫਲਦਾਰ ਦਰਖਤਾਂ ਨੂੰ ਨਾ ਕੱਟਿਆ ਜਾਵੇ ਅਤੇ ਨਾ ਹੀ ਜਲਾਇਆ ਜਾਵੇ, ਸੰਸਾਰ ਤਿਆਗੀ ਪੀਰਾਂ, ਫਕੀਰਾਂ ਅਤੇ ਰੱਬ ਦੀ ਇਬਾਦਤ ਕਰਨ ਵਾਲੇ ਲੋਕਾਂ ਨੂੰ ਤੰਗ ਨਾ ਕੀਤਾ ਜਾਵੇ, ਕਿਸੇ ਵੀ ਧਰਮ ਦੇ ਪੂਜਾ ਸਥਾਨਾਂ ਨੂੰ ਨੁਕਸਾਨ ਨਾ ਪਹੁੰਚਾਇਆ ਜਾਵੇ ਆਦਿ। ਮੁਹੰਮਦ (ਸਲ.) ਨੇ ਹਮੇਸ਼ਾ ਹੀ ਸ਼ਰਨ ਵਿੱਚ ਆਏ ਕੱਟੜ ਤੋਂ ਕੱਟੜ ਦੁਸ਼ਮਣ ਨਾਲ ਵੀ ਚੰਗਾ ਵਿਵਹਾਰ ਕੀਤਾ ਜੋ ਕਿ ਅੱਜ ਦੇ ਸੱਭਿਅਕ ਸਮਾਜ ਵੱਲੋਂ ਵੀ ਦੁਸ਼ਮਣ ਨਾਲ ਨਹੀਂ ਕੀਤਾ ਜਾਂਦਾ।

ਇਥੋਂ ਤੱਕ ਆਪਣੀ ਜਨਮ ਭੂਮੀ ਮੱਕਾ ਨੂੰ ਬਿਨ੍ਹਾਂ ਖੂਨ ਦਾ ਇੱਕ ਵੀ ਕਤਰਾ ਬਹਾਏ ਫਤਿਹ ਕੀਤਾ ਤੇ ਆਪ ਜੀ ਅਤੇ ਆਪ ਜੀ ਦੇ ਸਾਥੀਆਂ ਉੱਪਰ ਜ਼ੁਲਮ ਕਰਨ ਵਾਲੇ ਮੱਕਾ ਵਾਸੀਆਂ ਨੂੰ ਪੂਰਨ ਤੌਰ ਤੇ ਮਾਫ ਕਰ ਦਿੱਤਾ। ਆਪ ਨੇ ਐਲਾਨ ਕੀਤਾ ਕਿ ਐ ਮੱਕਾ ਵਾਸੀਓ ਉ ਅੱਜ ਤੁਹਾਡੇ ਉੱਪਰ ਕੋਈ ਦੋਸ਼ ਨਹੀਂ ਤੇ ਤੁਸੀਂ ਸਾਰੇ ਆਜ਼ਾਦ ਹੋ"।ਆਪ ਜੀ ਦੇ ਇਸ ਤਰ੍ਹਾਂ ਦੇ ਚਰਿੱਤਰ ਨੂੰ ਦੇਖ ਕੇ ਇਸਲਾਮ ਦੇ ਦੁਸ਼ਮਣ ਲਗਭਗ ਸਾਰੇ ਮੱਕਾ ਵਾਸੀ ਇਸਲਾਮ ਦੇ ਪੈਰੋਕਾਰ ਬਣ ਗਏ। ਜਿਹੜਾ ਕੰਮ ਤਲਵਾਰ ਨਾਲ ਨਹੀਂ ਕੀਤਾ ਜਾ ਸਕਦਾ ਉਸ ਨੂੰ ਸੱਚੇ-ਸੁੱਚੇ ਚਰਿੱਤਰ ਨਾਲ ਨੇਪਰੇ ਚੜ੍ਹਾਇਆ।

ਅਸਲ ਅਰਥਾਂ ਵਿੱਚ ਮੁਹੰਮਦ (ਸਲ.) ਨੂੰ ਅੰਤਰ-ਰਾਸ਼ਟਰੀ ਭਾਈਚਾਰਕ ਸਾਂਝ, ਮਨੁੱਖੀ ਸਮਾਨਤਾ, ਲੋਕਤੰਤਰੀ ਸਿਧਾਂਤਾ ਆਦਿ ਨੂੰ ਅਮਲੀ ਰੂਪ ਵਿੱਚ ਲਾਗੂ ਕਰਨ ਵਾਲਾ ਮੰਨਿਆ ਜਾ ਸਕਦਾ ਹੈ। ਇਹਨਾਂ ਸਿਧਾਂਤਾਂ ਨੂੰ ਪੱਛਮੀ ਦੇਸ਼ਾਂ ਨੇ ਬਹੁਤ ਬਾਅਦ ਵਿੱਚ ਅਪਣਾਇਆ ਹੈ। ਇਸਲਾਮ ਦੇ ਇਸੇ ਦ੍ਰਿਸ਼ਟੀਕੋਣ ਬਾਰੇ ਸੁਤੰਤਰ ਭਾਰਤ ਦੀ ਪਹਿਲੀ ਮਹਿਲਾ ਮਾਨਯੋਗ ਰਾਜਪਾਲ ਸਰੋਜਨੀ ਨਾਇਡੂ ਨੇ ਕਿਹਾ ਸੀ ਕਿ ਉ ਇਸਲਾਮ ਹੀ ਪਹਿਲਾ ਧਰਮ ਸੀ ਜਿਸਨੇ ਲੋਕਤੰਤਰ ਦੀ ਸਿੱਖਿਆ ਦਿੱਤੀ ਅਤੇ ਉਸਨੂੰ ਵਿਵਹਾਰਕ ਰੂਪ ਦਿੱਤਾ।ਉਹਨਾਂ ਕਿਹਾ ਕਿ ਇਸਲਾਮ ਧਰਮ ਨੂੰ ਮੰਨਣ ਵਾਲੇ ਦਿਨ ਵਿੱਚ 5 ਵਾਰ ਮਸਜਿਦ 'ਚ ਨਮਾਜ਼ ਪੜ੍ਹਨ ਸਮੇਂ ਬਿਨ੍ਹਾ ਕਿਸੇ ਭੇਦ-ਭਾਵ ਅਮੀਰ-ਗਰੀਬ, ਗੋਰੇ-ਕਾਲੇ ਆਦਿ ਨੂੰ ਭੁਲਾ ਕੇ ਮੋਢੇ ਨਾਲ ਮੋਢਾ ਜੋੜ ਕੇ ਇੱਕ ਲਾਇਨ ਵਿੱਚ ਖੜ੍ਹੇ ਹੁੰਦੇ ਹਨ। ਮੈ ਇਸਲਾਮ ਦੀ ਇਸ ਨਾ ਵੰਡੀ ਜਾਣ ਵਾਲੀ ਏਕਤਾ ਨੂੰ ਦੇਖ ਕੇ ਬਹੁਤ ਪ੍ਰਭਾਵਿਤ ਹੋਈ ਹਾਂ"। ਇਸੀ ਤਰ੍ਹਾਂ ਇਸਲਾਮ ਨੂੰ ਮੰਨਣ ਵਾਲੇ ਹਰ ਸਾਲ ਹੱਜ ਮੌਕੇ ਰੰਗ, ਨਸਲ, ਗੋਰੇ-ਕਾਲੇ ਆਦਿ ਦੇ ਭੇਦ-ਭਾਵ ਤੋਂ ਉੱਪਰ ਉੱਠ ਕੇ ਸਾਰੇ ਦੇਸ਼ਾਂ ਦੇ ਮੁਸਲਮਾਨ ਹੱਜ ਦੇ ਅਹਿਮ ਫਰਜ਼ ਨੂੰ ਪੂਰਾ ਕਰਦੇ ਹਨ ਜੋ ਕਿ ਅੰਤਰ-ਰਾਸ਼ਟਰੀ ਭਰਾਤਰੀ ਭਾਵ ਦਾ ਪ੍ਰਤੀਕ ਹੈ।ਇਸ ਕਰਕੇ ਹੀ ਪੋ. ਹਰਗਰੋਨਜ਼ ਨੇ ਕਿਹਾ ਸੀ ਕਿ ਉ ਪੈਗੰਬਰੇ ਇਸਲਾਮ ਦੁਆਰਾ ਸਥਾਪਤ ਰਾਸ਼ਟਰ ਸੰਘ ਨੇ ਅੰਤਰ-ਰਾਸ਼ਟਰੀ ਏਕਤਾ ਅਤੇ ਮਨੁੱਖੀ ਭਾਈਚਾਰੇ ਦੇ ਨਿਯਮਾਂ ਨੂੰ ਅਜਿਹੇ ਸਰਵਜਨਕ ਪੱਧਰ ਤੇ ਸਥਾਪਤ ਕੀਤਾ ਹੈ ਜੋ ਦੂਸਰੇ ਰਾਸ਼ਟਰਾਂ ਨੂੰ ਰਸਤਾ ਦਿਖਾਉਂਦੇ ਰਹਿਣਗੇ"।ਇਸ ਤਰ੍ਹਾਂ ਆਪ ਦੀ ਸਖਸ਼ੀਅਤ ਅਤੇ ਗੁਣਾਂ ਦੇ ਕਾਰਨ ਆਪ ਦਾ ਨਾਮ ਵਿਸ਼ਵ ਦੇ ਇਤਿਹਾਸ ਨੂੰ ਸਭ ਤੋਂ ਵੱਧ ਪ੍ਰਭਾਵਿਤ ਕਰਨ ਵਾਲੇ ਵਿਅਕਤੀਆਂ ਵਿੱਚ ਸ਼ਾਮਿਲ ਹੈ ।

ਅੱਜ ਵੀ ਉਹਨਾਂ ਵੱਲੋਂ ਬਿਤਾਇਆ ਸੱਚਾ-ਸੁੱਚਾ, ਸਾਦਗੀ ਭਰਪੂਰ, 10 ਲੱਖ ਮੀਲ ਤੋਂ ਵੀ ਵੱਧ ਖੇਤਰ ਦੇ ਰਾਜਨੀਤਿਕ ਅਤੇ ਧਾਰਮਿਕ ਆਗੂ ਹੋਣ ਦੇ ਬਾਵਜੂਦ ਹੱਥੀ ਕੀਰਤ ਕਰਕੇ ਖਾਣ ਵਾਲੇ, ਉੱਚ ਸੈਨਾ ਨਾਇਕ, ਸਮਾਜ ਸੁਧਾਰਕ, ਅਮਾਨਤਦਾਰੀ ਨਾਲ ਵਪਾਰ ਕਰਨ ਵਾਲੇ, ਅਸੱਭਿਅਕ ਲੋਕਾਂ ਨੂੰ ਸੱਭਿਅਕ ਬਣਾਉਣ ਵਾਲੇ, ਦੀਨ-ਦੁਖੀਆਂ ਦੀ ਸੇਵਾ ਕਰਨ ਵਾਲਾ ਆਦਰਸ਼ਕ ਜੀਵਨ ਲੋਕਾਂ ਲਈ ਰਾਹ ਦਰਸਾਉ ਹੈ। ਅੱਜ ਵਿਸ਼ਵ ਵਿੱਚ ਫੈਲੇ ਭ੍ਰਿਸ਼ਟਾਚਾਰ, ਨਸਲਕੁਸ਼ੀ, ਮਨੁੱਖੀ ਕਦਰਾਂ-ਕੀਮਤਾਂ ਵਿੱਚ ਗਿਰਾਵਟ, ਕਾਲੇ ਧਨ ਆਦਿ ਦੀ ਸਮੱਸਿਆ ਨੂੰ ਆਪ ਦੁਆਰਾ ਅਮਲੀ ਰੂਪ ਵਿੱਚ ਅਪਣਾਏ ਸਿਧਾਂਤਾ ਨਾਲ ਖਤਮ ਕੀਤਾ ਜਾ ਸਕਦਾ ਹੈ।

ਸੰਨ 10 ਹਿਜਰੀ ਨੂੰ ਆਪ ਨੇ ਆਪਣੇ 125000 ਸਹਾਬਾ (ਸਾਥੀਆਂ) ਨਾਲ ਆਪਣੀ ਜਿੰਦਗੀ ਦਾ ਆਖਰੀ ਹੱਜ ਕੀਤਾ। ਇਸ ਮੌਕੇ ਆਪ ਨੇ ਆਪਣੇ ਸਾਥੀਆਂ ਨੂੰ ਖੁਤਬੇ (ਭਾਸ਼ਣ) ਰਾਹੀਂ ਕੁਝ ਸੰਦੇਸ਼ ਦਿੱਤੇ ਜਿਨ੍ਹਾਂ ਵਿੱਚੋਂ ਕੁਝ ਇਸ ਪ੍ਰਕਾਰ ਸਨ;- ਉਮੁਸਲਮਾਨੋਂ ਤੁਸੀਂ ਸਾਰੇ ਆਦਮ ਦੀ ਔਲਾਦ ਹੋ ਅਤੇ ਆਦਮ ਮਿੱਟੀ ਵਿੱਚੋਂ ਪੈਦਾ ਕੀਤਾ ਗਿਆ ਸੀ। ਤੁਹਾਡੇ ਲਈ ਇੱਕ ਦੂਜੇ ਦਾ ਖੂਨ ਵਹਾਉਣਾ, ਇੱਕ ਦੂਸਰੇ ਦਾ ਮਾਲ ਹੜੱਪਣਾ, ਇੱਕ ਦੂਸਰੇ ਦੀ ਇੱਜ਼ਤ ਨਾਲ ਖੇਡਣਾ ਹਰਾਮ ਹੈ"।

ਇਸ ਹੱਜ ਤੋਂ ਬਾਅਦ ਆਪ ਮਦੀਨੇ ਵਾਪਸ ਚਲੇ ਗਏ ਅਤੇ ਕੁਝ ਸਮੇਂ ਬਾਅਦ ਬੁਖਾਰ ਕਾਰਨ ਰਬੀ-ਉਲ-ਅੱਵਲ ਦੀ 12 ਤਾਰੀਖ ਦਿਨ ਸੋਮਵਾਰ ਨੂੰ ਆਪ ਇਸ ਦੁਨੀਆਂ ਤੋਂ 63 ਸਾਲ ਦੀ ਉਮਰ ਵਿੱਚ ਕਿਨਾਰਾ ਕਰ ਗਏ।ਇੱਥੇ ਇਹ ਗੱਲ ਵਿਸ਼ੇਸ਼ ਰੂਪ ਵਿਚ ਧਿਆਨ ਦੇਣ ਯੋਗ ਹੈ ਕਿ ਮੁਹੰਮਦ (ਸਲ.) ਦਾ ਜਨਮ ਅਤੇ ਵਫਾਤ ਭਾਵ ਮੌਤ ਦਾ ਦਿਨ ਮਹੀਨਾ ਇੱਕੋ ਹੀ ਹੈ।ਰਬੀ-ਉਲ-ਅੱਵਲ ਦੀ 12 ਤਾਰੀਖ ਦਿਨ ਸੋਮਵਾਰ ਨੂੰ ਹੀ ਜਨਮ ਤੇ ਇਸੀ ਦਿਨ ਅਤੇ ਮਹੀਨੇ ਵਿੱਚ ਵਫਾਤ ਭਾਵ ਮੌਤ ਦਾ ਦਿਨ ਹੈ।

– ਮੁਹੰਮਦ ਬਸ਼ੀਰ

### ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ’ਤੇ

# ਇੱਕ ਲਾਂਘਾ ਤਾਂ ਖੁੱਲ੍ਹ ਗਿਆ, ਬਾਕੀ ਵੀ ਹੁਣ ਖੋਲ ਦਿਓ

## ਅਜੋਕਾ ਸਿੱਖ ਪੰਥ ਗਰੀਬ ਸਿੱਖਾਂ ਦੀ ਕਦ ਫੜ੍ਹੇਗਾ ਬਾਂਹ

**ਸੰਤੋਖ ਸਿੰਘ ਜੱਸੀ**
(ਪੰਜਾਬ ਸਰਕਾਰ ਤੋਂ ਸਨਮਾਨਿਤ ਸਰਪੰਚ)
91-70876-19800

ਸ਼੍ਰੀ ਗੁਰੂ ਨਾਨਕ ਦੇਵ ਜੀ ਨੇ 1469ਈਸਵੀਂ ਨੂੰ ਪੰਜਾਬ ਦੀ ਧਰਤੀ ’ਤੇ ਜਨਮ ਲਿਆ। ਕਰੀਬ 7ਸਾਲ ਦੀ ਉਮਰ ’ਚ ਉਹਨਾਂ ਦੇ ਪਿਤਾ ਮਹਿਤਾ ਕਾਲੂ ਪਟਵਾਰੀ ਅਤੇ ਮਾਤਾ ਤ੍ਰਿਪਤਾ ਨੇ ਉਹਨਾਂ ਨੂੰ ਪੰਡਿਤਾਂ ਤੇ ਮੌਲਵੀਆ ਪਾਸੋਂ ਸਿੱਖਿਆ ਦਵਾਈ। ਪਰ ਗੁਰੂ ਸਾਹਿਬ ਉਸ ਵੇਲੇ ਦੀ ਨਿਜ਼ਾਮ ਤੋਂ ਨਿਰਾਸ਼ ਸਨ ਜਿਸ ਕਾਰਨ ਉਹਨਾਂ ਦਾ ਧਿਆਨ ਦੁਨੀਆਂ ਪ੍ਰਸਤੀ ਪ੍ਰਤੀ ਘੱਟਣ ਲੱਗਾ। ਉਹਨਾਂ ਇਸ ਸਿਸਟਮ ਦੇ ਖਿਲਾਫ਼ ਆਵਾਜ਼ ਉਠਾਉਣੀ ਸ਼ੁਰੂ ਕਰ ਦਿੱਤੀ। ਚੱਲ ਰਹੀਆਂ ਮਾਨਤਾਵਾਂ, ਵਰਗ ਵੰਡ, ਜਾਤ ਪਾਤ, ਊਚ ਨੀਚ ਦੇ ਪਾੜੇ ਖ਼ਿਲਾਫ਼ ਉਹਨਾਂ ਲੋਕਾਂ ਨੂੰ ਇੱਕ ਪ੍ਰਮਾਤਮਾਂ, ਸਭ ਨੂੰ ਬਰਾਬਰ ਤੇ ਸਾਂਝੀਵਾਲਤਾ ਦਾ ਉਪਦੇਸ਼ ਆਪਣੇ ਗਿਆਨ,ਤਰਕ,ਦਲੀਲਾਂ ਨਾਲ ਦਿੱਤਾ। ਗੁਰੂ ਸਾਹਿਬ ਨੇ ਆਪਣੀ ਜ਼ਿੰਦਗੀ ਵਿੱਚ ਕਰੀਬ 25 ਹਜ਼ਾਰ ਕਿਲੋਮੀਟਰ ਪੈਦਲ ਯਾਤਰਾ ਭਾਰਤ ਤੋਂ ਇਲਾਵਾ ਵੱਖ ਵੱਖ ਦੇਸ਼ਾਂ ਦੀ ਕੀਤੀ ਜਿਹਨਾਂ ਨੂੰ ਅੱਜ ਸਿੱਖ ਜਗਤ ਵਿੱਚ ਚਾਰ ਉਦਾਸੀਆਂ ਵਜੋਂ ਸਤਿਕਾਰਿਆਂ ਜਾਂਦਾ ਹੈ।

ਬੇਸ਼ਕ ਉਹ ਸਮੇਂ ਦੇ ਹਿੰਦੂ ਧਰਮ ’ਚ ਪੈਦਾ ਹੋਏ ਪਰ ਉਹਨਾਂ ਝੂਠੇ ਕਰਮਕਾਂਡਾ ਅੰਧਵਿਸ਼ਵਾਸ਼ਾਂ ਨੂੰ ਤਿਲਾਂਜ਼ਲੀ ਦਿੰਦੇ ਹੋਏ ਨਵੀਂ ਸੋਚ ਵਾਲੇ ਸਿੱਖ ਧਰਮ ਦਾ ਆਗਾਜ਼ ਕੀਤਾ। ਇਸ ਤਰ੍ਹਾਂ ਉਹ ਸਿੱਖਾਂ ਦੇ ਪਹਿਲੇ ਗੁਰੂ ਬਣੇ। ਅੱਜ ਉਹਨਾਂ ਨੂੰ ਜਗਤ ਗੁਰੂ ਵਜੋਂ ਮਾਨਤਾ ਪ੍ਰਾਪਤ ਹੈ। ਗੁਰੂ ਨਾਨਕ ਸਾਹਿਬ ਵਲੋਂ ਸ਼੍ਰੀ ਗੁਰੂ ਗਰੰਥ ਸਾਹਿਬ ਵਿੱਚ ਅੱਜ 1430 ਅੰਗ ਵਿੱਚ ਉਹਨਾਂ ਦੇ ਖੁਦ ਦੀ ਬਾਣੀ 974ਸ਼ਾਇਰਾਨਾ ਅੰਦਾਜ਼ ਵਿੱਚ ਦਰਜ਼ ਹੈ। ਇਸ ਗਰੰਥ ਸਾਹਿਬ ਵਿੱਚ 13 ਭਸ਼ਾਵਾਂ ਵਿੱਚ 6 ਗੁਰੂ ਸਾਹਿਬਾਨ,15ਭਗਤਾਂ, 11ਭੱਟਾਂ ਅਤੇ ਤਿੰਨ ਸੰਤਾਂ ਦੀ ਬਾਣੀ ਦਰਜ਼ ਹੈ। ਅੱਜ ਗੁਰੂ ਸਾਹਿਬ ਨੂੰ ਦੁਨੀਆਂ ਬਾਬਾ ਨਾਨਕ, ਬਾਬਾ ਗੁਰੂ ਨਾਨਕ, ਨਾਨਕ ਵੀਰ, ਨਾਨਕ ਬਲੀ, ਹਿੰਦ ਦਾ ਪੀਰ, ਨਾਨਕ ਰਿਸ਼ੀ,ਰੱਬ ਦਾ ਵਜ਼ੀਰ ਕਹਿ ਕੇ ਵੀ ਯਾਦ ਕਰਦੇ ਹਨ। ਗੁਰੂ ਸਾਹਿਬ ਨੇ ਨਾਮ ਜੱਪੋ, ਕਿਰਤ ਕਰੋ, ਵੰਡ ਛੱਕੋ ਦੇ ਸੰਕਲਪ ਨੂੰ ਅਮਲ ਵਿੱਚ ਲਿਆਂਦਾ। ਇਸੇ ਮਿਸ਼ਨ ਨੂੰ ਅੱਗੇ ਨੌਂ ਪਾਤਸ਼ਾਹੀਆਂ ਨੇ ਜਾਰੀ ਰੱਖਿਆ। ਆਖ਼ਿਰ 14ਅਪਰੈਲ 1699 ਨੂੰ ਸ਼੍ਰੀ ਆਨੰਦਪੁਰ ਸਾਹਿਬ ਦੀ ਧਰਤੀ ’ਤੇ ਖਾਲਸ਼ਾ ਪੰਥ ਦੀ ਸਥਾਪਨਾ ਪੰਜ ਪਿਆਰਿਆਂ ਰਾਹੀਂ ਕੀਤੀ ਗਈ ਅਤੇ ਹਮੇਸ਼ਾਂ ਹਮੇਸ਼ਾਂ ਲਈ ਸਿੱਖ ਪੰਥ ’ਚੋਂ ਜਾਤ ਪਾਤ ਖ਼ਤਮ ਕਰਨ ਦਾ ਬਿਗਲ ਵਜਾ ਦਿੱਤਾ।

ਅੱਜ ਪੰਜਾਬ ਸਮੇਤ ਭਾਰਤ ਦੇ ਵੱਖ ਵੱਖ ਥਾਵਾਂ 'ਤੇ 35ਹਜ਼ਾਰ ਦੇ ਕਰੀਬ ਗੁਰਦੁਆਰੇ ਦੁਨੀਆਂ ਦੇ 40 ਤੋਂ ਵੱਧ ਦੇਸ਼ਾਂ ਵਿੱਚ 1800ਗੁਰਦੁਆਰਿਆਂ ਵਿੱਚ ਸਵੇਰੇ ਸ਼ਾਮ ਬਾਣੀ ਪੜ੍ਹੀ ਸੁਣੀ ਜਾਂਦੀ ਹੈ ਅਤੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਜਾਂਦੀ ਹੈ। ਅਰਦਾਸ ਵਿੱਚ ਦੇਸ਼ ਦੀ ਵੰਡ ਸਮੇਂ ਪੰਥ ਤੋਂ ਵਿਛੋੜੇ ਗਏ ਗੁਰਧਾਮਾਂ ਦੇ ਖੁੱਲ੍ਹੇ ਦਰਸ਼ਨੇ ਦਿਦਾਰੇ ਦੀ ਕਾਮਨਾ ਕੀਤੀ ਜਾਦੀ ਹੈ। ਕਹਿੰਦੇ ਨੇ ਕਿ ਜੇ ਅਰਦਾਸ ਸੱਚੇ ਦਿੱਲੋਂ ਕੀਤੀ ਜਾਵੇ ਤਾਂ ਇੱਕ ਨਾ ਇੱਕ ਦਿਨ ਉਹ ਪੂਰੀ ਹੋ ਜਾਂਦੀ ਹੈ। ਹੁਣ ਪਾਕਿਸਤਾਨ ਸਥਿਤ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਨ ਲਈ ਲਾਂਘਾ ਖੋਲ੍ਹ ਦਿੱਤਾ ਹੈ ਅਤੇ ਉਮੀਦ ਕੀਤੀ ਜਾਂਦੀ ਹੈ ਕਿ ਬਾਕੀ ਗੁਰਧਾਮਾਂ ਦੇ ਵੀ ਦਰਸ਼ਨ ਨਾਨਕ ਲੇਵਾ ਸੰਗਤ ਛੇਤੀ ਹੀ ਕਰ ਸਕੇਗੀ ਕਿਉਕਿ ਇਸ ਨੂੰ ਦੁਨੀਆਂ ਵਿੱਚ ਵਸਦੇ 15ਕਰੋੜ ਪੰਜਾਬੀ ਆਪਣੇ ਵਿਰਸੇ ਨਾਲ ਜੁੜਣਾ ਚਾਹੁੰਦੇ ਹਨ। ਇਸ ਕਰਕੇ ਸਮੁੱਚੇ ਸੰਸਾਰ ਵਿੱਚ ਵੱਸਦੇ ਸਿੱਖ ਇਹਨਾਂ ਗੁਰਧਾਂਮਾ ਦੇ ਦਰਸ਼ਨ ਕਰਨ ਲਈ ਖੁਸ਼ੀ ਅਤੇ ਸਤੁੰਸ਼ਟੀ ਮਹਿਸੂਸ ਕਰ ਰਹੇ ਹਨ। ਇਸ ਸਮੇਂ ਦੁਨੀਆਂ ਕਰੀਬ 15ਕਰੋੜ ਲੋਕ ਪੰਜਾਬੀ ਬੋਲਦੇ ਹਨ ਅਤੇ ਪੰਜਾਬੀ ਦੁਨੀਆਂ ਦੀ ਦਸਵੀਂ ਭਾਸ਼ਾ ਬਣ ਚੁੱਕੀ ਹੈ। ਅੱਜ ਸਿੱਖ ਧਰਮ ਵਿਦੇਸ਼ਾਂ ਵਿੱਚ ਖਾਸ ਕਰਕੇ ਗੋਰੇ ਲੋਕਾਂ ਵਿੱਚ ਵੀ ਪ੍ਰਵਾਨ ਸਿਰੇ ਚੜ੍ਹ ਰਿਹਾ ਹੈ। ਅਮਰੀਕਾ ਦੇ ਵਾਇਟ ਹਾਊਸ, ਇੰਗਲੈਂਡ ਦੇ ਬਰਮਿੰਘਮ ਪੈਲੇਸ, ਕੈਨੇਡਾ ਦੀ ਪਾਰਲੀਮੈਂਟ ਅਤੇ ਹੋਰ ਅਨੇਕਾਂ ਦੇਸ਼ਾਂ ਵਿੱਚ ਸਿੱਖ ਧਰਮ ਨੂੰ ਮਾਨਤਾ ਪ੍ਰਦਾਨ ਕੀਤੀ ਹੋਈ ਹੈ। ਭਾਰਤ ਦੀ ਸੁਪਰੀਮ ਕੋਰਟ ਨੇ ਗੁਰੂ ਗਰੰਥ ਸਾਹਿਬ ਨੂੰ ਜਿੱਥੇ ਸਿੱਖ ਧਰਮ ਦਾ ਧਾਰਮਿਕ ਗਰੰਥ ਮੰਨਿਆ ਹੈ ਉਥੇ ਗੁਰੂ ਗਰੰਥ ਸਾਹਿਬ ਵਿੱਚ ਦਰਜ਼ ਬਾਣੀ ਨੂੰ ਜਿਉਂਦੇ ਗੁਰੂ ਵਜੋਂ ਮਾਨਤਾ ਦਿੱਤੀ ਗਈ ਹੈ। ਦੁਨੀਆਂ ਭਰ ਵਿੱਚ ਵਸਦੇ ਨਿਸ਼ਕਾਮ ਸੇਵਕ ਜਿੱਥੇ ਬਿਨ੍ਹਾਂ ਕਿਸੇ ਭੇਦ ਭਾਵ ਤੋਂ ਬਿਨ੍ਹਾਂ ਹਰ ਪੀੜ੍ਹਤਾਂ, ਤੂਫ਼ਾਨ ਪੀੜ੍ਹਤਾਂ, ਜੰਗਾਂ ਤੋਂ ਪ੍ਰਭਾਵਿਤ ਲੋਕਾਂ ਅਤੇ ਹੋਰ ਅਨੇਕਾਂ ਕਿਸਮਾਂ ਦੀਆਂ ਸੇਵਾਵਾਂ ਦੇਸ਼ ਵਿਦੇਸ਼ ਨੂੰ ਦੇਣ ਕਰਕੇ ਭਾਈ ਘਨਈਏ ਵਾਲੀ ਸੋਚ ਨੂੰ ਪ੍ਰਫੱਲਤ ਕਰ ਰਹੇ ਹਨ। ਬਾਬੇ ਨਾਨਕ ਵਲੋਂ ਲੰਗਰ ਦੀ ਸੇਵਾ ਅੱਜ ਸਾਰੀ ਦੁਨੀਆਂ ਵਿੱਚ ਸਾਰੀ ਦੁਨੀਆਂ ’ਚ ਸਲਾਹੀ ਜਾਂਦੀ ਹੈ।

ਸਿੱਖਾਂ ਦੀ ਮਿੰਨੀ ਪਾਰਲੀਮੈਂਟੀ ਕਰਕੇ ਜਾਣੀ ਜਾਂਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅਮ੍ਰਿੰਤਸਰ ਸਾਹਿਬ ਦੁਆਰਾ ਹਰ ਸਾਲ ਅਰਬਾਂ ਰੁਪਏ ਦਾ ਬਜਟ ਤਿਆਰ ਕੀਤਾ ਜਾਂਦਾ ਹੈ ਜਿਸ ਤਹਿਤ ਗੁਰਦੁਆਰਿਆਂ ਦੀ ਸਾਂਭ ਸੰਭਾਲ, ਪ੍ਰਚਾਰ ਪ੍ਰਸਾਰ, ਸਕੂਲਾਂ ਕਾਲਜਾਂ ਅਤੇ ਹਸਪਤਾਲਾਂ ਅਤੇ ਮੈਡੀਕਲ ਕਾਲਜਾਂ ’ਤੇ ਖਰਚਿਆ ਜਾਂਦਾ ਹੈ। ਪਰ ਇਹ ਪ੍ਰਬੰਧ ਮੌਜੂਦਾ ਸਮੇਂ ਫ਼ੈਲੀਆਂ ਸਮਾਜਿਕ,ਧਾਰਮਿਕ, ਰਾਜਨੀਤਿਕ ਬੁਰਾਈਆਂ ਤੇ ਲੋੜਾਂ ਤੋਂ ਬਹੁਤ ਦੂਰ ਹੈ। ਜਿਹੜੀ ਜਾਤ ਪਾਤ ਗੁਰੂ ਸਹਿਬਾਨਾਂ ਨੇ ਖ਼ਤਮ ਕਰਨ ਲਈ ਸਿੱਖਾਂ ਨੂੰ ਉਪਦੇਸ਼ ਦਿੱਤਾ ਸੀ ਗਰੀਬ ਸਿੱਖਾਂ ਅਤੇ ਦਲਿਤਾਂ ਦੇ ਵਿਹੜਿਆਂ ਵਿੱਚ ਅਜੇ ਵੀ ਵਿਤਕਰੇਬਾਜੀ ਹੈ। ਗੁਰੂ ਸਹਿਬਾਨ ਨੇ ਆਪਣੀ ਬਾਣੀ ਵਿੱਚ ਕਿਹਾ ਕਿ

ਨੀਚਾਂ ਅੰਦਰਿ ਨੀਚ ਜਾਤ
ਨੀਚੀ ਹੂੰ ਅਤਿ ਨੀਚ
ਨਾਨਕ ਤਿਨ ਕੇ ਸਗਿ ਸਾਥ
ਵੱਡਿਆਂ ਸਿਉਂ ਕਿਆ ਰੀਸ
ਜਿੱਥੋਂ ਨੀਚ ਸੰਮਾਲਿਅਨ
ਤਿੱਥੈ ਨਦਰਿ ਤੇਰੀ ਬਖਸ਼ੀਸ਼ (ਗੁਰੂ ਨਾਨਕ ਦੇਵ ਜੀ)
ਜਿਨ ਕਿਉਂ ਪਾਤਸ਼ਾਹੀ ਨਾ ਭਈ ਕਦਾਹੀ
ਇੰਨ ਗਰੀਬ ਸਿੱਖਨ ਕੋ ਦੇਓ ਪਾਤਸਾਹੀ,
ਇਨਹੀ ਕੀ ਕ੍ਰਿਪਾ ਸੇ ਸਜੇ ਹਮ ਹੈਂ
ਨਹੀਂ ਤੋਂ ਸਉ ਗਰੀਬ ਕਰੋਰ ਪਰੇ ਹੈਂ
ਮਾਨਸ ਕੀ ਜਾਤਿ ਸਭੈ ਏਕੋ ਪਹਿਚਾਨਬੋ
ਅਤੇ
ਗੁਰੂ ਦੀ ਗੋਲਕ ਗਰੀਬ ਦਾ ਮੂੰਹ

ਪਰ ਬਦਕਿਸਮਤੀ ਸਾਡੀ ਇਹ ਹੈ ਕਿ ਅਸੀਂ ਪੰਜਾਬ, ਭਾਰਤ ਵਿੱਚ ਹੀ ਨਹੀਂ ਜਾਤ ਵਿੱਚ ਜਕੜੇ ਹੋਏ ਸਗੋਂ ਵਿਦੇਸ਼ਾਂ ਵਿੱਚ ਵੀ ਜਾਤ ਪਾਤ ਨੂੰ ਖ਼ਤਮ ਨਹੀਂ ਕਰ ਸਕੇ। ਇਕੱਲੇ ਇੰਗਲੈਂਡ ਦੇ ਸਲੋਹ ਰੋਡ 'ਤੇ ਵੱਖ ਵੱਖ ਭਾਈਚਾਰਿਆਂ ਨੇ ਸੱਤ ਗੁਰਦੁਆਰੇ ਉਸਾਰੇ ਹੋਏ ਹਨ। ਇੱਥੋਂ ਤੱਕ ਕਿ ਹੁਣ ਕੈਨੇਡਾ ਦੀਆਂ ਮਾਰਕੀਟਾਂ ਦੇ ਨਾਮ ਵੀ ਗੋਤਾਂ ’ਤੇ ਰੱਖਣ ਦੀਆਂ ਖ਼ਬਰਾਂ ਨਸਰ ਹੋ ਰਹੀਆਂ ਹਨ। ਪਿਛਲੇ ਕਰੀਬ ਪੰਜ ਹਜ਼ਾਰ ਸਾਲਾਂ ’ਚ ਸਮਾਜ ’ਚੋਂ ਛੇਕੇ ਗਏ ਲੋਕਾਂ ਦੇ 20ਵੀਂ,21ਵੀਂ ਸਦੀ ਦੇ ਮਹਾਨ ਆਗੂ ਅਤੇ ਗਰੀਬ ਸਿੱਖ ਦੇ ਘਰ ਜਨਮ ਲੈਣ ਵਾਲੇ ਇੱਕ ਆਗੂ ਨੇ ਕਿਹਾ ਕਿ ਭਾਰਤੀ ਸਭ ਕੁਝ ਵਿਦੇਸ਼ਾਂ ਵਿੱਚ ਛੱਡ ਸਕਦੇ ਹਨ ਪਰ ਉਹ ਕਦੇ ਭੁੱਲ ਕੇ ਵੀ ਜਾਤ ਪਾਤ ਨਹੀਂ ਭੁੱਲਦੇ ਜਿਸ ਦੀ ਵਜਾ ਕਾਰਨ ਭਾਰਤ ਪੱਛੜਿਆ ਹੋਇਆ ਹੈ। ਪੰਜਾਬ ਦੀ ਧਰਤੀ ਤੋਂ ਅੱਜ ਦੇ ਪੀੜ੍ਹੀ ਦਰ ਪੀੜ੍ਹੀ ਸੀਰੀ ਪ੍ਰਥਾ ਕਈ ਥਾਂਵਾ ’ਤੇ ਚੱਲ ਰਹੀ ਹੈ। ਗਰੀਬ ਸਿੱਖਾਂ ਦੇ ਵਿਹੜਿਆਂ ’ਚ ਅੱਜ ਵੀ ਰੋਟੀ ਕੱਪੜਾ ਅਤੇ ਮਕਾਨ ਦੇਣ ਦੀਆਂ ਸਮੱਸਿਆਵਾਂ ਹਨ। ਉਹ ਪੜ੍ਹਾਈ ਲਿਖਾਈ ਕਰਕੇ ਅੱਗੇ ਵੱਧਣਾ ਚਾਹੁੰਦੇ ਹਨ ਪਰ ਹਰ ਪਾਸੇ ਪੈਸਾ ਮੂੰਹ ਅੱਡੀ ਖੜ੍ਹਾ ਹੈ। ਸਿਹਤ ਸਹੂਲਤਾਂ ਮਾੜੀਆਂ ਹੋਣ ਕਾਰਨ ਸਹੀ ਇਲਾਜ ਨਹੀਂ ਹੋ ਰਿਹਾ। ਜਿਸ ਕਾਰਨ ਅੱਜ ਡੇਰੇ ਬੁਰੀ ਤਰ੍ਹਾਂ ਵੱਧ ਫੁੱਲ ਰਹੇ ਹਨ ਜਿੱਥੇ ਗਰੀਬ ਲੋਕਾਂ ਨੂੰ ਡੇਰੇਦਾਰ ਅਨੇਕਾਂ ਤਰ੍ਹਾਂ ਦੀਆਂ ਸਹੂਲਤਾਂ ਪ੍ਰਦਾਨ ਕਰਦੇ ਹਨ ਅਤੇ ਉਹਨਾਂ ਦੀ ਹਰ ਖੇਤਰ ਵਿੱਚ ਮੱਦਦ ਲਈ ਤੱਤਪਰ ਰਹਿੰਦੇ ਹਨ। ਭਾਵੇਂ ਕਿ ਇਹਨਾਂ ਡੇਰਿਆਂ ’ਚ ਬਹੁਤ ਕੁਝ ਗਲਤ ਵਾਪਰ ਰਿਹਾ ਹੈ ਪਰ ਕੋਈ ਰਾਹ ਦਸੇਰਾ ਉਹਨਾਂ ਨੂੰ ਗੁਰੂ ਲੜ੍ਹ ਲਾਵੇਗਾ? ਲੋਕ ਜਾਣ ਤਾਂ ਕਿੱਥੇ। ਇਹ ਸਵਾਲ ਅੱਜ ਸਮੂਹਿਕ ਵਿਵਸਥਾ ਲਈ ਵੱਡੀ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਪੰਥ ਦੇ ਵੱਡੇ ਆਗੂਆਂ ਪ੍ਰਚਾਰਕਾਂ ਲਈ ਇਹ ਆਤਮ ਮੰਥਨ ਦਾ ਵਿਸ਼ਾ ਹੈ। ਜੇਕਰ ਇਹ ਅਸਮਾਨਤਾਵਾਂ ਸਮਾਜ ਵਿੱਚੋਂ ਖ਼ਤਮ ਕਰਕੇ ਸਭ ਨੂੰ ਬਰਾਬਰਤਾ ਲਿਆਉਣ ਲਈ ਸਮੂਹ ਯਤਨ ਕੀਤੇ ਜਾਣ ਤਾਂ ਪੰਜਾਬ ਦੁਨੀਆਂ ਦਾ ਇੱਕ ਬਹਤਰੀਨ ਖਿੱਤਾ ਬਣ ਸਕਦਾ ਹੈ। ਸਾਇਦ ਇਹੀ ਸੋਚ ਸਾਡੇ ਗੁਰੂ ਸਹਿਬਾਨਾ ਨੇ ਸਾਨੂੰ ਦਿੱਤੀ ਸੀ ਪਰ ਅਸੀਂ ਅਮਲ ਨਹੀਂ ਕਰ ਸਕੇ। ਅਸਲ ਵਿੱਚ ਸਾਡੀ ਸਮੱਸਿਆ ਇਹ ਹੈ ਕਿ ਅਸੀਂ ਗੁਰੂ ਸਹਿਬਾਨ ਅਤੇ ਸ੍ਰੀ ਗੁਰੂ ਗਰੰਥ ਸਾਹਿਬ ਨੂੰ ਹਿੱਕ ਦੇ ਜ਼ੋਰ ਨਾਲ ਆਪਣਾ ਤਾਂ ਕਹਿੰਦੇ ਹਾਂ ਪਰ ਉਹਨਾਂ ਦੇ ਦਿੱਤੇ ਉਪਦੇਸ਼ਾਂ ਨੂੰ ਅਮਲ ਵਿੱਚ ਲਿਆਉਣ ਲਈ ਜਮੀਨੀ ਪੱਧਰ ’ਤੇ ਸਾਰਥਿਕ ਨਤੀਜੇ ਕੱਢਣ ਪੱਖੋਂ ਮਨਫ਼ੀ ਹਨ। ਬਾਬਾ ਨਾਨਕ ਸੋਨੇ ਦੀਆਂ ਪਲਕੀਆਂ ਤੋਂ ਕਦੇ ਖੁਸ਼ ਨਹੀਂ ਹੋ ਸਕਦੇ ਉਹ ਤਾਂ ਗਰੀਬ ਦੇ ਘਰ ਕੋਦਰੇ ਦੀ ਰੋਟੀ ਖਾ ਕੇ ਪ੍ਰਸੰਨ ਹੁੰਦੇ ਸਨ।



ਇੱਕ ਹੋਰ ਵੱਡੀ ਚੁਣੌਤੀ ਜੋ ਸਾਨੂੰ ਸ਼ਰਮਸਾਰ ਕਰ ਰਹੀ ਹੈ ਉਹ ਹੈ ਗਲੀ ਗਲੀ ਘਰ ਘਰ ਵਿੱਚ ਪਹੁੰਚ ਚੁਕੇ ਨਸ਼ੇ। ਸਰਕਾਰਾਂ ਵਲੋਂ ਪੜ੍ਹੇ ਲਿਖੇ ਲੋਕਾਂ ਲਈ ਕੋਈ ਕਾਰਗਰ ਯੋਜਨਾ ਨਾ ਹੋਣ ਕਾਰਨ ਨੌਜ਼ਵਾਨ ਪੀੜ੍ਹੀ ਅਤੇ ਉਹਨਾਂ ਦੇ ਮਾਪੇ ਨਿਰਾਸ਼ ਅਤੇ ਹਿਤਾਸ਼ ਹਨ। ਇਸ ਤੋਂ ਵੀ ਭੈੜੀ ਗੱਲ, ਲੜਕੀਆਂ/ਔਰਤਾਂ ਨਸ਼ਿਆਂ ਦਾ ਸੇਵਨ ਕਰਨ ਲੱਗੀਆਂ ਹਨ। ਕਿਸਾਨ ਮਜ਼ਦੂਰ ਖੁਦਕਸ਼ੀਆਂ ਦੀਆਂ ਰਾਹਾਂ 'ਤੇ ਹਨ। ਅਨੇਕਾਂ ਭੈੜੀਆਂ ਅਲਾਮਤਾਂ ਵਿੱਚ ਗੁਲਤਾਨ ਹੋਣ ਕਾਰਨ ਇੱਕ ਵਾਰ ਸਿੱਖ ਪੰਥ ਦੇ ਪ੍ਰਸਿੱਧ ਪ੍ਰਚਾਰਕ ਭਾਈ ਹਰਦੇਵ ਸਿੰਘ ਲੋਲੋ ਨੇ ਕਿਹਾ ਸੀ ਕਿ ਇੱਕ ਸਿੱਖ ਜਦੋਂ ਸ਼ਰਾਬ ਦੇ ਠੇਕੇ 'ਤੇ ਨਜ਼ਰ ਆਉਂਦਾ ਹੈ ਤੇ ਜੇ ਕਿੱਤੇ ਗੁਰੂ ਗੋਬਿੰਦ ਸਿੰਘ ਆਪਣੇ ਗੁਰੂ ਦੇ ਸਿੱਖ ਨੂੰ ਦੇਖ ਲੈਣ ਕਿ ਸਿੱਖ ਮੇਰਾ ਕਿੰਨੀ ਸੋਹਣੀ ਥਾਂ ’ਤੇ ਖੜ੍ਹਾ ਹੈ ਇਹਨਾਂ ਸਾਰੀਆਂ ਬੁਰਾਈਆਂ ਨੂੰ ਖ਼ਤਮ ਕਰਨ ਲਈ ਵੱਡੇ ਤੇ ਸਖ਼ਤ ਫੈਸਲੇ ਲੈਣ ਦੀ ਲੋੜ ਹੈ।

- ਸਾਨੂੰ ਗੁਰੂ ਸਾਹਿਬ ਦੇ 550ਸਾਲਾ ’ਤੇ ਇਹ ਪ੍ਰਣ ਲੈਣਾ ਚਾਹੀਦਾ ਹੈ ਕਿ ਜੋ ਜਾਤ ਸਿੱਖ ਧਰਮ ’ਚੋਂ ਖ਼ਤਮ ਕੀਤੀ ਜਾ ਚੁਕੀ ਹੈ ਜੇ ਕੋਈ ਜਾਤ ਪਾਤ ਅੱਗੇ ਰੱਖ ਕੇ ਭਿੰਨ ਭੇਤ ਕਰਦਾ ਹੈ ਤਾਂ ਇਹ ਫ਼ੈਸਲਾ ਲਿਆ ਜਾਣਾ ਚਾਹੀਦਾ ਹੈ ਕਿ ਉਸ ਦਾ ਸਮਾਜਿਕ ਬਾਈਕਾਟ ਹੋਣਾ ਚਾਹੀਦਾ ਹੈ।
- ਇਹ ਆਦੇਸ਼ ਅਕਾਲ ਤਖ਼ਤ ਤੋਂ ਸਮੁੱਚੀਆਂ ਸਿੱਖ ਸੰਸਥਾਵਾਂ ਲਈ ਹੋਣਾ ਚਾਹੀਦਾ ਹੈ ਕਿ ਜਿਹੜੇ ਲੋੜਵੰਦ/ਗਰੀਬ ਲੋਕ ਰੋਟੀ ਕੱਪੜਾ ਤੇ ਮਕਾਨ ਤੋਂ ਵਾਂਝੇ ਹਨ, ਪੜ੍ਹਾਈ ਲਿਖਾਈ ਤੋਂ ਆਰਥਿਕ ਮੰਦਹਾਲੀ ਕਾਰਨ ਦੂਜਿਆਂ ਨੂੰ ਪੜ੍ਹਾਈ/ਉਚੇਰੀ ਪੜ੍ਹਾਈ, ਵੱਖ ਵੱਖ ਬਿਮਾਰੀਆਂ ਦੇ ਸ਼ਿਕਾਰ ਹੋਏ ਲੋਕ ਅਤੇ ਵੱਖ ਵੱਖ ਕਾਰਨਾ ਕਰਕੇ ਜੋ ਲੋਕ ਤਰਾਸਦੀਆਂ ਦੇ ਸ਼ਿਕਾਰ ਹਨ ਉਹਨਾਂ ਦੀ ਮੱਦਦ ਲਈ ਸਕੂਲਾਂ/ਕਾਲਜਾਂ/ਹਸਪਤਾਲਾਂ ਵਿੱਚ ਬਹੁਤ ਕੁਝ ਮੁਫ਼ਤ ਕੀਤਾ ਜਾ ਸਕਦਾ ਹੈ। ਇਸ ਲਈ ਸ਼੍ਰੋਮਣੀ ਕਮੇਟੀ ਆਪਣੇ ਬਜਟ ਵਿੱਚ ਆਮ ਲੋਕ ਕਲਿਆਣ ਲਈ ਬਜਟ ਵਿੱਚ ਵਿਵਸਥਾ ਕਰੇ ਅਤੇ ਇਹ ਵੀ ਕੀਤਾ ਜਾ ਸਕਦਾ ਹੈ ਕਿ ਗੁਰਦੁਆਰਿਆਂ ਦੇ ਬਾਹਰ ਇਹਨਾਂ ਕਮਜ਼ੋਰ,ਲੋੜਵੰਦ, ਗਰੀਬ ਲੋਕਾਂ ਲਈ ਵੱਖਰੀਆਂ ਗੋਲਕਾਂ ਰੱਖੀਆਂ ਜਾ ਸਕਦੀਆਂ ਹਨ।
- ਹਰ ਗੁਰੂ ਘਰ ਵਿੱਚ ਝੂਠੇ ਮੂਠੇ ਅਡੰਬਰ ਅਤੇ ਬ੍ਰਹਮਣੀ ਕਰਮਕਾਂਡ ਬੰਦ ਕੀਤੇ ਜਾਣ ਕਿਉਂਕਿ ਇਹ ਸਿੱਖ ਧਰਮ ਦੇ ਬਿਲਕੁਲ ਖਿਲਾਫ਼ ਹਨ। ਜਿਸ ਘਰ ਵਿੱਚ ਵੀ ਗੁਰੂ ਗਰੰਥ ਸਾਹਿਬ ਦਾ ਪ੍ਰਕਾਸ਼ ਹੋਵੇ ਉਥੇ ਪਰਿਵਾਰ ਦਾ ਬਾਣੀ ਨੂੰ ਸੁਣਨਾ ਲਾਜ਼ਮੀ ਵੀ ਕੀਤਾ ਜਾਵੇ।
- ਧਾਰਮਿਕ ਕੱਟਤਾ ਨੂੰ ਦੂਰ ਕਰਕੇ ਭਾਈ ਲਾਲੋ ਤੇ ਭਾਈ ਮਰਦਾਨਾ ਦੇ ਵਾਰਸਾਂ ਨੂੰ ਹਿੱਕ ਨਾਲ ਲਾ ਕੇ ਅਪਣੱਤ ਜਿਤਾਉਣ ਅਤੇ ਭਾਈਚਾਰਰ ਰਿਸ਼ਤਾ ਨਿਭਾਉਣ ਦੀ ਲੋੜ ਹੈ।
- ਹਰ ਪਿੰਡ ਸ਼ਹਿਰ, ਮਹੁੱਲੇ ਅਤੇ ਹਰ ਘਰ ਤੱਕ ਗੁਰੂ ਸਾਹਿਬਾ ਦਾ ਜੀਵਨ ਮਿਸ਼ਨ,ਵਿਚਾਰਧਾਰਾ ਤੇ ਸਿੱਖਿਆਵਾਂ ਪਹੁੰਚਾਉਣ ਲਈ ਸੋਸ਼ਲ ਮੀਡੀਆ, ਛੋਟੀਆਂ ਬੁੱਕਲਟਾ ਆਦਿ ਮੁਫ਼ਤ ਪ੍ਰਦਾਨ ਕੀਤੀਆਂ ਜਾਣੀਆਂ ਚਾਹੀਦੀਆਂ ਹਨ।
- ਗੁਰੂ ਸਾਹਿਬ ਦਾ ਪ੍ਰਕਾਸ਼ ਦਿਹਾੜਾ ਇਕੱਠੇ ਗੁਰਦੁਆਰਿਆਂ ’ਚ ਨਾ ਹੋ ਕੇ ਸਾਂਝੀਆਂ ਥਾਵਾਂ, ਧਰਮਸ਼ਾਲਾ, ਪੰਚਾਇਤ ਘਰਾਂ, ਕਮਿਊਨਿਟੀ ਕੇਂਦਰਾਂ ਵਿੱਚ ਮਨਾਇਆ ਜਾਣਾ ਚਾਹੀਦਾ ਹੈ ਕਿਉਂਕਿ ਹਰ ਗਰੀਬ ਸਿੱਖ ਹਰ ਖੁਸ਼ੀ ਵਿੱਚ ਇਹਨਾਂ ਥਾਵਾਂ ’ਤੇ ਗੁਰੂ ਸਾਹਿਬ ਦਾ ਓਟ ਆਸਰਾ ਲੈਂਦਾ ਹੈ।


ਆਓ, ਸਾਰੇ ਰਲ ਮਿਲ ਕੇ ਖਾਸ ਕਰੇ ਸਿੱਖਾਂ ਦੀਆਂ ਵੱਡੀਆਂ ਸੰਸਥਾਵਾਂ ਦੇ ਆਗੂ ਗੁਰੂ ਸਾਹਿਬ ਨੂੰ ਹਾਜ਼ਰ ਨਾਜ਼ਰ ਜਾਣ ਕੇ ਪ੍ਰਣ ਕਰੀਏ ਕਿ ਅਸੀਂ ਹਮੇਸ਼ਾਂ ਸਰਬੱਤ ਦੇ ਭਲੇ ਵਾਲੀ ਵਿਚਾਰਧਾਰਾ ਨੂੰ ਹਰ ਵਿਅਕਤੀ ਤੱਕ ਪਹੁੰਚਾਉਣ ਦਾ ਯਤਨ ਕਰਾਂਗੇ ਤਾਂ ਜੋ ਸਮਾਜ ਸੁਧਾਰ ਹੋ ਸਕੇ। ਅਤੇ ਦੇਸ਼ ਵਿੱਚ ਸਮਤਾ, ਸਮਾਨਤਾ ਅਤੇ ਭਾਈਚਾਰੇ ਦਾ ਵਾਸ ਹੋ ਸਕੇ।

# ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ

(ਸਫਾ 19 ਦੀ ਬਾਕੀ)

ਅਹਿੰਸਾਂ ਦੇ ਪੱਖ 'ਚ ਰਹੇ ਸਨ ਤੇ ਹਿੰਸਾ ਦਾ ਵਿਰੋਧ 'ਚ ਖੜਦੇ ਸਨ ਪਰ ਉਨ੍ਹਾਂ ਦਾ ਵਿਚਾਰ ਸੀ ਕਿ ਅਹਿੰਸਾਂ ਦੀ ਰਾਖੀ ਲਈ ਹਿੰਸਾਂ ਦੀ ਵਰਤੋਂ ਕਰਨਾ ਪਾਪ ਨਹੀਂ ਹੁੰਦਾ। ਅੰਤ ਇਹ ਮਹਾਨ ਰੂਹ 1539 ਈਂ 'ਚ ਦੁਨੀਆਂ ਤੋਂ ਰੁਖਸਤ ਹੋ ਗਈ। ਇਸ ਮਹਾਨ ਰੂਹ ਦੇ ਵਿਛੜਣ ਤੋਂ ਬਾਅਦ ਅੱਜ ਫਿਰ ਮਨੁੱਖਤਾ ਦੇ ਕਰਮ ਬਹੁਤ ਹੇਠਲੇ ਦਰਜੇ ਤੇ ਆ ਗਏ ਹਨ। ਇਸ ਕਾਰਨ ਹੀ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਸਮੇਂ ਦਾ ਭਾਰਤੀ ਸਮਾਜ, ਅਜੋਕੇ ਭਾਰਤੀ ਸਮਾਜ ਨਾਲੋਂ ਕੋਈ ਬਹੁਤਾ ਵੱਖਰਾ ਨਜ਼ਰ ਨਹੀਂ ਆ ਰਿਹਾ। ਅੱਜ ਦਾ ਸਮਾਜ ਵੀ ਉਸ ਸਮੇਂ ਦੇ ਸਮਾਜ ਦੀ ਤਰ੍ਹਾਂ ਧਰਮਾਂ, ਜਾਤਾਂ, ਗੋਤਾਂ ਆਦਿ ਵਿੱਚ ਵੰਡਿਆਂ ਹੋਇਆ ਸਪੱਸ਼ਟ ਰੂਪ 'ਚ ਦਿਖਾਈ ਦੇ ਰਿਹਾ ਹੈ। ਅੱਜ ਵੀ ਉਸ ਸਮੇਂ ਦੇ ਬਾਦਸ਼ਾਹਾਂ ਦੀ ਤਰ੍ਹਾਂ ਹੀ ਘੱਟ ਗਿਣਤੀਆਂ ਅਤੇ ਮਜ਼ਲੂਮਾਂ ਲਚਾਰਾ ਤੇ ਰਾਜਨੀਤਿਕ ਸ਼ਕਤੀ ਪ੍ਰਾਪਤ ਲੋਕਾਂ ਦੁਆਰਾ ਸੱਤਾ ਦੇ ਨਸ਼ੇ 'ਚ ਜ਼ੁਲਮ ਕੀਤੇ ਜਾ ਰਹੇ ਹਨ। ਇਸ ਤਰ੍ਹਾਂ ਦੀ ਅਵਸਥਾ ਦੇਖ ਕੇ ਹੀ ਗੁਰੂ ਜੀ ਨੇ ਰੱਬ ਨਾਲ ਗਿਲ੍ਹਾ ਕਰਦੇ ਹੋਏ ਕਿਹਾ ਸੀ, ਉਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ”। ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਮੂਰਤੀ ਪੂਜਾ ਨੂੰ ਸਿਰੇ ਤੋਂ ਨਕਾਰਿਆ ਸੀ ਪਰ ਅਫਸੋਸ ਅੱਜ ਸਿੱਖ ਧਰਮ ਨੂੰ ਮੰਨਣ ਵਾਲੇ ਭਾਵ ਗੁਰੂ ਦੇ ਸਿੱਖਾਂ ਦੀ ਬਹੁ-ਗਿਣਤੀ ਜਾਣੇ-ਅਨਜਾਣੇ 'ਚ ਹੌਲੀ ਹੌਲੀ ਮੂਰਤੀ ਪੂਜਾ ਅਤੇ ਹੋਰ ਕਰਮ ਕਾਂਡਾ ਵੱਲ ਅੱਗੇ ਵੱਧ ਰਹੀ ਹੈ। ਜੋ ਕਿ ਸਿੱਖੀ ਪਰੰਪਰਵਾਂ ਦੇ ਬਿਲਕੁੱਲ ਉਲਟ ਹੈ।

ਭਾਵੇਂ ਕਿ ਅੱਜ ਪੂਰੇ ਵਿਸ਼ਵ 'ਚ ਵਸਦੇ ਸਿੱਖਾਂ ਵੱਲੋਂ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਦੇ 550 ਸਾਲ ਪੂਰੇ ਹੋਣ ਤੇ 550 ਸਾਲਾਂ ਮਨਾਉਣ ਦੀਆਂ ਤਿਆਰੀਆਂ ਪੂਰੇ ਜੋਰਾਂ ਨਾਲ ਕੀਤੀਆਂ ਜਾ ਰਹੀਆਂ ਹਨ। ਪਰ ਅਫਸੋਸ ਜਿਸ ਸਮਾਜ ਦੀ ਸਿਰਜਨਾ ਕਰਨ 'ਚ ਉਨ੍ਹਾਂ ਆਪਣੀ ਸਮੁੱਚੀ ਜਿੰਦਗੀ ਮਨੁੱਖਤਾ ਲਈ ਅਰਪਣ ਕਰ ਦਿੱਤੀ ਸੀ। ਉਸ ਸਮਾਜ ਤੋਂ ਅਜੋਕਾ ਸਿੱਖ ਕੋਹਾ ਦੂਰ ਜਾਂਦਾ ਜਾਪ ਰਿਹਾ। ਜਿਸ ਨੂੰ ਚੰਗਾਂ ਸੰਕੇਤ ਨਹੀਂ ਮੰਨਿਆ ਜਾ ਸਕਦਾ। ਸੋ ਲੋੜ ਅੱਜ ਇਸ ਗੱਲ ਦੀ ਹੈ ਕਿ ਸੰਸਾਰ ਦੇ ਕਿਸੇ ਵੀ ਕੋਨੇ 'ਚ ਵਸਦਾ ਕੋਈ ਵੀ ਲੋਕ ਪੱਖੀ ਵਿਅਕਤੀ, ਸਮੂਹ ਜਾਂ ਸੰਗਠਨ, ਸਮਾਜ ਜਾਂ ਦੇਸ਼ ਇਸ ਮਹਾਨ ਮਾਨਵਤਾਵਾਦੀ, ਇਨਕਲਾਬੀ ਮਹਾਂ-ਪੁਰਸ਼ ਪ੍ਰਤੀ ਸੱਚੇ ਮਨੋਂ ਆਪਣੀ ਸ਼ਰਧਾ ਜਾਂ ਸਤਿਕਾਰ ਦਾ ਇਜ਼ਹਾਰ ਕਰਨਾ ਚਾਹੁੰਦਾ ਹੈ ਤਾਂ ਜਰੂਰੀ ਹੈ ਕਿ ਉਨ੍ਹਾਂ ਵੱਲੋਂ ਦਰਸਾਏ ਰਾਹ ਦਾ ਪਾਂਧੀ ਬਣੇ। ਭ੍ਰਿਸ਼ਟਾਚਾਰੀ ਹਾਕਮਾਂ ਅਤੇ ਧਾਰਮਿਕ ਅਦਾਰਿਆਂ 'ਚ ਭੋਲੀ-ਭਾਲੀ ਜਨਤਾ ਨੂੰ ਅੰਧ ਵਿਸ਼ਵਾਸ਼ਾਂ ਵਿੱਚ ਫਸਾ ਕੇ ਉਨ੍ਹਾਂ ਦੀ ਕਿਰਤ ਕਮਾਈ ਨੂੰ ਠੱਗਣ ਵਾਲੇ ਲੋਕਾਂ ਦਾ ਵਿਰੋਧ ਕੀਤਾ ਜਾਵੇ।ਸ਼੍ਰੀ ਗੁਰੂ ਨਾਨਕ ਦੇਵ ਜੀ ਦਾ 550 ਸਾਲਾ ਜਨਮ ਮਨਾਉਣਾ ਤਾਂ ਹੀ ਸਾਰਥਕ ਹੋਵੇਗਾ ਜੇ ਅਸੀਂ ਭਾਈ ਲਾਲੋ ਵਰਗੇ ਲੋਕਾਂ ਦਾ ਸਾਥ ਦੇਵਾਗੇ ਅਤੇ ਮਲਿਕ ਭਾਗੋ ਵਰਗੇ ਲੋਕਾਂ ਦੇ ਨਿਜ਼ਾਮ ਨੂੰ ਜੜ੍ਹ ਤੋਂ ਉਖਾੜਣ ਲਈ ਮੋਢੇ ਨਾਲ ਮੋਢਾ ਲਾ ਕੇ ਅੱਗੇ ਵਧਾਗੇ। ਇੱਥੇ ਮੈ ਇਹ ਗੱਲ ਜਰੂਰ ਕਹਾਂਗਾ ਕਿ 550ਵਾਂ ਪ੍ਰਕਾਸ਼ ਪੁਰਬ ਮਨਾਉਣ ਲਈ ਸਭ ਨੂੰ ਜਾਤ, ਧਰਮ, ਰਾਜਨੀਤਿਕ ਅਤੇ ਨਿੱਜੀ ਹਿੱਤਾਂ, ਵੋਟ ਰਾਜਨੀਤੀ ਤੋਂ ਉੱਪਰ ਉੱਠ ਕੇ ਸਾਂਝੇ ਰੂਪ 'ਚ ਯਤਨ ਕਰਨੇ ਚਾਹੀਦੇ ਹਨ ਤਾਂ ਕਿ ਗੁਰੂ ਜੀ ਦੀ ਵਿਚਾਰਧਾਰਾ ਨੂੰ ਸਮੁੱਚੀ ਦੁਨੀਆਂ ਤੱਕ ਪਹੁੰਚਾਇਆ ਜਾ ਸਕੇ।




ਸਾਖੀਓਂ ਨੂਰ ਝਰੈ’ ਸੁਰਿੰਦਰ ਸੋਹਲ ਦੀ ਅਜਿਹੀ ਕਾਵਿ-ਪੁਸਤਕ ਹੈ ਜੋ ਬਾਬੇ ਨਾਨਕ ਦੀਆਂ ਸਾਖੀਆਂ ਨੂੰ ਦੁਬਾਰਾ ਪੜ੍ਹਨ ਦੀ ਤਾਂਘ ਪੈਦਾ ਕਰਦੀ ਹੈ। ਉਹਨਾਂ ਅੰਦਰ ਛੁਪੀ ਰਮਜ਼ ਤੱਕ ਪਹੁੰਚਣ ਦਾ ’ਨੂਰੀ ਰਾਹ’ ਦਿਖਾਉਂਦੀ ਹੈ। ਅਸਲੋਂ ਹੀ ਵਿਲੱਖਣ ਅੰਦਾਜ਼ ਦੀ ਕਾਵਿ-ਪੁਸਤਕ ਦੀ ਆਮਦ ਨਾਲ ਪੰਜਾਬੀ ਕਵਿਤਾ ਦੇ ਇਤਿਹਾਸ ਵਿਚ ਤਾਂ ਗੁਣਾਤਮਕ ਵਾਧਾ ਹੋਇਆ ਹੀ ਹੈ, ’ਕੁਕਨੂਸ ਪ੍ਰਕ-ਾਸ਼ਨ’ ਦਾ ਮਾਣ ਵੀ ਵਧਿਆ ਹੈ।

**-ਰਜਿੰਦਰ ਬਿਮਲ**

## ਗ਼ਜ਼ਲ

ਖੁਸ਼ਕਿਸਮਤ ਹਾਂ ਗੁਰੂ ਨਾਨਕ, ਜਿਹਾ ਰਹਿਬਰ ਮਿਲਿਆ।
ਗੁਰਬਾਣੀ 'ਚੋਂ ਗਿਆਨ ਦਾ, ਮੈਨੂੰ ਸਾਗਰ ਮਿਲਿਆ।

ਚੜ੍ਹੀ ਰਹੇ ਦਿਨ ਰਾਤ ਖੁਮਾਰੀ, ਜਿਸਦੀ ਮੈਨੂੰ,
ਗੁਰੂ ਨਾਨਕ ਤੋਂ ਰਾਮ ਨਾਮ, ਰਤਨਾਗਰ ਮਿਲਿਆ।

ਜਿੱਥੇ ਰਹਿ ਕੇ ਗੁਰਸਿਖ, ਮਾਲਿਕ ਦੇ ਗੁਣ ਗਾਉਂਦੇ,
ਚੰਗੇ ਭਾਗ ਨੇ ਜੀਵਨ, ਦੇ ਵਿਚ ਸੋ ਦਰ ਮਿਲਿਆ।

ਜਦ ਮੈਂ ਧਿਆਨ ਲਗਾ ਕੇ, ਸੁਰਤ ਇਕਾਗਰ ਕੀਤੀ,
ਜੋ ਬ੍ਰਹਿਮੰਡੇ ਸੋਈ, ਪਿੰਡੇ ਅੰਦਰ ਮਿਲਿਆ।

ਹੋਰ ਬਹੁਤ ਕੁਛ ਮਿਲਿਆ, ਗਿਆਨੀ ਉਸ ਮਾਲਿਕ ਤੋਂ,
ਇਕ ਪਿਆਰਾ 'ਆਜ਼ਾਦ' ਜਿਹਾ, ਏ ਮਿੱਤਰ ਮਿਲਿਆ।

## ਗੁਰਬਾਣੀ ਇਸ ਜਗ ਮਹਿ ਚਾਨਣ

ਜਿਹੜੀ ਗ਼ਜ਼ਲ ਨੂੰ ਪੜ੍ਹਕੇ, ਮਨ ਨੂੰ ਆਤਮ ਗਿਆਨ ਨਾ ਹੋਇਆ,
ਉਸ ਗ਼ਜ਼ਲ ਨੂੰ ਲਿਖਣ ਲੱਗਿਆਂ, ਸਮਾਂ ਕਿਉਂ ਐਵੇਂ ਖੋਇਆ


ਐਸੀ ਗ਼ਜ਼ਲ ਲਿਖੋ ਜੋ ਪੜ੍ਹਕੇ ਮਨ ਵਿਚ ਹੋਵੇ ਚਾਨਣ
ਪੜ੍ਹਨ ਵਾਲੇ ਨੂੰ ਅਨੁਭਵ ਹੋਵੇ, ਨੂਰੋ ਨੂਰ ਮੈਂ ਹੋਇਆ।

ਨੂਰ ਤਾਂ ਸਭਦੇ ਅੰਦਰ ਹੈ ਪਰ ਭਰਮ ਦੇ ਪੈ ਗਏ ਪਰਦੇ
ਪੂਰੇ ਗੁਰ ਤੋਂ ਗਿਆਨ ਮਿਲੇ ਬਿਨ ਨੂਰ ਨਾ ਹਾਸਲ ਹੋਇਆ

ਮੂਸਾ ਨੂੰ ਤਾਂ ਨੂਰ ਦੇ ਦਰਸ਼ਨ, ਕੋਹਿਨੂਰ ਤੇ ਹੋਇ
ਪਰ ਗੁਰਬਾਣੀ ਇਹ ਦਸਦੀ ਹੈ, ਘਟ ਘਟ ਨੂਰ ਸਮੋਇਆ

ਮਨ ਨੂੰ ਜੋਤਿ ਸਰੂਪ ਹੈ ਬੀਬਾ ਆਪਣਾ ਮੂਲ ਪਛਾਣ
ਵਡਭਾਗੇ ਗੁਰਸਿਖਾਂ ਨੂੰ ਇਹ ਗਿਆਨ ਗੁਰੂ ਤੋਂ ਹੋਇਆ।

ਆਜ਼ਾਦ ਜਲੰਧਰੀ



ਗਿਆਨੀ ਜੰਗ ਸਿੰਘ

## ਸ੍ਰੀ ਗੁਰੂ ਨਾਨਕ ਦੇਵ ਜੀ

ਕਿਵੇਂ ਸਦੀਆਂ ਦੇ ਕਈ ਸਾਲੀ ਬੀਤੇ ਤੈਨੂੰ ਦੁਖੜੇ ਖੋਲ੍ਹ ਸੁਣਾਵਾਂ
ਕੁੱਲ ਦੁਨੀਆਂ ਸੀ ਤਾਰੀ ਤੇ ਤੈਨੂੰ ਦੱਸ ਕਿਵੇਂ ਭੁੱਲ ਜਾਵਾਂ
ਇੱਥੇ ਕੂੜ ਹੋਇਆ ਪ੍ਰਧਾਨ ਤੇ ਫਿਰਦੇ ਸੱਜਣ ਠੱਗ ਵਪਾਰੀ
ਬਾਬਾ ਜੀ ਤੇਰੇ ਦਰਬਨ ਨੂੰ ਦੁਨੀਆਂ ਲੱਭਦੀ ਫਿਰਦੀ ਸਾਰੀ।

ਤੇਰੇ ਦਿੱਤੇ ਹੋਏ ਉਪਦੇਸ਼ ਨੂੰ ਅੱਜ ਸਭ ਨੇ ਫੇਰ ਭੁਲਾਇਆ
ਉੱਤਰ ਦੱਖਣ ਆ ਕੇ ਵੇਖੀ ਕਿਵੇਂ ਜਾਣੂ ਟੂਣਾ ਚਲਾਇਆ
ਨਾ ਕਿਰਤ ਕਰਨ ਨਾ ਵੰਡ ਛਕੇ, ਇੱਥੇ ਥਾਂ-ਥਾਂ ਫਿਰਨ ਲਚਾਰੀ
ਬਾਬਾ ਜੀ ਤੇਰੇ ਦਰਸ਼ਨ ਨੂੰ ਦੁਨੀਆਂ ....

ਹਿੰਦੋਸਤਾਨ ਦੇ ਹੋ ਗਏ ਟੁਕੜੇ ਸਭ ਕੁਝ ਖੋਹ ਕੇ ਲੈ ਗਏ
ਪੰਜਾ ਤੇ ਨਨਕਾਣਾ ਸਾਹਿਬ ਸਾਡੇ ਸੁਪਨੇ ਬਣ ਕੇ ਰਹਿ ਗਏ
ਕੀਹਨੇ ਮੱਥਾ ਟੇਕਣ ਜਾਣਾ ਨਾ ਕੋਈ ਮਿਲਦੀ ਹੈ ਰਾਹਦਾਰੀ
ਬਾਬਾ ਜੀ ਤੇਰੇ ਦਰਸ਼ਨ ਨੂੰ ਦੁਨੀਆਂ ....

ਥੋੜ੍ਹੇ ਬਹੁਤ ਜਗਾ ਕੇ ਦੀਵੇ ਤੇਰੀ ਰਹਿੰਦੇ ਅਲਖ ਜਗਾਉਂਦੇ
ਭਰ ਦਿੰਦੇ ਅਖਬਾਰਾਂ ਤੇ ਆਪਣਾ ਬਿਜਨਸ ਖੂਬ ਚਲਾਉਂਦੇ
ਉਤੋਂ ਫੋਕੀਆਂ ਦੇਣ ਵਧਾਈਆਂ ਤੇ ਪੂਰੀ ਕਰਦੇ ਖਾਤਰਦਾਰੀ
ਬਾਬਾ ਜੀ ਤੇਰੇ ਦਰਸ਼ਨ ਨੂੰ ਦੁਨੀਆਂ ....

ਬੱਸ ਚਾਰੇ ਕੂਟ ਹਨੇਰਾ ਤੇ ਤੈਨੂੰ ਸੌ ਦੀ ਇਕ ਸੁਣਾਵਾਂ
ਗਰੀਬ ਤਰਸਦੇ ਰੋਟੀ ਨੂੰ ਤੇ ਕੁੱਤੇ ਖਾਂਦੇ ਖੀਰ ਵਿਖਾਵਾਂ
ਦੱਸੇ 'ਦੇਵ ਘੋਲੀਏ' ਵਾਲਾ ਹਰ ਕੋਈ ਬਣਿਆ ਫਿਰੇ ਹੰਕਾਰੀ
ਬਾਬਾ ਜੀ ਤੇਰੇ ਦਰਸ਼ਨ ਨੂੰ
ਦੁਨੀਆਂ ਲੱਭਦੀ ਫਿਰਦੀ ਸਾਰੀ।



**– ਦੇਵ ਘੋਲੀਆ ਖੁਰਦ**
**(ਫਰਿਜ਼ਨੋ)**
559-232-7764

## ਲਾਂਘੇ ਦਾ ਕ੍ਰੈਡਿਟ ਕਿਸਨੂੰ ?

ਦਰਸ਼ਨ ਕਰਨ ਲਈ ਸ੍ਰੀ ਕਰਤਾਰ ਪੁਰ ਦੇ

ਵਰ੍ਹੇ ਬੀਤ ਗਏ ਜੋਦੜੀਆਂ ਕਰਦਿਆਂ ਨੂੰ।

ਪੂਰਾ ਹੋਣਾ ਨ੍ਹੀ ਸੁਪਨਾ ਇਉਂ ਜਾਪਦਾ ਸੀ

ਛਾਈ ਆਪਸੀ ਤਲਖੀ ਤੋਂ ਡਰਦਿਆਂ ਨੂੰ।

ਜੱਫੀ ਸਿੱਧੂ ਦੀ ਦੇਖ ਨਿਹਾਲ ਹੋ ਗਈ

ਹਾਮੀ ਹਾਕਮਾਂ ਦੋਹਾਂ ਹੀ ਭਰਦਿਆਂ ਨੂੰ।

ਸੱਚ ਏਹੀ ਐ ਲਾਂਘੇ ਦੀ ਪ੍ਰਾਪਤੀ ਦਾ

ਬਾਕੀ ਪਾੜੀਏ ਕੁਫਰ ਦੇ ਪਰਦਿਆਂ ਨੂੰ।

ਪੱਠੇ ਆਪਦੀ ਹਉਮੈਂ ਨੂੰ ਪਾਉਣ ਵਾਲ਼ੇ

ਵਾਂਗੂ ਬੱਕਰੀ 'ਮੈਂ ਮੈਂ ਮੈਂ' ਕਰੀ ਜਾਂਦੇ।

ਲਾਂਘਾ ਖੋਲ੍ਹ 'ਤਾ ਦੋਂਹਾਂ ਖਿਡ਼ਾਰੀਆਂ ਨੇ

ਸਿਹਰਾ ਲੈਣ ਲਈ ਐਂਵੇਂ ਕਈ ਅੜੀ ਜਾਂਦੇ !



**-ਤਰਲੋਚਨ ਸਿੰਘ**
**'ਦੁਪਾਲ ਪੁਰ'**
001-408-915-1268

'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com, www.ambedkartimes.com

## ਮਿੰਨੀ ਕਹਾਣੀ/ ਦਿਨ ਦਾ ਹਨੇਰਾ

"ਪੁੱਤ, ਘਰੇ ਹਨੇਰਾ ਕਰੀ ਬੈਠੇ ਹੋ ?ਦੀਵਾਲੀ ਹੈ, ਹੱਸੋ-ਖੇਡੋ,ਖੁਸ਼ੀਆਂ ਮਨਾਓ।ਦੀਵੇ ਜਗਾਓ,ਦੀਵਿਆਂ ਦੇ ਚਾਨਣ ਨੇ ਰਾਤ ਦਾ ਹਨੇਰਾ ਭਜਾ ਦੇਣਾ।" ਮੈਂ ਆਪਣੇ ਦੋਸਤਾਂ ਕੋਲੋਂ ਬੈਠਾ ਜਦੋਂ ਘਰ ਆਇਆ ਤਾਂ ਸ਼ਾਮ ਡੂੰਘੀ ਹੋ ਚੱਲੀ ਸੀ।ਮੁੰਡੇ ਨੂੰ ਮੋਬਾਇਲ ਲਈ ਬੈਠਿਆਂ ਵੇਖ ਉਤਸਾਹਿਤ ਕਰਨ ਲਈ ਖੁਸ਼ੀ ਭਰੇ ਮੂਡ ਵਿੱਚ ਕਿਹਾ। "ਪਾਪਾ, ਰਾਤ ਦਾ ਹਨੇਰਾ ਤਾਂ ਦੀਵੇ ਜਗਾ ਦੂਰ ਕਰ ਲਵਾਂਗੇ, ਕੱਲ੍ਹ ਦਿਨ ਦੇ ਹਨੇਰੇ ਦਾ ਕੀ ਕਰਾਂਗੇ।ਪਰਾਲੀ ਦੇ ਧੂੰਏਂ ਵਿਚੋਂ ਸੂਰਜ ਦੀ ਬੇਵੱਸ ਜਿਹੀ ਦਿਸਦੀ ਟਿੱਕੀ,ਕੱਲ੍ਹ ਬਰੂਦ ਦੇ ਧੂੰਏਂ ਬਾਅਦ ਸ਼ਾਇਦ ਦਿਸੇ ਵੀ ਨਾ।" ਭਵਿੱਖ ਦੀ ਚਿੰਤਾ ਬੱਚੇ ਦੇ ਚਿਹਰੇ ਉੱਤੇ ਸਪੱਸ਼ਟ ਦਿਖ ਰਹੀ ਸੀ ਪਰ ਮੇਰੇ ਕੋਲ ਚੁੱਪ ਤੋਂ ਬਿਨਾਂ ਕੋਈ ਜਵਾਬ ਨਹੀਂ ਸੀ।

**– ਗੁਰਮੀਤ ਸਿੰਘ ਮਰਾੜ੍ਹ**
9501400397

# ਲੋਕ ਸਾਹਿਤ ਸੰਗਮ ਦੀ ਹੋਈ

**ਰਾਜਪੁਰਾ (ਡਾ ਗੁਰਵਿੰਦਰ ਅਮਨ)–** ਲੋਕ ਸਾਹਿਤ ਸੰਗਮ ਦੀ ਸਾਹਿਤਕ ਬੈਠਕ ਰੋਟਰੀ ਕਲੱਬ ਵਿਖੇ ਸੰਪਨ ਹੋਈ। ਜਿਸ ਵਿਚ ਸਭਾ ਦਾ ਆਗਾਜ਼ ਕਰਮ ਸਿੰਘ ਹਕੀਰ ਨੇ 'ਪੁਸਤਕ ਕਰੇ ਪੁਕਾਰ ਸੁਣਾਕੇ ਕੀਤਾ। ਬਚਨ ਸਿੰਘ ਬਚਨ ਸੋਢੀ ਨੇ ਕਵਾਲੀ ਸੁਣਾਕੇ ਮਾਹੌਲ ਸਿਰਜਿਆ। ਅਵਤਾਰ ਪੁਆਰ ਦੀ ਗ਼ਜ਼ਲ ਹਨੇ੍ਰਿਆਂ ਦੇ ਵਿਚ ਵੰਡਦਾ ਚਾਨਣ ਦੀ ਸੌਗਾਤ ਨੂੰ ਸੁਣਾਕੇ ਵਧੀਆ ਰੰਗ ਬੰਨਿਆ। ਅੰਗਰੇਜ ਕਲੇਰ ਨੇ ਸੋਚਾਂ ਦੇ ਫੁੱਲ ਚੁਗਦੀਆਂ ਚੜਦੀ ਨਵੀਂ ਸਵੇਰ ਹੈ ਅਤੇ ਜਾਨੀ ਜੀਰਕਪੁਰੀਆ ਨੇ ਆਪਣਾ ਰਿਕਾਰਡ ਹੋਇਆ ਗੀਤ ਅੱਗ ਲਾਕੇ ਫੂੱਕਓ ਨਾ ਪਰਾਲੀਆਂ ਸੁਣਾਕੇ ਫੈਲ ਰਹੇ ਪ੍ਰਦੂਸ਼ਣ ਨੂੰ ਰੋਕਣ ਦੇ ਉਪਰਾਲੇ ਨੂੰ ਸੰਦੇਸ਼ ਦਿੱਤਾ। ਸੰਗਮ ਦੇ ਪ੍ਰਧਾਨ ਡਾ ਗੁਰਵਿੰਦਰ ਅਮਨ ਨੇ ਭਾਵਕੁਤਾ ਭਰਪੂਰ ਗੁਰੂ ਨਾਨਕ ਦੇਵ ਜੀ ਦੇ ਜਨਮ ਸ਼ਤਾਬਦੀ



ਨੂੰ ਸਮਰਪਿਤ ਆਪਣਾ ਲੇਖ ਸੁਣਾਇਆ। ਕੁਲਵੰਤ ਜੱਸਲ ਨੇ ਗੀਤ ਲੋਕ ਤੱਥ ਸੁਣਾਕੇ ਮਾਹੌਲ ਨੂੰ ਸ਼ਿਖਰਾਂ ਤੇ ਪਹੁੰਚਾ ਦਿੱਤਾ। ਤਜਿੰਦਰ ਸਿੰਘ ਅਣਜਾਣਾ ਪਟਿਆਲਾ ਨੇ ਗੀਤ ਜੇ ਤਿਣਕੇ ਦਾ ਡੁੱਬਦੇ ਨੂੰ ਸਹਾਰਾ ਹੀ ਨਹੀਂ ਕੋਈ ,ਅਤੇ ਪ੍ਰੋ ਭੁਪਿੰਦਰ ਸ਼ਾਹੀ ਨੇ ਅੱਜ ਇਥੇ ਨਾਨਕ ਨਹੀਂ ਸੁਣਾਕੇ ਪ੍ਰਪੱਕਤਾ ਦਾ ਸਬੂਤ ਦਿੱਤਾ। ਗੁਰਵਿੰਦਰ ਆਜ਼ਾਦ ਨੇ ਗੀਤ ਅਤੇ ਸੁਰਿੰਦਰ ਸਿੰਘ ਸੋਹਣਾ ਰਾਜੇਮਾਜਰੀਆ ਦਾ ਗੀਤ ਤੈਨੂੰ ਮੰਨਦੇ ਹਾਂ ਬਾਬਾ ਪਰ ਮੰਨਦੇ ਦਾ ਤੇਰੀ ਸੁਣਾਇਆ। ਜੀ ਪੀ ਸਿੰਘ ਰਾਏਜਾਦਾ ਦੇ ਸ਼ੇਅਰ ਕਾਬਲੇ ਤਾਰੀਫ ਸਨ। ਭੀਮ ਸੈਨ ਝੂਲੇ ਲਾਲ ,ਅਮਰਜੀਤ ਸਿੰਘ ਲੁਬਾਣਾ, ਪ੍ਰੋ ਸ਼ਤਰੂਘਨ ਗੁਪਤਾ, ਜਮਨਾ ਪ੍ਰਕਾਸ਼ ਨਾਚੀਜ਼, ਸਰਬਜੀਤ ਕੌਰ ਅਣਜਾਣਾ ਨੇ ਆਪਣੇ ਕਲਾਮ ਪੇਸ਼ ਕੀਤੇ। ਬਲਦੇਵ ਸਿੰਘ ਖੁਰਾਣਾ ਨੇ ਜਿੱਥੇ ਆਪਣੇ ਵਿਅੰਗਮਈ ਰਚਨਾ ਸਾਂਝੀ ਕੀਤੀ ਉੱਥੇ ਸਟੇਜ ਦੀ ਕਾਰਵਾਈ ਬਖੂਬੀ ਨਾਲ ਨਿਭਾਈ।

# ਗੁਮਨਾਮ ਹਨੇਰੇ ਵਿੱਚ ਪੰਜਾਬੀ ਕਲਾਕਾਰ, "ਸਤੀਸ਼ ਕੋਲ"

ਸੱਸੀ ਪੁੰਨੂੰ, ਪਟੋਲਾ, ਹੱਤਿਆ, ਜਨਮ- ਜਨਮ ਵਰਗੀਆਂ ਹਿੱਟ ਫਿਲਮਾਂ ਸਾਡੀ ਪੰਜਾਬੀ ਇੰਡਸਟਰੀ ਦੀ ਝੋਲੀ ਪਾਉਣ ਵਾਲੇ ਮਹਾਨ ਕਲਾਕਾਰ ਸਤੀਸ਼ ਕੋਲ ਅੱਜ ਇਸ ਫਿਲਮੀ ਦੁਨੀਆ ਤੋਂ ਦੂਰ ਇਕ ਗੁਮਨਾਮ ਹਨੇਰੇ ਵਿੱਚ ਆਪਣੀ ਜਿੰਦਗੀ ਬੀਤਾ ਰਹੇ ਹਨ। 1970 ਤੋਂ ਆਪਣਾ ਫਿਲਮੀ ਸਫਰ ਸ਼ੁਰੂ ਕਰਨ ਵਾਲੇ ਸਤੀਸ਼ ਕੋਲ ਜੀ ਨੇ ਸਾਨੂੰ ਤੇ ਇਸ ਪੰਜਾਬੀ ਫਿਲਮੀ ਦੁਨਿਆ ਨੂੰ ਘੱਟੋ-ਘੱਟ 300 ਫਿਲਮਾਂ ਦੇ ਕੇ ਸਾਡੇ ਪੰਜਾਬ ਦਾ ਨਾਂ ਰੋਸ਼ਨ ਕੀਤਾ।

ਇੱਕ ਨਯੂਜ਼ ਚੈਣਲ ਵੱਲੋ ਲਿੱਤੀ ਇੰਟਰਵਿਊ ਵਿੱਚ ਜੱਦ ਮੈਂ ਸਤੀਸ਼ ਕੋਲ ਜੀ ਦੀ ਜਿੰਦਗੀ ਦੀ ਕਹਾਣੀ ਨੂੰ ਸੁਣਿਆ ਤਾਂ ਮਨ ਬਹੁਤ ਦੁੱਖੀ ਹੋਈਆ ਕਿ ਕਿਵੇਂ ਇਕ ਮਹਾਨ ਕਲਾਕਾਰ ਰਹਿ ਚੁੱਕੇ ਸਤੀਸ਼ ਜੀ ਅੱਜ ਕਿਸ ਹਾਲਤ ਵਿੱਚ ਆਪਣੀ ਜਿੰਦਗੀ ਜੀ ਰਹੇ ਹਨ ਪਰ ਮੇਰਾ ਮਨ ਉਸ ਵੇਲੇ ਵੱਧ ਦੁੱਖਿਆ ਜਦ ਉਨ੍ਹਾਂ ਦਵਾਰਾ ਇਹ ਪਤਾ ਲੱਗਾ ਕਿ ਉਨ੍ਹਾਂ ਦੀ ਹਾਲਤ ਦੀ ਸਾਰ ਲੈਣ ਜਾਂ ਫੇਰ ਉਨ੍ਹਾਂ ਦੀ ਮਦਦ ਕਰਨ ਕਿਸੇ ਵੀ ਕਲਾਕਾਰ ਦੇ ਕਦਮ ਅੱਗੇ ਨਹੀ ਵਧੇ।

ਦੇਵ ਆਂਨਦ, ਦਿਲੀਪ ਕੁਮਾਰ ਜੀ ਤੇ ਹੋਰਨਾਂ ਕਲਾਕਾਰਾਂ ਨਾਲ ਕੰਮ ਕਰ ਚੁੱਕੇ ਸਤੀਸ਼ ਜੀ ਪੰਜਾਬੀ ਫਿਲਮੀ ਦੁਨੀਆ ਦੇ ਅਮਿਤਾਭ ਬੱਚਨ ਅਖਵਾਉਂਦੇ ਸੀ। 50 - 50 ਹਫਤਿਆਂ ਤੋਂ ਵੱਧ ਸਿਨੇਮਾ ਘਰਾਂ ਵਿੱਚ ਉਨ੍ਹਾਂ ਦੀਆਂ ਫਿਲਮਾਂ ਰਾਜ ਕਰਦੀਆਂ ਸੀ, ਹਰ ਇਕ ਕੁੜੀ, ਹਰ ਇੱਕ ਮੁੰਡਾ ਉਨ੍ਹਾਂ ਦਾ ਦੀਵਾਨਾ ਸੀ ਜਦ ਕਿ ਜੇਕਰ ਅੱਜ ਵੀ ਪੰਜਾਬ ਦੇ ਮਹਾਨ ਕਲਾਕਾਰਾਂ ਦੀ ਗੱਲ ਕੀਤੀ ਜਾਵੇ ਤਾਂ ਉਨ੍ਹਾਂ ਦਾ ਨਾਂ ਆਪੋ ਆਪਣੇ ਜ਼ੁਬਾਨ ਤੇ ਆ ਜਾਂਦਾ ਹੈ। ਪੰਜਾਬੀ ਫਿਲਮੀ ਦੁਣਿਆ ਨੂੰ ਆਪਣੀ ਜਿੰਦਗੀ ਦੇ 22 ਸਾਲ ਦੇਣ ਵਾਲੇ ਸਤੀਸ਼ ਜੀ ਦੀ ਜਿੰਦਗੀ ਦੀ ਗੱਡੀ ਉਸ ਦਿਨ ਖੜ੍ਹੀ ਹੋ ਗਈ ਜਦ ਉਨ੍ਹਾਂ ਦਾ ਪੈਰ ਤਿਲਕਣ ਕਾਰਣ ਉਨ੍ਹਾਂ ਦਾ ਚੂੱਲ੍ਹਾ ਟੁੱਟ ਗਿਆ ਤੇ ਤਕਰੀਬਨ ਢਾਈ ਸਾਲ ਉਨ੍ਹਾਂ ਨੂੰ ਬੈਡ ਤੇ ਕੱਟਣੇ ਪਏ।





ਹਰ ਇੱਕ ਦੀ ਜਿੰਦਗੀ ਵਿੱਚ ਕਦੇ ਨਾ ਕਦੇ ਅਜਿਹਾ ਵਕਤ ਜਰੂਰ ਆਉਂਦਾ ਹੈ ਜੋ ਉਸ ਨੂੰ ਖਤਮ ਕਰ ਦਿੰਦਾ ਹੈ ਪਰ ਇਸ ਦਾ ਅਰਥ ਇਹ ਨਹੀਂ ਹੈ ਕਿ ਉਸ ਬੰਦੇ ਦਾ ਸਾਥ ਛੱਡ ਦਿੱਤਾ ਜਾਵੇ। ਇੰਟਰਵਿਊ ਸੁਣਦੇ ਹੋਏ ਇਹ ਵੀ ਜਾਨਕਾਰੀ ਮਿਲੀ ਕਿ 2016 ਵਿੱਚ ਅਨਿਲ ਭਾਰਤੀ ਜੀ ਨੇ ਉਨ੍ਹਾਂ ਦੀ ਦੇਖਭਾਲ ਕਰਨੀ ਸ਼ੁਰੂ ਕੀਤੀ। ਫਿਲਮੀ ਦੁਨੀਆ ਉੱਤੇ ਰਾਜ ਕਰਣ ਵਾਲੇ ਸਤੀਸ਼ ਕੋਲ ਜੀ ਅੱਜ ਇੱਕਲੇ ਲੁਧਿਆਣਾ ਦੇ ਕਿਸੇ ਆਸ਼ਰਮ ਵਿੱਚ ਰਹਿ ਰਹੇ ਹਨ ਜਿੱਥੇ ਉਨ੍ਹਾਂ ਦੀ ਪੂਰੀ ਪੂਰੀ ਦੇਖਭਾਲ ਕੀਤੀ ਜਾ ਰਹੀ ਹੈ।

ਕ ੀ ਫਾਇਦਾ ਇੱਕ ਕਲਾਕਾਰ ਨੂੰ ਅਜਿਹੇ ਵੱਡੇ ਵੱਡੇ ਅਵਾਰਡ ਦੇਣ ਦਾ ਜਦ ਸਾਡੀ ਸਰਕਾਰ ਜਾਂ ਹੋਰ ਸੰ-ਸਥਾਵਾਂ ਹੀ ਅੱਗੇ ਨਹੀ ਆਉਦੀਆਂ। ਸਰਕਾਰ ਨੂੰ ਇਨ੍ਹਾਂ ਕਲਾਕਾਰਾਂ ਲਈ ਵੀ ਇੱਕ ਸੰਸਥਾ ਬਣਾਉਣੀ ਚਾਹੀਦੀ ਹੈ ਜਿੱਥੇ ਬੀਮਾਰ ਜਾ ਬੇਸਹ-ਾਰਾ ਕਲਾਕਾਰਾਂ ਦੀ ਮਦਦ ਕੀਤੀ ਜਾ ਸਕੇ। ਪਰ ਇਹ ਵੀ ਹੈ ਕਿ ਸਤੀਸ਼ ਜੀ ਦੀ ਹਾਲਤ ਤੋਂ ਇੱਕ ਸੀਖ ਜਰੂਰ ਮਿਲਦੀ ਹੈ ਕਿ ਇਹ ਸਾਰੀ ਦੁਨੀਆ ਪੈਸੇ ਦੀ ਹੈ ਜੇ ਤੁਹਾਡੇ ਕੋਲ ਅੱਜ ਪੈਸਾ ਹੈ ਤਾਂ ਸਾਰੀ ਦੁਨੀਆ ਤੁਹਾਨੂੰ ਬੁਲਾਵੇਗੀ ਪਰ ਜੇਕਰ ਕੱਲ ਤੁਹਾਡੇ ਕੋਲ ਇਹ ਮਾਇਆ ਦਾ ਰੂਪ ਨਹੀ ਰਹਿੰਦਾ ਤਾਂ ਸਾਰੇ ਤੁਹਾਨੂੰ ਪਛਾਨਣ ਤੋਂ ਵੀ ਇਨਕਾਰ ਕਰ ਦੇਣਗੇ। ਇੰਟਰਵਿਊ ਵਿੱਚ ਜਦ ਸਤੀਸ਼ ਜੀ ਤੋਂ ਇਹ ਸਵਾਲ ਪੁੱਛਿਆ ਗਿਆ ਕਿ ਉਨ੍ਹਾਂ ਦੀ ਜਿੰਦਗੀ ਕਿਹੋ ਜਿਹੀ ਜਾ ਰਹੀ ਹੈ ਤੱਦ ਵੀ ਉਨ੍ਹਾਂ ਦਾ ਉੱਤਰ ਇਹ ਹੀ ਸੀ ਕਿ ਉਹ ਖੁਸ਼ ਹਨ ਤੇ ਇਸ ਤੋ ਵੀ ਸਾਨੂੰ ਇਹ ਹੀ ਸੀਖ ਮਿਲਦੀ ਹੈ ਕਿ ਸਾਨੂੰ ਹਰ ਹਾਲਾਤ ਵਿੱਚ ਜਿੰਦਾ ਦਿੱਲ ਰਹਿਣ ਚਾਹੀਦਾ ਹੈ।

19 ਵੀਂ ਸਦੀ ਦੇ ਸਿਤਾਰਾ ਰਹਿ ਚੁੱਕੇ ਸਤੀਸ਼ ਕੋਲ ਜੀ ਦੇ ਉਨ੍ਹਾਂ ਸਾਰੀਆਂ ਦੋਸਤਾਂ ਤੇ ਕਲਾਕਾਰਾਂ ਨੇ ਸਾਥ ਛੱਡ ਦਿੱਤਾ ਜਦ ਕਿ ਉਨ੍ਹਾਂ ਦਾ ਹਾਲ ਚਾਲ ਪੁੱਛਣ ਤੋਂ ਵੀ ਉਹ ਪਿੱਛ ਹੱਟ ਗਏ ਪਰ ਕਹਿੰਦੇ ਨੇ ਰੱਬ ਕਿਸੇ ਵੀ ਬੰਦੇ ਨੂੰ ਕੱਲਾ ਨਹੀ ਛੱਡਦਾ ਤੇ ਅਜਿਹਾ ਹੀ ਸਤੀਸ਼ ਜੀ ਦੇ ਨਾਲ ਹੋਈਆ ਕੋਈ ਨਾ ਕੋਈ ਸੰਸਥਾ ਨੇ ਉਨ੍ਹਾਂ ਦਾ ਹੱਥ ਫੜ ਹੀ ਲਿਆ।

ਫਿਲਮੀ ਦੁਣਿਆ ਦੀ ਇੱਕ ਕੋੜੀ ਸੱਚਾਈ ਇਹ ਹੈ ਕਿ ਇਹ ਦੁਨਿਆ ਇੱਕ ਗੱਡੀ ਵਾਂਗ ਹੈ ਤੇ ਜੇ ਤੁਸੀ ਉਸ ਗੱਡੀ ਵਿੱਚ ਸਵਾਰ ਰਹੋਗੇ ਤਾਂ ਬਹੁਤ ਸਾਰੇ ਮੁਸਾਫਰਾਂ ਨਾਲ ਤੁਹਾਡਾ ਟਾਕਰਾ ਹੋਵੇਗਾ ਪਰ ਜੇ ਤੁਸੀ ਇਸ ਗੱਡੀ ਤੋਂ ਉਤਰ ਦਾਂਦੇ ਹੋ ਤਾਂ ਤੁਹਾਨੂੰ ਕੋਈ ਵੀ ਨਹੀ ਬੁਲਾਵੇਗਾ। ਪਰ ਸਤੀਸ਼ ਜੀ ਜਿਸ ਮਰਜੀ ਹਾਲਤ ਵਿੱਚ ਹੋਣ ਉਹਨਾਂ ਦਾ ਨਾਂ ਹਮੇਸ਼ਾ ਹੀ ਸਾਡੀ ਜੁਬਾਣ ਤੇ ਰਹਿੰਦਾ ਹੈ ਕਿਉਂਕਿ ਉਹ ਪੰਜਾਬੀ ਫਿਲਮਾਂ ਦੇ ਮਹਾਨ ਕਲਾਕਾਰ ਹੋਣ ਦੇ ਨਾਲ ਨਾਲ ਇਕ ਜਿੰਦਾ ਦਿੱਲ ਇਨਸਾਨ ਵੀ ਹਨ।

**ਜਾਨਵੀ ਬਿੱਠਲ** (91-97819-29714)


ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣੁ ਹੋਆ॥
੧ਓ
550ਵੇਂ
ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਦੀਆਂ ਵਧਾਈਆਂ
November 24, 2019, Sunday
ਗੁਰੂ ਨਾਨਕ ਸਿੱਖ ਟੈਂਪਲ, ਫੇਅਰਫੀਲਡ
ਸਮੂਹ ਸਾਧ ਸੰਗਤ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਪਹਿਲੇ ਪਾਤਸ਼ਾਹ ਧੰਨ-ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲ ਗੁਰਪੁਰਬ ਦੀ ਖੁਸ਼ੀ ਵਿਚ 24 ਨਵੰਬਰ, 2019, ਦਿਨ ਐਤਵਾਰ ਨੂੰ ਗੁਰਦੁਆਰਾ ਸਾਹਿਬ ਗੁਰੂ ਨਾਨਕ ਸਿੱਖ ਟੈਂਪਲ, ਫੇਅਰਫੀਲਡ ਵਿਖੇ ਬੜੀ ਹੀ ਸ਼ਰਧਾਪੂਰਵਕ ਮਨਾਇਆ ਜਾ ਰਿਹਾ ਹੈ। ਇਸ ਦੌਰਾਨ ਸਮੂਹ ਸੰਗਤ ਨੂੰ ਬੇਨਤੀ ਹੈ ਕਿ ਗੁਰੂ ਘਰ 'ਚ ਪਰਿਵਾਰਾਂ ਸਮੇਤ ਪਹੁੰਚੋ ਤੇ ਸੇਵਾਵਾਂ ਕਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।
Heartiest congratulations to all Sadh Sangat from Guru Nanak Sikh Temple on this auspicious day. Please join us in Celebrating Guru Nanak Dev Ji 550 Years Birthday on Sunday the 24th November 2019 and as per the program below.
ਪ੍ਰੋਗਰਾਮ
ਆਰੰਭ ਸ੍ਰੀ ਅਖੰਡ ਪਾਠ ਸਾਹਿਬ 22 ਨਵੰਬਰ, ਦਿਨ ਸ਼ੁੱਕਰਵਾਰ 2019, (ਸਵੇਰੇ 10.00 ਵਜੇ)
ਨਿਸ਼ਾਨ ਸਾਹਿਬ ਦੀ ਸੇਵਾ 24 ਨਵੰਬਰ, ਦਿਨ ਐਤਵਾਰ (ਸਵੇਰੇ 8.00 ਵਜੇ)
ਭੋਗ ਸ੍ਰੀ ਅਖੰਡ ਪਾਠ ਸਾਹਿਬ 24 ਨਵੰਬਰ, ਦਿਨ ਐਤਵਾਰ 2019 (ਸਵੇਰੇ 10.00 ਵਜੇ)
ਉਪਰੰਤ ਧਾਰਮਿਕ ਦੀਵਾਨ ਸਜਣਗੇ।
ਸ਼ੁਕਰਵਾਰ 22 ਨਵੰਬਰ ਅਤੇ ਸ਼ਨਿੱਚਰਵਾਰ 23 ਨਵੰਬਰ ਸ਼ਾਮ ਨੂੰ 5 ਵਜੇ ਤੋਂ 8 ਵਜੇ ਤੱਕ ਕੀਰਤਨ ਹੋਵੇਗਾ।
ਪਹੁੰਚ ਰਹੇ ਜੱਥੇ
• ਕੀਰਤਨ ਹਜ਼ੂਰੀ ਜੱਥਾ ਭਾਈ ਅਜੀਤ ਸਿੰਘ, ਭਾਈ ਸੁਰਿੰਦਰ ਸਿੰਘ, ਭਾਈ ਹਰਦੀਪ ਸਿੰਘ, ਭਾਈ ਤੇਜਿੰਦਰ ਸਿੰਘ ਅਤੇ ਭਾਈ ਮਨਦੀਪ ਸਿੰਘ
• ਸ਼ਨੀਵਾਰ ਅਤੇ ਐਤਵਾਰ : ਭਾਈ ਇੰਦਰਜੀਤ ਸਿੰਘ ਖਾਲਸਾ, ਭਾਈ ਤਾਜਵਿੰਦਰ ਸਿੰਘ ਹਜ਼ੂਰੀ ਜੱਥਾ ਹਰਿਮੰਦਰ ਸਾਹਿਬ ਵਾਲੇ
• ਬੱਚਿਆਂ ਲਈ ਸਪੈਸ਼ਲ ਝੂਲੇ ਹੋਣਗੇ। (Jumper etc.)
• ਇਲਾਕੇ ਦੇ ਰੈਸਟੋਰੈਂਟਾਂ ਵੱਲੋਂ ਅਤੁੱਟ ਲੰਗਰ ਲਗਾਏ ਜਾਣਗੇ।
• ਜਿਨ੍ਹਾਂ 'ਚ ਗੁਰੂ ਦਾ ਲੰਗਰ, ਗੋਲ ਗੱਪੇ, ਆਲੂ-ਟਿੱਕੀ, ਪਕੌੜੇ, ਛੋਲੇ-ਭਟੂਰੇ, ਜਲੇਬੀਆਂ ਤੇ ਪੀਜ਼ਾ ਵਗੈਰਾ ਦੇ ਅਤੁੱਟ ਲੰਗਰਾਂ ਦੀ ਸੇਵਾ ਹੋਵੇਗੀ।
• ਬਲੱਡ ਡੋਨੇਸ਼ਨ ਕੈਂਪ ਅਤੇ ਮੈਡੀਕਲ ਕੈਂਪ ਵੀ ਲੱਗਣਗੇ।
• ਪ੍ਰੋਗਰਾਮ ਬਾਹਰ ਗਰਾਊਂਡ ਵਿਚ ਹੋਵੇਗਾ।
Designed By Punjab Mail USA
GURU NANAK SIKH TEMPLE FAIRFIELD, CALIFORNIA
G.N.S.T. Management Committee, Fairfield
2948 Rockville Rd, Fairfield, CA 94534, Ph.: (707)-421-0707
www.sikhtemple.com







# ਪਹਿਲੀ ਪਾਤਸ਼ਾਹੀ ਸਤਿਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ 15, 16, 17 ਨਵੰਬਰ ਨੂੰ ਮਨਾਇਆ ਜਾਵੇਗਾ

ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਦਿਹਾੜਾ 15, 16 ਅਤੇ 17 ਨਵੰਬਰ 2019 ਨੂੰ ਪੂਰੀ ਸ਼ਰਧਾ ਅਤੇ ਉਤਸ਼ਾਹ ਨਾਲ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਮਨਾਉਣ ਜਾ ਰਹੀ ਹੈ।

## ਪ੍ਰੋਗਰਾਮਾਂ ਦਾ ਵੇਰਵਾ

ਆਰੰਭ ਸ੍ਰੀ ਅਖੰਡ ਪਾਠ ਸਾਹਿਬ
15 ਨਵੰਬਰ 2019 ਦਿਨ ਸ਼ੁੱਕਰਵਾਰ ਨੂੰ ਸਵੇਰੇ 10 ਵਜੇ
ਪਾਠ ਦੇ ਭੋਗ 17 ਨਵੰਬਰ 2019 ਨੂੰ ਪਾਏ ਜਾਣਗੇ।

ਇਸ ਤੋਂ ਉਪਰੰਤ ਪੰਥ ਪ੍ਰਸਿੱਧ ਰਾਗੀ, ਢਾਡੀ, ਕਥਾਵਾਚਕ ਗੁਰਬਾਣੀ ਨਾਲ ਸੰਗਤ ਨੂੰ ਜੋੜਨਗੇ ਅਤੇ ਬੁਲਾਰੇ ਆਪਣੇ ਵਿਚਾਰ ਰੱਖਣਗੇ। ਸਮਾਗਮ ਦੌਰਾਨ ਲੰਗਰ ਅਤੇ ਪਾਠ ਦੀ ਸੇਵਾ ਭਾਈ ਵਰਿੰਦਰ ਕੁਮਾਰ ਸੁਧੀਰ ਅਤੇ ਉਹਨਾਂ ਦੇ ਪਰਿਵਾਰ ਵੱਲੋਂ ਕੀਤੀ ਜਾਵੇਗੀ।






# SHRI GURU RAVIDASS SABHA (CA)

## 2150 Crestview Drive, Pittsburg CA 94565

## Tel : (925) 439-2355